# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਐਮ. ਏ. (ਪੰਜਾਬੀ) ਭਾਗ ਦੂਜਾ ਸਮੈਸਟਰ ਚੌਥਾ

ਪੇਪਰ : ਤੀਜਾ (ਆਪਸ਼ਨ ਪਹਿਲੀ) (ਗੁਰਮਤਿ ਕਾਵਿ) ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1 : ਫ਼ਰੀਦ ਬਾਣੀ ਦੀ ਪ੍ਰਮਾਣਿਕਤਾ

2.2 : ਫ਼ਰੀਦ ਬਾਣੀ ਦੀ ਅਧਿਆਤਮਿਕ ਵਿਚਾਰਧਾਰਾ

2.3 : ਫ਼ਰੀਦ ਬਾਣੀ ਵਿਚ ਸੂਫ਼ੀ-ਤੱਤ

2.4 : ਫ਼ਰੀਦ ਦਾ ਰਹੱਸਵਾਦ

2.5 : ਫ਼ਰੀਦ ਬਾਣੀ ਵਿਚ ਨਾਸ਼ਮਾਨਤਾ ਦਾ ਸੰਕਲਪ

2.6 : ਫ਼ਰੀਦ ਜੀ ਦੀ ਕਲਾ ਤੇ ਭਾਸ਼ਾ

2.7 : ਸੂਫ਼ੀ ਕਵਿਤਾ ਵਿਚ ਫ਼ਰੀਦ ਦਾ ਸਥਾਨ

2.8 : ਭਗਤ ਰਵਿਦਾਸ ਦੀ ਬਾਣੀ ਦਾ ਕਲਾ ਪੱਖ

2.9 : ਭਗਤ ਨਾਮਦੇਵ ਜੀ


**_Department website : www.pbidde.org_**

ਪਾਠ ਨੰਬਰ : 2.1

## ਫ਼ਰੀਦ ਬਾਣੀ ਦੀ ਪ੍ਰਮਾਣਿਕਤਾ

**ਭੂਮਿਕਾ**

ਇਸ ਪਾਠ ਵਿਚ ਫ਼ਰੀਦ ਬਾਣੀ ਦੀ ਪ੍ਰਮਾਣਿਕਤਾ ਸੰਬੰਧੀ ਭਾਵਪੂਰਤ ਵਿਚਾਰ ਕੀਤਾ ਜਾਵੇਗਾ। ਵੱਖ ਵੱਖ ਲਿਖਾਰੀਆਂ ਦੇ ਇਸ ਸੰਬੰਧੀ ਦ੍ਰਿਸ਼ਟੀਕੋਣ ਦਾ ਮੁਲਾਂਕਣ ਕਰਦੇ ਹੋਏ ਇਹ ਨਿਸ਼ਚਿਤ ਕੀਤਾ ਜਾਵੇਗਾ ਕਿ ਇਹ ਬਾਣੀ ਫ਼ਰੀਦ ਸ਼ੱਕਰਗੰਜ ਦੀ ਹੈ ਕਿ ਕਿਸੇ ਹੋਰ ਫ਼ਰੀਦ ਦੀ ਹੈ। ਇਸ ਪ੍ਰਮਾਣ ਦੀ ਸਾਰਥਕਤਾ ਨੂੰ ਅੰਦਰਲੇ ਅਤੇ ਬਾਹਰਲੇ ਦੋਹਾਂ ਹੀ ਪ੍ਰਕਾਰਾਂ ਦੇ ਪ੍ਰਮਾਣਾਂ ਨਾਲ ਸਿੱਧ ਕਰਨ ਦਾ ਯਤਨ ਕੀਤਾ ਜਾਏਗਾ। ਇਸ ਸੰਬੰਧ ਵਿਚ ਬਾਬਾ ਫ਼ਰੀਦ ਦੀ ਸਸ਼ਖ਼ਸ਼ੀਅਤ ਅਤੇ ਉਨ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦੀ ਸਮਰੂਪਤਾ ਨੂੰ ਧਿਆਨ ਵਿਚ ਰੱਖ ਕੇ ਵਿਚਾਰ ਕੀਤਾ ਜਾਵੇਗਾ। ਪਾਠਾਂ ਅਤੇ ਪਰਿਭਾਸ਼ਕ ਸ਼ਬਦਾਵਲੀ ਸੰਬੰਧੀ ਪ੍ਰਮਾਣਾਂ ਦੇ ਆਧਾਰ ਤੇ ਵੀ ਇਹ ਗੱਲ ਸਿੱਧ ਕੀਤੀ ਜਾਵੇਗੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਪ੍ਰਸਿੱਧ ਸੂਫ਼ੀ ਦਰਵੇਸ਼ ਕਵੀ ਬਾਬਾ ਫ਼ਰੀਦ ਸ਼ੱਕਰਗੰਜ ਦੀ ਹੈ, ਸ਼ੇਖ ਬ੍ਰਹਮ ਦੀ ਨਹੀਂ ਜੋ ਕਿ ਬਾਬਾ ਜੀ ਦੀ ਗੱਦੀ ਦਾ ਬਾਰ੍ਹਵਾਂ ਗੱਦੀਦਾਰ ਸੀ।

### ਰੂਪ ਰੇਖਾ :

ਫ਼ਰੀਦ ਬਾਣੀ ਦੀ ਪ੍ਰਮਾਣਿਕਤਾ ਦਾ ਪ੍ਰਸ਼ਨ ਦੀ ਗੰਭੀਰਤਾ... ਮੂਲ ਸਮੱਸਿਆ ਦਾ ਆਰੰਭ... ਮੈਕਾਲਿਫ਼ ਵਿਚਾਰ... ਜਨਮ-ਸਾਖੀਆਂ ਦੀ ਅਣ-ਇਤਿਹਾਸਕਤਾ...ਡਾ. ਲਾਜਵੰਤੀ ਦੇ ਵਿਚਾਰ... ਵਿਦਵਾਨਾਂ ਦੀ ਦੁਚਿਤੀ... ਬਾਹਰਲੇ ਪ੍ਰਮਾਣ....ਵਿਅਕਤਿਤ੍ਵ ਸੰਬੰਧੀ ਪ੍ਰਮਾਣ-ਭਾਸ਼ਾ ਪ੍ਰਮਾਣ... ਪਾਠਾਂਤਰ ਸੰਬੰਧੀ ਪ੍ਰਮਾਣ... ਪਰਿਭਾਸ਼ਕ ਸ਼ਬਦਾਂ ਦੇ ਪ੍ਰਯੋਗ ਸੰਬੰਧੀ ਵਿਚਾਰ.... ਸਿੱਟਾ।

ਫ਼ਰੀਦ ਬਾਣੀ ਦੀ ਪ੍ਰਮਾਣਿਕਤਾ ਦੇ ਪ੍ਰਸ਼ਨ ਜਿੰਨਾ ਗੰਭੀਰ ਹੈ, ਉਨਾਂ ਹੀ ਜ਼ਰੂਰੀ ਵੀ ਕਿਉਂਕਿ ਇਸ ਦੇ ਨਿਪਟਾਰੇ ਨਾਲ ਜਿੱਥੇ ਇਕ ਪਾਸੇ ਪੰਜਾਬੀ ਭਾਸ਼ਾ ਪ੍ਰਾਚੀਨਤਮ ਰੂਪ ਦੀ ਇਕ ਮਹੱਤਵ ਪੂਰਨ ਰਚਨਾ ਦਾ ਸਮਾਂ ਨਿਸ਼ਚਿਤ ਹੁੰਦਾ ਹੈ, ਜਿਸ ਨਾਲ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਵਿਕਾਸ ਕ੍ਰਮ ਵਿਜ ਪੰਜਾਬੀ ਦਾ ਗੌਰਵ ਵਧਦਾ ਹੈ। ਪਰ ਪੁਰਾਤਨ ਸਾਹਿਤ ਦੀ ਖੋਜ ਕਰਨ ਬਾਰੇ ਸਭ ਤੋਂ ਵੱਡੀ ਸਮੱਸਿਆ ਉਸ ਦੇ ਰਚਨਾ ਕਰਤਾ ਦੀ ਪ੍ਰਮਾਣਿਕਤਾ ਬਾਰੇ ਹੈ। ਪ੍ਰਮਾਣਿਕਤਾ ਸੰਦਿਗਧਤਾ ਦੇ ਆਮ ਕਰਕੇ ਤਿੰਨ ਕਾਰਣ ਰਹੇ ਹਨ— ਇਕ ਇਹ ਕਿ ਪ੍ਰਾਚੀਨ ਸਾਹਿਤਕਾਰ ਇੰਨੇ ਸੰਕੋਚਸ਼ੀਲ ਰਹੇ ਹਨ ਕਿ ਲੇਖਕ ਦੇ ਰੂਪ ਵਿਚ ਉਹ ਆਪਣਾ ਨਾਂ ਦੇਣਾ ਪਸੰਦ ਨਹੀਂ ਕਰਦੇ ਸਨ। ਫਲਸਰੂਪ ਉਨ੍ਹਾਂ ਦੀਆਂ ਬੜੀ ਮਿਹਨਤ ਨਾਲ ਲਿਖੀਆਂ ਰਚਨਾਵਾਂ ਦਾ ਸੰਬੰਧ ਕਿਸੇ ਵੀ ਵਿਅਕਤੀ ਨਾਲ ਜੋੜਿਆ ਜਾ ਸਕਦਾ ਹੈ। ਦੂਜੇ, ਅਨੇਕ ਪ੍ਰਾਚੀਨ ਲੇਖਕ ਆਪਣੀ ਅਨਿੰਨ ਭਗਤੀ ਅਤੇ ਸ਼ਰਧਾ ਦੇ ਫਲਸਰੂਪ ਆਪਣਾ ਸਾਹਿਤ ਆਪਣੇ ਪੂਜਨਿਕ ਨੂੰ ਅਰਪਿਤ ਕਰ ਦਿੰਦੇ ਹਨ। ਇਸ ਲਈ ਬਹੁਤ ਸਾਰੇ ਅਗਿਆਤ ਲੇਖਕਾਂ ਦੁਆਰਾ ਰਚੀਆਂ ਕ੍ਰਿਤੀਆਂ ਉਨ੍ਹਾਂ ਦੇ ਗੁਰੂਆਂ, ਪੀਰਾਂ ਜਾਂ ਅਧਿਆਤਮਿਕ ਪਥ-ਪ੍ਰਦਰਸ਼ਕ ਦੇ ਨਾਂ ਉੱਤੇ ਹੋਈਆਂ ਹਨ। ਤੀਜੇ, ਕੁਝ ਕੁ ਵੱਖਰੀਆਂ ਰੁਚੀਆਂ ਵਾਲੇ ਸਾਹਿਤਕਾਰ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਪ੍ਰਸਿੱਧ ਅਤੇ ਮਹੱਤਵ ਪੂਰਨ ਵਿਅਕਤੀਆਂ ਉੱਤੇ ਆਰੋਪਿਤ ਕਰਨ ਲਈ ਉਨ੍ਹਾਂ ਦੇ ਨਾਂ ਉੱਤੇ ਸਾਹਿਤ ਦੀ ਰਚਨਾ ਕਰਦੇ ਹਨ। ਬਾਬਾ ਫ਼ਰੀਦ ਦੀ ਬਾਣੀ ਪ੍ਰਮਾਣਿਕਤਾ ਉਪਰੋਕਤ ਦੂਜੇ ਕਾਰਣ ਕਰਕੇ ਸੰਦਿਗਧਤਾ ਦੀ ਸੀਮਾ ਵਿਚ ਪ੍ਰਵੇਸ਼ ਕਰਦੀ ਹੈ।

### ਵਿਵਾਦ ਦਾ ਕਾਰਣ :

ਇਸ ਸਮੱਸਿਆ ਦਾ ਆਰੰਭ ਸੰਨ 1909 ਈ: ਵਿਚ ਮੈਕਾਲਿਫ ਰਚਿਤ 'ਦੀ ਸਿੱਖ ਰਿਲੀਜਨ' (The Sikh Religion) (ਭਾਗ 6)) ਦੇ ਪ੍ਰਕਾਸ਼ਨ ਨਾਲ ਹੁੰਦਾ ਹੈ, ਜਿਸ ਵਿਚ ਉਸਨੇ ਸਪੱਸ਼ਟ ਤੌਰ ਤੇ ਮੰਨਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਫ਼ਰੀਦ ਦੀ ਬਾਣੀ ਸ਼ੇਖ ਬ੍ਰਹਮ ਜਾਂ ਇਬਰਾਹਿਮ ਦੀ ਹੈ। ਮੈਕਾਲਿਫ਼ ਦੀ ਇਸ ਧਾਰਣਾ ਦਾ ਆਧਾਰ 'ਪੁਰਾਤਨ ਜਨਮਸਾਖੀ' ਵਿਚ ਵਰਣਿਤ ਗੁਰੂ ਨਾਨਕ ਦੁਆਰਾ ਸ਼ੇਖ ਫ਼ਰੀਦ (ਸਾਖੀ 28) ਅਤੇ ਸ਼ੇਖ ਬ੍ਰਹਮ (ਸਾਖੀ 32) ਨਾਲ ਕੀਤੀਆਂ ਗੋਸਟਾਂ ਹਨ। ਇਨ੍ਹਾਂ ਦੋਹਾਂ ਗੋਸ਼ਟਾਂ ਵਿਚ ਦੋਵੇਂ ਫ਼ਰੀਦ ਗੁਰੂ ਗ੍ਰੰਥ ਵਾਲੀ ਬਾਣੀ ਵਿਚੋਂ ਕੁਝ ਕੁ ਅੰਸ਼ ਆਪਣੇ ਵਲੋਂ ਦਿੱਤੇ

ਉੱਤਰਾਂ ਵਜੋਂ ਪਰਤਦੇ ਹਨ। ਇਤਿਹਾਸ ਅਨੁਸਾਰ ਸ਼ੇਖ ਬ੍ਰਹਮ ਗੁਰੂ ਨਾਨਕ ਦਾ ਸਮਕਾਲੀ ਸੀ ਪਰ ਸ਼ੇਖ ਫ਼ਰੀਦ ਨਹੀਂ। ਇਸ ਲਈ ਸ਼ੇਖ ਫ਼ਰੀਦ ਨਾਲ ਮੁਲਾਕਾਤ ਅਸੰਭਵ ਸੀ। ਇਸ ਸ਼ੰਕਾ ਦਾ ਹੱਲ ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਜਨਮ ਸਾਖੀ, ਭਾਈ ਗੁਰਦਾਸ ਦੀ ਪਹਿਲੀ ਵਾਰ ਦੀ 44ਵੀਂ ਪਉੜੀ ਦੇ ਟੀਕੇ ਅੰਦਰ ਹੋਇਆ ਮਿਲਦਾ ਹੈ ਜਿੱਥੇ ਦੋਹਾਂ ਫ਼ਰੀਦਾਂ ਨੂੰ ਇਕ ਅਤੇ ਉਹ ਵੀ ਸ਼ੇਖ ਬ੍ਰਹਮ ਮੰਨ ਕੇ ਦੂਜੀ ਮੁਲਾਕਾਤ/ਗੋਸ਼ਟਿ ਦੀ ਜਰੂਰਤ ਪਹਿਲੀ ਗੋਸ਼ਟਿ ਵਿਚ ਦਿੱਤੇ ਗਏ ਉਪਦੇਸ਼ ਬਾਰੇ ਇਹ ਜਾਨਣ ਦੀ ਉਤਸੁਕਤਾ ਕਰਕੇ ਹੈ ਕਿ ਕੀ 'ਉਸ ਨੂੰ ਚੇਤੇ ਹੈ ਕਿ ਵਿਸਰ ਗਇਆ ਹੈ।'

ਪਰ ਮੈਕਾਲਿਫ਼ ਦੀ ਸਥਾਪਨਾ ਦਾ ਆਧਾਰ ਇਤਿਹਾਸਕ ਦ੍ਰਿਸ਼ਟੀ ਤੋਂ ਬਹੁਤ ਭਰੋਸੇਯੋਗ ਨਹੀਂ ਹੈ ਕਿਉਂਕਿ ਜਨਮ ਸਾਖੀਆਂ ਦਾ ਵਿਵਰਣ ਬਹੁਤ ਭ੍ਰਾਂਤੀਪੂਰਣ ਅਤੇ ਮਿੱਥਕ ਹੈ। ਪੁਰਾਣਾਂ ਵਾਂਗ ਜਨਮ ਸਾਖੀਆਂ ਤੋਂ ਵੀ ਇਤਿਹਾਸਿਕ ਤੱਥ ਬੜੀ ਸਾਵਧਾਨੀ ਨਾਲ ਲੱਭਣੇ ਪੈਣਗੇ। ਉਦਾਹਰਣ ਵਜੋਂ 'ਪੁਰਾਤਨ ਜਨਮਸਾਖੀ' ਦੇ ਰਚੇਤਾ ਗੁਰੂ ਨਾਨਕ ਦੇ ਜੀਵਨ ਸੰਬੰਧੀ ਉਪਰੋਕਤ ਘਟਨਾਵਾਂ ਦਾ ਵਰਨਣ ਪੇਸ਼ ਕਰਦਿਆਂ ਅਵਰ ਅਤੇ ਘਟਨਾ ਦੇ ਅਨੁਰੂਪ ਬਾਣੀ ਦੀਆਂ ਜੋ ਟੂਕਾਂ ਦਿੱਤੀਆਂ ਹਨ, ਉਨ੍ਹਾਂ ਵਿਚੋਂ ਵਧੇਰੇ ਟੂਕਾਂ ਦਾ ਕਰਤ੍ਰਿਤਵ ਸੰਦਿਗਧ ਹੈ ਕਿਉਂਕਿ ਉਹ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਨਾਨਕ ਦੀ ਪ੍ਰਮਾਣਿਕ ਰਚਨਾ ਵਿਚੋਂ ਨਹੀਂ ਹਨ। ਕੁਝ ਟੂਕਾਂ ਅਜਿਹੀਆਂ ਵੀ ਹਨ ਜਿਸ ਦਾ ਅਸੰਦਿਗਧ ਰੂਪ ਵਿਚ ਕਰਤ੍ਰਿਤਵ ਦੂਜੇ ਸਿੱਖ ਗੁਰੂਆਂ ਅਤੇ ਭਗਤ ਕਬੀਰ ਨਾਲ ਸੰਬੰਧਿਤ ਹੈ।[1] ਅਜਿਹੀਆਂ ਟੂਕਾਂ ਨਾਲ ਸੰਬੰਧਿਤ ਘਟਨਾਵਾਂ ਨਿਸ਼ਚਿਤ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਕੋਈ ਯਥਾਰਥ ਪਿਛੋਕੜ ਪੇਸ਼ ਨਹੀਂ ਕਰ ਸਕਦੀਆਂ। ਸਾਖੀਕਾਰ ਦਾ ਉਦੇਸ਼ ਗੁਰੂ ਨਾਨਕ ਨੂੰ ਨਰ ਤੋਂ ਨਾਰਾਇਣ ਸਿੱਧ ਕਰਨਾ ਹੈ। ਉਸ ਨੂੰ ਬਾਣੀ ਦੀਆਂ ਜੋ ਟੂਕਾਂ ਕੰਠ ਸਨ, ਉਨ੍ਹਾਂ ਅਨੁਸਾਰ ਉਥਾਨਿਕਾ ਵਜੋਂ ਸਾਖੀਆਂ ਘੜ ਲਈਆਂ ਅਤੇ ਜਿੱਥੇ ਗੁਰਬਾਣੀ ਦੀਆਂ ਟੂਕਾਂ ਤੋਂ ਇੱਛਤ ਫਲ ਦੀ ਪ੍ਰਾਪਤੀ ਸੰਭਵ ਨਾ ਹੋ ਸਕੀ ਉਥੇ ਵਿਕ੍ਰਿਤ ਪ੍ਰਤਿਭਾ ਵਾਲੇ ਰਚੈਤਿਆਂ ਦੇ ਕਾਵਿ ਸੰਦਰਭਾਂ ਜਾਂ ਕੱਚੀ ਬਾਣੀ ਦੀਆਂ ਟੂਕਾਂ ਨੂੰ ਮੋੜ ਤੋੜ ਕੇ ਗੁਰੂ ਨਾਨਕ ਦੇ ਨਾਂ ਨਾਲ ਜੋੜ ਦਿੱਤਾ ਹੈ। ਇਹ ਗੱਲ ਨਾ ਕੇਵਲ 'ਪੁਰਾਤਨ ਜਨਮਸਾਖੀ' ਬਾਰੇ ਹੀ ਕਹੀ ਜਾ ਸਕਦੀ ਹੈ ਸਗੋਂ ਮਿਹਰਬਾਨ ਵਾਲੀ ਜਨਮਸਾਖੀ ਅਤੇ ਭਾਈ ਬਾਲਾ ਵਾਲਾ ਜਨਮਸਾਖੀ ਵਿਚ ਵੀ ਅਜਿਹਾ ਅੰਸ਼ ਬਹੁਤ ਮਿਲ ਜਾਂਦਾ ਹੈ। ਇਸ ਲਈ ਉਨ੍ਹਾਂ ਸਾਖੀਆਂ ਤੇ ਆਧਾਰਿਤ ਵਿਵਰਣ ਇਤਿਹਾਸਕ ਦ੍ਰਿਸ਼ਟੀ ਤੋਂ ਅਪ੍ਰਮਾਣਿਕ ਹੈ।

ਜਨਮਸਾਖੀ ਸਾਹਿਤ ਦੀ ਅਣ-ਇਤਿਹਾਸਕਤਾ ਦਾ ਦੂਜਾ ਕਾਰਣ ਇਹ ਹੈ ਕਿ ਇਸ ਵਿਚ ਬਹੁਤ ਸਾਰੀਆਂ ਘਟਨਾਵਾਂ ਦਾ ਉਦੇਸ਼ ਚਮਤਕਾਰ ਪੂਰਣ ਬ੍ਰਿਤਾਂਤ ਤੋਂ ਲਏ ਗਏ ਹਨ, ਜਿਵੇਂ 'ਵੇਈ ਪ੍ਰਵੇਸ਼' ਵਾਲੀ ਸਾਖੀ ਹਜ਼ਰਤ ਮੁਹੰਮਦ ਦੇ ਨਾਂ ਨਾਲ ਸੰਬੰਧਿਤ ਮਿਆਰਾਜ ਦੀ ਘਟਨਾ ਦਾ ਰੂਪਾਂਤਰ ਹੈ ਅਤੇ ਰਾਜ ਸ਼ਿਵਨਾਭ ਵਾਲੀ ਸਾਖੀ ਵਿਚ ਇਸਮਾਈਲ ਅੱਲਾਹ ਜਾਂ ਰਾਜਾ ਮੋਰਧੁਆਰ ਦੇ ਪੁੱਤਰ ਦੀ ਬਲੀ ਦਾ ਪਰਿਵਰਤਿਤ ਰੂਪ ਵੇਖਿਆ ਜਾ ਸਕਦਾ ਹੈ।[2] ਮੱਕਾ ਘੁੰਮਣ ਵਾਲੀ ਸਾਖੀ ਵਿਚ ਸੰਤ ਵਿਸਥਾ ਖੇਚਲ ਦੁਆਰਾ ਸ਼ਿਵਲਿੰਗ[3] ਅਤੇ ਸੰਤ ਨਾਮਦੇਵ ਦੁਆਰਾ ਦੇਹੁਰਾ[4] ਫੇਰਨ ਦੀਆਂ ਘਟਨਾਵਾਂ ਦੀ ਪ੍ਰਤਿਛਾਇਆ ਵੇਖੀ ਜਾ ਸਕਦੀ ਹੈ। ਮੱਕੇ ਦਾ ਸਥਾਨਾਂਤਰਿਤ ਹੋਣ ਦੀ ਸੰਭਾਵਨਾ ਦੀ ਪੁਸ਼ਟੀ ਇਸਲਾਮਕ ਪਰੰਪਰਾਵਾਂ ਤੋਂ ਵੀ ਹੋ ਜਾਂਦੀ ਹੈ।[5]

ਤੀਜਾ ਇਹ ਕਿ ਇਨ੍ਹਾਂ ਜਨਮਸਾਖੀਆਂ ਵਿਚ ਗੁਰੂ ਨਾਨਕ ਦੀ ਮੁਲਾਕਤ ਅਨੇਕਾਂ ਅਜਿਹੇ ਧਰਮ ਪ੍ਰਵਰਤਕਾਂ, ਨਾਥਾਂ ਸਾਧਕਾਂ, ਫਕੀਰਾਂ ਆਦਿ ਨਾਲ ਕਰਵਾਈ ਗਈ ਹੈ, ਜੋ ਉਨ੍ਹਾਂ ਦੇ ਸਮਕਾਲੀ ਨਹੀਂ ਸਨ, ਜਿਵੇਂ ਮਛੰਦਰ, ਗੋਰਖ, ਗੋਪੀ ਚੰਦ, ਚਰਪਟ, ਭਰਥਰੀ, ਬਹਉਦੀਨ, ਸੱਯਦ ਮਿੱਠਾ, ਸ਼ੇਖ ਸ਼ਰਫ ਆਦਿ। ਇਸ ਤਰ੍ਹਾਂ ਜਨਮ ਸਾਖੀਆਂ ਵਿਚ ਦਿੱਤਾ ਬ੍ਰਿਤਾਂਤ ਇਤਿਹਾਸਕ ਦ੍ਰਿਸ਼ਟੀ ਤੋਂ ਬਹੁਤ ਭ੍ਰਾਂਤਕ ਹੈ। ਫਲਸਰੂਪ, ਮੈਕਾਲਿਫ ਦੁਆਰਾ ਇਸ ਸਮੱਗਰੀ ਨੂੰ ਆਧਾਰ ਬਣਾ ਕੇ ਫ਼ਰੀਦ ਬਾਣੀ ਦੇ ਕਰਤ੍ਰਿਤਵ ਦਾ ਨਿਰਣਾ ਕਰਨਾ ਅਨੁਚਿਤ ਹੋਣ ਕਾਰਣ ਮੰਨਣਯੋਗ ਨਹੀਂ।

ਮੈਕਾਲਿਫ ਪਿਛੋਂ ਇਸ ਮਤ ਦੀ ਇਕ ਹੋਰ ਸਮਰਥਕ ਡਾ. ਲਾਜਵੰਤੀ ਰਾਮਕ੍ਰਿਸ਼ਨ ਹੈ ਜਿਸ ਨੇ ਸੰਨ 1938 ਈ. ਵਿਚ ਛਪੇ ਆਪਣੇ ਸੋਧ ਪ੍ਰਬੰਧ 'ਪੰਜਾਬੀ ਸੂਫ਼ੀ ਪੋਇਟਸ' ਵਿਚ ਹੇਠਾਂ ਲਿਖੀ ਟੂਕ ਦੇ ਆਧਾਰ ਉਤੇ ਫ਼ਰੀਦ ਬਾਣੀ ਨੂੰ ਸ਼ੇਖ ਬ੍ਰਹਮ ਦੀ ਰਚਨਾ ਸਿੱਧ ਕੀਤਾ ਹੈ।

ਸ਼ੇਖ ਹੈਯਾਤੀ ਜਗਿ ਨਾ ਕੋਈ ਥਿਰੁ ਰਹਿਆ।
ਜਿਸ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ। (ਪੰਨਾ 488)

ਡਾ. ਲਾਜਵੰਤੀ ਨੇ 'ਆਸਣਿ ਦੇ ਅਰਥ ਗੱਦੀ ਦੱਸ ਕੇ ਵਿਚਾਰਧੀਨ ਬਾਣੀ ਨੂੰ ਸ਼ੇਖ ਫ਼ਰੀਦ ਦੀ ਗੱਦੀ ਉੱਤੇ ਬੈਠੇ ਸ਼ੇਖ ਬ੍ਰਹਮ (ਫ਼ਰੀਦ ਸਾਨੀ) ਦੀ ਬਾਣੀ ਸਿੱਧ ਕੀਤਾ ਹੈ। ਪਰ ਇਹ ਟੂਕ ਸੰਸਾਰਿਕ ਅਸਥਿਰਤਾ ਦੀ ਵੀ ਸੂਚਕ ਹੈ ਅਤੇ 'ਆਸਣਿ' ਸ਼ਬਦ ਦਾ ਅਰਥ 'ਗੱਦੀ' ਤੋਂ ਇਲਾਵਾ ਸੰਸਾਰ ਜਾਂ ਸਥਾਨ-ਵਿਸ਼ੇਸ਼ ਹੋ ਸਕਦਾ ਹੈ। ਇਸ ਲਈ ਸ਼ਲਿਸ਼ਟ ਭਾਵ ਸੂਚਕ ਸ਼ਬਦ ਦੇ ਆਧਾਰ ਤੇ ਫ਼ਰੀਦ ਬਾਣੀ ਦੇ ਕਰਤ੍ਰਿਤਵ ਸੰਬੰਧੀ ਨਿਰਣਾ ਦੇਣਾ ਅਸੰਗਤ ਹੈ।

ਇਸ ਮਤ ਨੂੰ ਹੋਰ ਵੀ ਕਈ ਵਿਦਵਾਨਾਂ ਦੀ ਪੁਸ਼ਟੀ ਪ੍ਰਦਾਨ ਹੋਈ ਹੈ। ਇਸ ਸੰਬੰਧ ਵਿਚ ਇਸ ਬਾਣੀ ਦੀ ਭਾਸ਼ਾ ਦੀ ਅਰਵਾਚੀਨਤਾ ਨੂੰ ਪ੍ਰਮਾਣ ਵਜੋਂ ਪ੍ਰਸਤੁਤ ਕੀਤਾ ਗਿਆ ਹੈ। ਭਾਸ਼ਾ ਦੀ ਅਰਵਾਚੀਨਤਾ ਦੇ ਬਾਰੇ ਵਿਸਤਾਰ ਨਾਲ ਅੱਗੇ ਚਲ ਕੇ ਵਿਚਾਰ ਪੇਸ਼ ਕੀਤਾ ਜਾਵੇਗਾ। ਇਥੇ ਕੇਵਲ ਇੰਨਾਂ ਹੀ ਕਹਿਣਾ ਕਾਫੀ ਹੈ ਕਿ ਇਹ ਤੱਥ ਵੀ ਫ਼ਰੀਦ ਸ਼ਕਰਗੰਜ ਤੋਂ ਇਹ ਬਾਣੀ ਦਾ ਰਚੈਤਾ ਹੋਣ ਦਾ ਗੌਰਵ ਖੋਹ ਨਹੀਂ ਸਕਦਾ।

ਪੰਜਾਬੀ ਸਾਹਿਤ ਦੇ ਇਤਿਹਾਸਕਾਰ ਅਤੇ ਕੁਝ ਹੋਰ ਅਜਿਹੇ ਵਿਦਵਾਨ ਵੀ ਹਨ ਜੋ ਦੁਚਿਤੀ ਵਿਚ ਹਨ ਅਤੇ ਆਧਾਰਭੂਤ ਨਿਰਣਾ ਨਹੀਂ ਦੇ ਸਕੇ, ਜਿਵੇਂ ਬਾਵਾ ਬੁਧ ਸਿੰਘ, ਡਾ. ਬਨਾਰਸੀ ਦਾਸ, ਪ੍ਰਿ. ਤੇਜਾ ਸਿੰਘ, ਡਾ. ਗੋਪਾਲ ਸਿੰਘ ਅਤੇ ਡਾ. ਸੁਰਿੰਦਰ ਸਿੰਘ ਕੋਹਲੀ। ਇਨ੍ਹਾਂ ਵਿਚੋਂ ਕੁਝ ਵਿਦਵਾਨ ਇਸ ਵਿਚ ਫ਼ਰੀਦ ਦੇ ਸਾਰੇ ਗੱਦੀਦਾਰਾਂ ਵਲੋਂ ਕੁਝ-ਕੁਝ ਅੰਸ਼ ਸਮੇਂ-ਸਮੇਂ ਸੰਮਿਲਤ ਕੀਤਾ ਮੰਨਦੇ ਹਨ ਪਰੰਤੂ ਅਜਿਹੇ ਸਾਰੇ ਕਥਨ ਬੜੇ ਨਿਰਾਧਾਰ ਅਤੇ ਅਸੰਤੁਲਿਤ ਹਨ।

ਉਪਰੋਕਤ ਧਾਰਣਾ ਦਾ ਕਈ ਵਿਦਵਾਨਾਂ ਨੇ ਬੜੇ ਦਲੀਲਾਂ ਭਰੇ ਢੰਗ ਨਾਲ ਉੱਤਰ ਦੇ ਕੇ ਸਿੱਧ ਕੀਤਾ ਹੈ ਕਿ ਇਹ ਬਾਣੀ ਸ਼ੇਖ ਫ਼ਰੀਦ ਸ਼ਕਰਗੰਜ ਦੀ ਹੈ। ਇਨ੍ਹਾਂ ਵਿਚੋਂ ਸਰਦਾਰ ਜੀ.ਬੀ. ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਭਾਈ ਜੋਧ ਸਿੰਘ, ਡਾ. ਦੀਵਾਨ ਸਿੰਘ ਅਤੇ ਪ੍ਰੋ. ਪ੍ਰੀਤਮ ਸਿੰਘ ਦੇ ਨਾਂ ਵਿਸ਼ੇਸ਼ ਉਲੇਖਯੋਗ ਹਨ। ਇਨ੍ਹਾਂ ਸਾਰਿਆਂ ਨੇ ਆਪਣੇ ਆਪਣੇ ਢੰਗ ਨਾਲ ਫ਼ਰੀਦ ਬਾਣੀ ਦੀ ਪ੍ਰਮਾਣਿਕਤਾ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦੁਆਰਾ ਇਸ ਬਾਣੀ ਨੂੰ ਫ਼ਰੀਦ ਸ਼ਕਰਗੰਜ ਦੀ ਪ੍ਰਮਾਣਿਕ ਰਚਨਾ ਸਿੱਧ ਕਰਨ ਵਾਲੇ ਹੇਠ ਲਿਖੇ ਪ੍ਰਮਾਣ ਦਿੱਤੇ ਗਏ ਹਨ :

## ਸਾਹਿਤ ਬਾਹਰਲੇ ਪ੍ਰਮਾਣ :

(1) ਸੱਈਦ ਮੁਬਾਰਕ ਕਿਰਹਾਨੀ ਨੇ ਫ਼ਰੀਦ ਦੀ ਮ੍ਰਿਤੂ (1266 ਈ.) ਤੋਂ 91 ਵਰ੍ਹੇ ਬਾਅਦ ਲਿਖੀ ਆਪਣੀ ਪ੍ਰਸਿੱਧ 'ਸੀਅਰੁਲ ਔਲੀਆ' ਵਿਚ ਅੰਕਿਤ ਕੀਤਾ ਹੈ ਕਿ ਉਹ ਅਰਬੀ, ਫ਼ਾਰਸੀ ਭਾਸ਼ਾਵਾਂ ਲਿਖਣ ਤੋਂ ਇਲਾਵਾ ਮੁਲਤਾਨ ਜਾਂ ਲਹਿੰਦੀ ਵਿਚ ਵੀ ਆਪਣੇ ਮਿੱਠੇ ਸ਼ੇਅਰ ਜਾਂ ਬੈਂਤ ਰਚਦੇ ਸਨ। ਬਰੀ ਅਸ਼ਆਰੇ ਫ਼ਾਰਸੀ ਉਰਾ ਦਰ ਜ਼ਬਾਨੇ ਮੁਲਤਾਨੀ ਜਾਂ ਲਹਿੰਦੀ ਵਿਚ ਆਪਣੀ ਕਵਿਤਾ ਰਚਦੇ ਸਨ ਅਤੇ ਇਹ ਵੀ ਸਿੱਧ ਹੈ ਕਿ ਉਸ ਕਵਿਤਾ ਦੀ ਰਚਨਾ ਸ਼ੈਲੀ ਅਤੇ ਗੁਣ ਬਾਬਾ ਫ਼ਰੀਦ ਦੀ ਉਪਲੱਬਧ ਬਾਣੀ ਨਾਲ ਦੂਰ ਤਕ ਅਨੁਰੂਪਤਾ ਰਖਦੇ ਹਨ।

(2) ਮਾਲੀ ਅਸਗਰ ਰਚਿਤ 'ਜਵਾਹਿਰ ਫ਼ਰੀਦੀ' ਵਿਚ ਸ਼ਕਰਗੰਜ ਫ਼ਰੀਦ ਦੇ ਪ੍ਰਸੰਗ ਅੰਦਰ ਪੁਠਿਆਂ ਲਟਕ ਕੇ ਤਪ ਕਰਨ ਦੀ ਅਵਸਥਾ ਵਿਚ ਫ਼ਰੀਦ ਤੋਂ ਹੇਠਾਂ ਲਿਖਿਆ ਸਲੋਕ ਉਚਰਵਾਇਆ ਗਿਆ ਹੈ-

ਫ਼ਰੀਦਾ ਧੜ ਸੂਲੀ ਸਿਰ ਪਿੰਜਮੇ ਤਲੀਆ ਟੁਕਣ ਕਾਗ।।
ਰਬ ਅਜਿਓ ਨਾ ਬਾਹੜੇ ਤੋਂ ਧਨ ਹਮਾਰੇ ਭਾਗ ।। 6 ।।

ਇਹ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੇਠਾਂ ਲਿਖੇ ਸਲੋਕ ਨਾਲ ਬਹੁਤ ਸਮਾਨਤਾ ਰਖਦਾ ਹੈ-

ਫ਼ਰੀਦਾ ਤਨੁ ਸੁਕਾ ਪਿੰਜਰ ਥੀਆ ਤਲੀਆ ਖੂਡਹਿ ਕਾਗ।।
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ।। (90)

ਦੋਹਾਂ ਸਲੋਕਾਂ ਦੇ ਮੇਲਾਨ ਤੋਂ ਸਪੱਸ਼ਟ ਹੈ ਕਿ ਇਹ ਦੋਵੇਂ ਮੂਲ ਰੂਪ ਵਿਚ ਇਕੋ ਹੀ ਸਨ, ਪਰ ਪਠਾਂਤਰਿਕ ਹੋਣ ਕਾਰਨ ਇਕ ਦੂਜੇ ਨਾਲ ਥੋੜ੍ਹੀ ਵਿਥ ਉੱਤੇ ਹੋ ਗਏ ਹਨ। 'ਜਵਾਹਰਿ ਫ਼ਰੀਦੀ' ਦੀ ਰਚਨਾ 1623 ਈ. (ਸੰਨ 1043 ਈ.) ਵਿਚ ਹੋਈ ਸੀ ਅਤੇ ਇਸ ਦਾ ਲੇਖਕ ਸ਼ੲੇਖ ਇਬਰਾਹੀਮ ਜਾਂ ਸ਼ੇਖ ਇਬਰਾਹਿਮ ਜਾਂ ਸ਼ੇਖ ਬ੍ਰਹਮ ਦੀ ਮੌਤ ਤੋਂ 69 ਵਰ੍ਹੇ ਬਾਅਦ ਗੱਦੀ ਉਪਰ ਬੈਠਣ ਵਾਲੇ ਗੱਦੀਦਾਰ ਦੀਵਾਨ ਸ਼ੇਖ ਮੁਹੰਮਦ ਦਾ ਬੜਾ ਸ਼ਰਧਾਲੂ ਸੀ। ਇਸ ਲਈ ਫ਼ਰੀਦ ਗੱਦੀ ਦੇ ਅਤਿ ਨਿਕਟ ਰਹਿਣ ਵਾਲਾ ਲੇਖਕ ਉਕਤ ਸਲੋਕ ਨੂੰ ਕਦੇ ਬਾਬਾ ਫ਼ਰੀਦ ਦਾ ਨਾਂ ਲਿਖਦਾ ਜੇ ਅਸਲੋਂ ਸ਼ੇਖ ਬ੍ਰਹਮ ਦਾ ਹੁੰਦਾ।

(3) ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ 1604 ਈ: ਵਿਚ ਬੜੀ ਮਿਹਨਤ ਨਾਲ ਕੀਤੀ ਛਾਣਬੀਣ ਤੋਂ ਬਾਅਦ

ਹੋਇਆ ਅਤੇ ਇਸ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਦਾ ਜਨਮ (1563 ਈ:) ਸ਼ੇਖ ਬ੍ਰਹਮ ਦੀ ਮਿਰਤੂ (1551 ਈ:) ਤੋਂ ਲਗਭਗ 12 ਵਰ੍ਹੇ ਬਾਦ ਹੋਇਆ। ਉੱਤਰ ਨਿਕਟਵਰਤੀ ਹੋਣ ਕਾਰਨ ਗੁਰੂ ਅਰਜਨ ਫ਼ਰੀਦ ਬਾਣੀ ਦੇ ਕਰਤ੍ਰਿਤਵ ਬਾਰੇ ਬੜੇ ਵਿਸ਼ਵਾਸ ਨਾਲ ਬਾਣੀ ਨੂੰ ਸ਼ੇਖ ਬ੍ਰਹਮ ਦੀ ਰਚਨਾ ਹੋਣ ਤੋਂ ਵਰਜਦਾ ਹੈ।

## ਵਿਅਕਤਿਤਵ ਨਾਲ ਸੰਬੰਧਿਤ ਪ੍ਰਮਾਣ :

ਬਾਬਾ ਫ਼ਰੀਦ ਸ਼ਕਰਗੰਜ ਦੀ ਵਿਦਵਤਾ ਉਪਰ ਕਈ ਪ੍ਰਾਚੀਨ ਪੁਸਤਕਾਂ ਜਿਵੇਂ ਸੀਅਰੁਲ ਔਲੀਆ, ਫ਼ਵਾਇਦੁਲ ਫਵਾਦ, ਖੈਰਲ ਮਜ਼ਾਇਲ ਆਦਿ ਵਿਚ ਪ੍ਰਕਾਸ਼ ਪਾਇਆ ਗਿਆ ਹੈ - ਉਹ ਸ਼ਰੱਈ, ਮਿੱਠੇ ਬੋਲੇ, ਮਸਕੀਨ, ਨਿਮਰਤਾਵਾਨ ਬਜ਼ੁਰਗ ਸਨ। ਉਹ ਬਹੁਤੇ ਘੁੰਮੇ ਫਿਰੇ ਅਤੇ ਚੇਲਿਆਂ ਰਾਹੀਂ ਕਠੋਰ ਸਾਧਨਾ ਕਰਨ ਵਾਲੇ ਮਹਾਨ ਸਾਧਕ ਸਨ। ਇਹਨਾਂ ਗੁਣਾਂ ਦੀ ਪੁਸ਼ਟੀ ਉਨ੍ਹਾਂ ਦੇ ਸ਼ਰਧਾਲੂ ਸੈਂਕੜੇ ਵਰ੍ਹਿਆਂ ਤੋਂ ਆਪਣੇ ਹਿਰਦੇ ਉਤੇ ਚਿਤਰੀ ਬੈਠੇ ਹਨ। ਜਿਨ੍ਹਾਂ ਲੋਕ ਪ੍ਰਚਲਿਤ ਤੱਥਾਂ ਦੁਆਰਾ ਫ਼ਰੀਦ ਸ਼ਕਰਗੰਜ ਦਾ ਜੋ ਵਿਅਕਤਿਤਵ ਉਭਰਦਾ ਹੈ, ਉਸ ਦਾ ਸਮਾਂ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਨਾਲ ਬੈਠਦਾ ਹੈ, ਜਿਵੇਂ ਕਾਠ ਦੀ ਰੋਟੀ, ਤਪੱਸਿਆ, ਸੰਸਾਰਕਤਾ ਦਾ ਤਿਆਗ, ਆਪਣੇ ਅਵਗੁਣਾਂ ਬਾਰੇ ਆਦਿ। ਸ਼ੇਖ ਬ੍ਰਹਮ ਭਾਵੇਂ ਇਕ ਨੇਕ ਦਰਵੇਸ਼ ਸਨ, ਪਰ ਨਾ ਤਾਂ ਤਤਕਾਲੀਨ ਪੁਸਤਕਾਂ ਵਿਚ ਅਤੇ ਨਾ ਦੰਦ ਕਥਾਵਾਂ ਦੁਆਰਾ ਉਨ੍ਹਾਂ ਦੇ ਵਿਅਕਤਿਤਵ ਵਿਚ ਉਕਤ ਗੁਣਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਵਿਚਲੀ ਫ਼ਰੀਦ ਬਾਣੀ ਦੇ ਵਿਅਕਤਿਤਵ ਸੂਚਕ ਅੰਦਰਲੇ ਪ੍ਰਮਾਣ ਫ਼ਰੀਦ ਸ਼ਕਰਗੰਜ ਦੇ ਵਿਅਕਤਿਤਵ ਨਾਲ ਮੇਲ ਖਾਂਦੇ ਹਨ। ਇਸ ਲਈ ਇਹ ਉਨ੍ਹਾਂ ਦੀ ਹੀ ਰਚਨਾ ਹੈ ਕਿਉਂਕਿ ਅਜਿਹੇ ਵਿਅਕਤਿਤਵ ਵਾਲਾ ਤੇ ਹਰਮਨ ਪਿਆਰਾ ਕੋਈ ਹੋਰ ਫ਼ਰੀਦ ਨਹੀਂ ਸੀ।

## ਭਾਸ਼ਾ ਸੰਬੰਧੀ ਪ੍ਰਮਾਣ :

ਫ਼ਰੀਦ ਬਾਣੀ ਸ਼ੇਖ ਬ੍ਰਹਮ ਦੀ ਸਿੱਧ ਕਰਨ ਵਾਲਿਆਂ ਕੋਲ ਇਕ ਮਹੱਤਵਪੂਰਣ ਦਲੀਲ ਹੈ, ਇਸ ਦੀ ਭਾਸ਼ਾ ਦਾ ਵੱਖਰਾਪਣ। ਪਰ ਇਸ ਦਾ ਗੰਭੀਰਤਾ ਪੂਰਵਕ ਅਧਿਐਨ ਕੀਤਿਆਂ ਪਤਾ ਲਗਦਾ ਹੈ ਕਿ ਅਮੀਰ ਖੁਸਰੋ (1254 ਈ: - 1325 ਈ:) ਦੀਆਂ ਰਚਨਾਵਾਂ ਦੀ ਭਾਸ਼ਾ ਆਧੁਨਿਕ ਖੜੀ ਬੋਲੀ ਨਾਲ ਬਹੁਤ ਨੇੜਤਾ ਰਖਦੀ ਹੈ। ਫ਼ਰੀਦ ਦੇ ਜਨਮ ਤੋਂ ਲਗਭਗ 55 ਵਰ੍ਹੇ ਪਹਿਲਾਂ ਉਸਦੇ ਬਜ਼ੁਰਗ ਮੁਲਤਾਨ ਵਿਚ ਆ ਵਸੇ ਸਨ ਅਤੇ ਫ਼ਰੀਦ ਨੇ 93 ਵਰ੍ਹੇ ਇਸ ਧਰਤੀ ਦਾ ਜਲਵਾਯੂ ਛਕਿਆ ਸੀ। ਅਸਲੋਂ ਇਹ ਫ਼ਰੀਦ ਸ਼ਕਰਗੰਜ ਦੀ ਹੀ ਰਚਨਾ ਹੈ। ਇਸ ਸੰਬੰਧ ਵਿਚ ਕੁਝ ਹੋਰ ਵਿਚਾਰ ਕਰ ਲੈਣਾ ਅਸੰਗਤ ਨਹੀਂ ਹੋਵੇਗਾ।

ਭਾਸ਼ਾ ਦੀ ਦ੍ਰਿਸ਼ਟੀ ਤੋਂ ਬਾਬਾ ਫ਼ਰੀਦ ਦੀ ਬਾਣੀ ਦਾ ਵਿਸ਼ਲੇਸ਼ਣ ਕਰਦਿਆਂ ਡਾ. ਸ਼ਾਂਤਾ ਪ੍ਰਸ਼ਾਦ ਗੁਪਤ ਨੇ ਆਪਣੀ ਸੰਪਾਦਿਤ ਰਚਨਾ 'ਫ਼ਰੀਦ ਬਾਣੀ' (ਪੰਨਾ 53-63) ਵਿਚ ਇਸ ਨੂੰ ਫ਼ਰੀਦ ਸ਼ਕਰਗੰਜ ਦਾ ਮੰਨਿਆ ਹੈ ਅਤੇ ਇਸ ਨੂੰ 'ਰਾਉਲਵੇਲ' ਅਤੇ 'ਕੁਤਬਸ਼ਤਕ' ਦੀ ਭਾਸ਼ਾ ਦੀ ਮੱਧ ਵਰਤੀ ਦਸਦੇ ਹੋਇਆਂ ਲਿਖਿਆ ਹੈ ਕਿ ਫ਼ਰੀਦ ਦੀ ਰਚਨਾ ਜਿਸ ਭਾਸ਼ਾ ਵਿਚ ਹੈ, ਉਸ ਦਾ ਪ੍ਰਾਚੀਨ ਰੂਪ 'ਰਾਉਲਵੇਲ (ਈਸਾ ਦੀ 11 ਵੀਂ ਸਦੀ ਮੱਧ) ਦੀ ਟਕਿਣੀ ਦੇ ਵਰਣਨ ਵਿਚ ਮਿਲਦਾ ਹੈ। ਇਸ ਪਿਛੋਂ ਫ਼ਰੀਦ ਦੀਆਂ ਰਚਨਾਵਾਂ ਦੀ ਭਾਸ਼ਾ ਆਉਂਦੀ ਹੈ ਅਤੇ ਫ਼ਰੀਦ ਦਾ ਸਮਾਂ ਈਸਵੀ ਸੰਨ ਦੀ 13 ਵੀਂ ਸਦੀ ਦਾ ਦੂਜਾ ਚਰਣ ਹੈ। ਫ਼ਰੀਦ ਦੀ ਭਾਸ਼ਾ ਤੋਂ ਬਾਅਦ ਦਾ ਰੂਪ 'ਕੁਤਬ ਸ਼ਕਤ' ਦੀ ਹਿਦੁਈ ਵਿਚ ਮਿਲਦਾ ਹੈ, ਜੋ ਈਸਾ ਦੀ ਪੰਦਰਵੀਂ ਸਦੀ ਦੇ ਮੱਧ ਦੀ ਹੋਣੀ ਚਾਹੀਦੀ ਹੈ। ਇਸ ਲਈ ਫ਼ਰੀਦ ਦੀ ਭਾਸ਼ਾ 'ਰਾਉਲਵੇਲ' ਦੀ ਟੱਕੀ ਅਤੇ 'ਕੁਤਬ ਸ਼ਤਕ' ਦੀ ਹਿੰਦੁਈ ਦੇ ਠੀਕ ਮੱਧ ਦੀ ਹੋਣੀ ਚਾਹੀਦੀ ਹੈ।

ਇਸ ਪਿਛੋਂ ਡਾ. ਗੁਪਤ ਨੇ ਤਿੰਨ ਰਚਨਾਵਾਂ ਦੀ ਤੁਲਨਾਤਮਕ ਸਾਰਣੀ ਦੇ ਆਧਾਰ ਉੱਤੇ ਸਿੱਧ ਕੀਤਾ ਹੈ :

(1) ਫ਼ਰੀਦ ਦੀ ਬਾਣੀ ਵੀ ਉਸ ਭਾਸ਼ਾ ਵਿਚ ਹੈ ਜੋ ਜਿਸ ਵਿਚ 'ਕੁਤਬ ਸ਼ਤਕ' ਦੀ ਰਚਨਾ ਹੋਈ ਹੈ।

(2) ਫ਼ਰੀਦ ਦੀ ਬਾਣੀ 'ਰਾਉਲਵੇਲ' ਦੀ ਟੱਕੀ ਅਤੇ 'ਕੁਤਬ ਸ਼ਤਕ' ਦੀ ਹਿੰਦੁਈ ਦੇ ਵਿਚਾਲੇ ਪੈਂਦੀ ਹੈ।

(3) ਰੂਪਾਂ ਦੀ ਜਿੰਨੀ ਪ੍ਰਾਚੀਨਤਾ ਫ਼ਰੀਦ ਦੀ ਬਾਣੀ ਵਿਚ ਹੈ, ਉਨੀ 'ਕੁਤਬ ਸ਼ਤਕ' ਵਿਚ ਨਹੀਂ ਹੈ। ਇਹ ਤੱਥ ਸਰਬਤਰ ਵੇਖਿਆ ਜਾ ਸਕਦਾ ਹੈ ਪਰ ਵਿਸ਼ੇਸ਼ ਰੂਪ ਵਿਚ ਕਰਤਾ ਅਤੇ ਕਰਮ ਦੇ ਸੰਗਿਆ ਰੂਪਾਂ, ਅਨਯ ਪੁਰਖ ਤੇ ਪੜਨਾਉਂ-ਰੂਪਾਂ, ਭਵਿਸ਼ਕ ਅਤੇ ਭੂਤਕਾਲ ਦੇ ਕਿਰਿਆ ਰੂਪਾਂ ਅਤੇ ਸਥਾਨ ਅਤੇ ਕਾਲ ਵਾਚਕ ਅਵਯਯ ਰੂਪਾਂ ਵਿਚ ਵੇਖਣ ਯੋਗ ਹੈ।

ਇਨ੍ਹਾਂ ਤੱਥਾਂ ਤੋਂ ਸਪੱਸ਼ਟ ਹੈ ਕਿ ਫ਼ਰੀਦ ਦੀ ਬਾਣੀ ਦਾ ਸਮਾਂ ਈਸਵੀ ਸੰਨ ਦੀ 13ਵੀਂ ਸਦੀ ਦਾ ਮੱਧ ਭਾਗ

ਹੋਣਾ ਚਾਹੀਦਾ ਹੈ ਇਸ ਲਈ ਇਹ ਵੀ ਨਿਸ਼ਚਿਤ ਹੈ ਕਿ ਪ੍ਰਸਤੁਤ ਰਚਨਾ ਉਹਨਾਂ ਦੀ ਹੀ ਹੈ, ਇਬਰਾਹੀਮ ਫ਼ਰੀਦ ਦੀ ਨਹੀਂ।

**ਪਾਠਾਂਤਰ ਸੰਬੰਧੀ ਪ੍ਰਮਾਣ :**

ਕਿਸੇ ਰਚਨਾ ਦੀ ਭਾਸ਼ਾ ਦੇ ਸਰੂਪ ਨੂੰ ਪਰਖਣ ਵਿਚ ਪਾਠ ਸ਼ੁੱਧਤਾ ਦਾ ਮਹੱਤਵਪੂਰਨ ਸਥਾਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਫ਼ਰੀਦ ਬਾਣੀ ਬਾਬਾ ਫ਼ਰੀਦ ਦੀ ਮਿਰਤੂ (1266 ਈ:) ਤੋਂ ਲਗਭਗ 338 ਵਰ੍ਹੇ ਬਾਅਦ ਸ਼ਾਮਿਲ ਕੀਤੀ ਗਈ। ਇਸ ਲਈ ਕੰਠ ਅਕੁਕੰਠ ਪਰੰਪਰਾ ਵਿਚ ਇੰਨੇ ਲੰਬੇ ਕਾਲ ਚੱਕਰ ਤੋਂ ਲੰਘਦਿਆਂ ਇਸ ਵਿਚ ਲੋਕ ਅਨੁਵਾਦ ਕਾਰਨ ਅਨੇਕ ਪਾਠਾਂਤਰ ਪ੍ਰਸਤੁਤ ਹੋ ਗਏ। ਇਨ੍ਹਾਂ ਪਾਠਾਂਤਰਾਂ ਦਾ ਇਕ ਕਾਰਨ ਇਹ ਹੈ ਕਿ ਅਚੇਤ ਤੌਰ ਤੇ ਜ਼ਬਾਨੀ ਯਾਦ ਕੀਤੀ ਬਾਣੀ ਵਿਚ ਪਾਠਾਂਤਰ ਉਪਸਥਿਤ ਹੋ ਜਾਂਦੇ ਹਨ। ਦੂਜਾ ਇਹ ਕਿ ਸਮਾਂ ਗੁਜ਼ਰਨ ਨਾਲ ਪੁਰਾਤਨ ਅਪ੍ਰਚਲਿਤ ਸ਼ਬਦ ਡਿਗਦੇ ਜਾਂਦੇ ਹਨ ਅਤੇ ਉਨ੍ਹਾਂ ਦੀ ਥਾਂ ਨਵੇਂ ਸ਼ਬਦ ਸਥਾਨ ਗ੍ਰਹਿਣ ਕਰਦੇ ਜਾਂਦੇ ਹਨ। ਤੀਜੇ ਇਹ ਕਿ ਫ਼ਰੀਦ ਗੱਦੀ ਤੋਂ ਦੂਰ ਦੁਰਾਡੇ ਜਾਂ ਕੇਂਦਰੀ ਪੰਜਾਬੀ ਵੱਲ ਫ਼ਰੀਦ ਬਾਣੀ ਦੇ ਪ੍ਰਸਾਰਣ ਨਾਲ ਬਹੁਤ ਸਾਰੇ ਹਿੰਦੀ ਦੇ ਸ਼ਬਦ ਵੀ ਉਨ੍ਹਾਂ ਇਲਾਕਿਆਂ ਦੀਆਂ ਬੋਲੀਆਂ ਦੀ ਅਨੁਰੂਪਤਾ ਵਾਲੇ ਸ਼ਬਦ ਵੀ ਇਸ ਵਿਚ ਮਿਲਣ ਲਗ ਗਏ ਅਤੇ ਜੇ ਇਹ ਮੰਨ ਲਈਏ ਕਿ ਫ਼ਰੀਦ ਬਾਣੀ ਗੁਰੂ ਨਾਨਕ ਨੇ ਹੀ ਇਕੱਤਰ ਕੀਤੀ ਹੋਈ ਸੀ, ਜਿਵੇਂ ਕਿ ਪ੍ਰੋ. ਸਾਹਿਬ ਦਾ ਮੱਤ ਹੈ, ਤਾਂ ਵੀ 250 ਵਰ੍ਹਿਆਂ ਦਾ ਵਿੱਥ ਸਪੱਸ਼ਟ ਹੀ ਹੈ। ਇਸ ਲਈ ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਪਲੱਬਧ ਫ਼ਰੀਦ ਬਾਣੀ ਇੰਨ-ਬਿੰਨ ਫ਼ਰੀਦ ਮੁੱਖ ਤੋਂ ਉਚਰੀ ਹੋਈ ਬਾਣੀ ਵਰਗੀ ਨਹੀਂ। ਇਹ ਲੋਕ ਅਨੁਵਾਦ ਦੀ ਇਕ ਦੀਰਘ ਯਾਤਰਾ ਕਰਕੇ ਹੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸਮੇਂ ਤਕ ਪਹੁੰਚੀ। ਇਸ ਸਥਾਪਨਾ ਦੀ ਪੁਸ਼ਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਹੋਰਨਾਂ ਪੋਥੀਆਂ ਵਿਚ ਸੰਕਲਿਤ ਫ਼ਰੀਦ ਬਾਣੀ ਤੋਂ ਵੀ ਹੋ ਜਾਂਦੀ ਹੈ, ਜਿਵੇਂ -

(1) ਪੋਥੀ ਗੁਰੂ ਹਰ ਸਹਾਇ

ਫ਼ਰੀਦਾ ਜੰਘੀ ਨਿਕੀਈ ਥਲ ਡੁਗਰ ਭਮਓਮ।
ਅਝਿ ਮਸੀਤੀ ਕੁਜੜਾ ਸਉ ਕੋਹਾ ਥੀਉਮ।

ਗੁਰੂ ਗ੍ਰੰਥ ਸਾਹਿਬ

ਫ਼ਰੀਦਾ ਇੰਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ।
ਅਜੁ ਫ਼ਰੀਦਾ ਕੂਜੜਾ ਸੈ ਕੋਹਾ ਥੀਓਮਿ। (20)

(2) ਪੋਥੀ ਗੁਰੂ ਹਰਿ ਸਹਾਇ

ਫ਼ਰੀਦਾ ਜਾਲੀ ਮੈਂਡੀ ਕੰਬਲੀ ਕਾਲਾ ਮੈਂਡਾ ਵੇਸ।
ਗੁਨਹੀ ਭਰਿਆ ਮੈਂ ਫਿਰਾ ਲੋਕ ਜਾਣੈ ਦਰਵੇਸ਼।

ਗੁਰੂ ਗ੍ਰੰਥ ਸਾਹਿਬ

ਫ਼ਰੀਦਾ ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸੁ।
ਗੁਨਹੀ ਭਰਿਆ ਮੈਂ ਫਿਰਾ ਲੋਕ ਕਹੈ ਦਰਵੇਸ਼। (61)

ਉਕਤ ਪੋਥੀ ਗੁਰੂ ਹਰਿ ਸਹਾਇ ਗੁਰੂ ਗ੍ਰੰਥ ਸਾਹਿਬ ਤੋਂ ਪੁਰਾਣੀ ਲਿਖਤ ਹੈ। ਇਸ ਤੋਂ ਇਲਾਵਾ ਹੋਰ ਕੋਈ ਤੱਥ ਖਿਤ ਸੰਗ੍ਰਿਹਿਆਂ ਤੋਂ ਵੀ ਅਜਿਹੀ ਪਾਠਾਂਤਰ ਪ੍ਰਸਤੁਤ ਕੀਤੇ ਜਾ ਸਕਦੇ ਹਨ। ਸਿੱਟੇ ਵਜੋਂ, ਉਪਲੱਬਧ ਫ਼ਰੀਦ ਬਾਣੀ ਦਾ ਲੋਕ ਅਨੁਵਾਦ ਰਾਹੀਂ ਪਾਠਾਂਤਰਿਤ ਹੋਣਾ ਨਿਰਵਿਵਾਦ ਹੈ।

**ਫ਼ਰੀਦ ਬਾਣੀ ਵਿਚ ਪੇਸ਼ ਹੋਏ ਸ਼ਬਦ :**

ਉਪਰੋਕਤ ਪਾਠਾਂਤਰ ਤੋਂ ਇਲਾਵਾ ਫ਼ਰੀਦ ਬਾਣੀ ਵਿਚ ਕੁਝ ਕੁ ਪਰਿਭਾਸ਼ਿਕ ਸ਼ਬਦਾਂ ਦਾ ਪ੍ਰਯੋਗ ਵਿਚਾਰਨਯੋਗ ਹੈ, ਜਿਵੇਂ ਨਾਮ, ਗੁਰੂ, ਪ੍ਰਭੂ, ਭਗਤੀ, ਧਰਮ ਆਦਿ। ਇਨ੍ਹਾਂ ਬਾਰੇ ਕੁਝ ਵਿਸਤਾਰ ਸਹਿਤ ਵਿਚਾਰ ਕਰ ਲੈਣਾ ਲੋੜੀਂਦਾ ਹੈ।

**ਨਾਮ :**

ਇਸ ਸ਼ਬਦ ਦੀ ਵਰਤੋਂ ਫ਼ਰੀਦ ਬਾਣੀ ਵਿਚ ਦੋ ਵਾਰੀ ਹੋਈ ਹੈ, ਜਿਵੇਂ

(1) ਫ਼ਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨ ਨਾਉਂ (106)

(2) ਵਿਸਰਿਆ ਜਿਨ ਨਾਮ ਤੋਂ ਭੁਇ ਭਾਰੁ ਥੀਏ। (ਸ਼ਬਦ)

ਨਾਮ ਸਿਮਰਨ ਦਾ ਮੱਧ ਯੁੱਗ ਦੀ ਭਗਤੀ ਭਾਵਨਾ ਵਿਚ ਅਧਿਕ ਮਹੱਤਵ ਹੈ। ਹਰ ਇਕ ਸੰਪ੍ਰਦਾਇ ਵਿਚ ਚਾਹੇ ਉਹ ਨਿਰਗੁਣ ਹੋਵੇ, ਚਾਹੇ ਸਰਗੁਣ, ਨਾਮ ਦਾ ਮਹੱਤਵ ਨਿਰਵਿਵਾਦ ਹੈ। ਨਾਮ ਸਾਧਨ ਦਾ ਪਿਛੋਕੜ ਮੰਤਰ ਜਾਪ ਅਤੇ ਸ਼ਬਦ ਸਿਧਾਂਤ ਵਿਚ ਵੇਖਿਆ ਜਾ ਸਕਦਾ ਹੇ। ਮੀਮਾਂਸਕਾਂ ਦੇ ਸ਼ਬਦ ਸਿਧਾਂਤ ਵਿਚ ਨਾਮ ਸਿਮਰਨ ਦਾ ਮਹੱਤਵ ਪੇਸ਼ ਹੋਇਆ ਹੈ। ਯੋਗ ਤੇ ਤੰਤਰ ਸੰਪ੍ਰਦਾਵਾਂ ਵਿਚ ਵੀ ਸ਼ਬਦ ਸਿਧਾਂਤ ਦੀ ਵਿਸਤਾਰ ਪੂਰਣ ਵਿਆਖਿਆ ਮਿਲਦੀ ਹੈ। ਮੰਤਰ ਜਾਪ ਰਾਹੀਂ ਸਾਧਕ ਆਪਣੇ ਮਨ ਨੂੰ ਵਿਸ਼ੇ ਵਾਸ਼ਨਾਵਾਂ ਤੋਂ ਹਟਾਉਣ ਦਾ ਯਤਨ ਕਰਦਾ ਹੈ ਅਤੇ ਆਪਣੇ ਇਸ਼ਟ ਦੇਵ ਨਾਲ ਇਕਮਿਕ ਹੋਣ ਵਿਚ ਸਫਲ ਹੁੰਦਾ ਹੈ। ਪਰ ਨਾਮ ਸਿਮਰਨ ਦੇ ਜਿਸ ਸਾਧਨਾਤਮਕ ਰੂਪ ਨੂੰ ਸੰਤਾਂ ਨੇ ਗ੍ਰਹਿਣ ਕੀਤਾ, ਉਸ ਦੇ ਦਰਸ਼ਨ ਪੂਰਵਵਰਤੀ ਸਾਧਨਾ ਪ੍ਰਣਾਲੀਆਂ ਵਿਚ ਨਹੀਂ ਹੁੰਦੇ। ਸੰਤ ਮਤ ਵਿਚ ਨਾਮ ਸਾਧਨਾ ਇਕ ਮੌਲਿਕ ਅਤੇ ਭਾਵਕ੍ਰਿਤ ਰੂਪ ਧਾਰਨ ਕਰਕੇ ਆਈ ਹੈ। ਇਹ ਮਨੋਂਵ੍ਰਿਤੀਆਂ ਨੂੰ ਈਸ਼ਵਰ ਵੱਲ ਮੋੜਨ ਦੀ ਪ੍ਰਕ੍ਰਿਆ ਹੈ ਜੋ ਮਨ ਦੀ ਮੈਲ ਨੂੰ ਕਟਦੀ ਹੈ ਅਤੇ ਹਉਮੈ ਦਾ ਨਾਸ਼ ਕਰਦੀ ਹੈ। ਇਹ ਨਾਮ ਸਾਧਨਾ ਕਿਸੇ ਇਕ ਸ਼ਬਦ ਜਾਂ ਗੁਰੂ ਦੁਆਰਾ ਦਿੱਤੇ ਗਏ ਮੰਤਰ ਜਾਂ ਪਰਮਾਤਮਾ ਦੇ ਕਿਸੇ ਨਾਂ ਦੀ ਤੋਤਾ-ਰਟਨ ਨਹੀਂ ਕਿਉਂਕਿ ਇਸ ਦਾ ਕੋਈ ਲਾਭ ਨਹੀਂ। ਸ਼ਬਦ ਦੀ ਵਾਸਤਵਿਕਤਾ ਨੂੰ ਪਛਾਣ ਕੇ ਸਿਮਰਨਾ ਹੀ ਨਾਮ ਸਾਧਨਾ ਦੀ ਪ੍ਰਕ੍ਰਿਆ ਹੈ। ਅਜਿਹੀ ਸਾਧਨਾ ਪੱਧਤੀ ਦਾ ਆਰੰਭ ਭਾਰਤ ਵਿਚ ਕਬੀਰ ਅਤੇ ਪੰਜਾਬ ਵਿਚ ਗੁਰੂ ਨਾਨਕ ਰਾਹੀਂ ਹੁੰਦਾ ਹੈ। ਫ਼ਰੀਦ ਬਾਣੀ ਵਿਚ ਇਸ ਸ਼ਬਦ ਦੀ ਵਰਤੋਂ ਇਸ ਸ਼ਬਦ ਦੀ ਸਾਧਨਾ ਪੱਧਤੀ ਤੇ ਇਤਿਹਾਸ ਦੇ ਅਨੁਕੂਲ ਨਹੀਂ।

**ਗੁਰੂ :**

ਇਸ ਸ਼ਬਦ ਦੀ ਵਰਤੋਂ ਫ਼ਰੀਦ ਬਾਣੀ ਵਿਚ ਇਕ ਥਾਂ ਹੋਈ ਹੈ, ਜਿਵੇਂ -

ਜੇ ਗੁਰੂ ਦਸੇ ਵਾਟ ਮੁਰੀਦਾ ਮੋਲੀਐ (ਪੰਨਾ 486)

'ਗੁਰੂ' ਸ਼ਬਦ ਦੀ ਵਰਤੋਂ ਭਾਰਤੀ ਸਾਹਿਤ ਵਿਚ ਆਮ ਹੋਈ ਹੈ। ਉਪਨਿਸ਼ਦਾਂ ਵਿਚ ਇਹ ਗਿਆਨ ਪ੍ਰਾਪਤੀ ਦਾ ਸਾਧਨ ਮੰਨਿਆ ਗਿਆ ਅਤੇ ਤਾਂਤ੍ਰਿਕ ਸਿੱਧਾਂ ਵਿਚ ਸਾਧਨਾ ਦੀ ਕਠਿਨਾਈ ਕਰਕੇ ਗੁਰੂ ਪ੍ਰਤੀ ਭਗਤੀ ਦਾ ਸਿੱਧਾਂਤ ਸਥਿਰ ਹੋਇਆ, ਕਿਉਂਕਿ ਗੁਰੂ ਦੇ ਦੱਸੇ ਬਿਨਾਂ ਤਾਂਤ੍ਰਿਕ ਦੀ ਉਲਟੀ ਸਾਧਨਾ ਵਿਚ ਸਫਲਤਾ ਪ੍ਰਾਪਤੀ ਦੀ ਸੰਭਾਵਨਾ ਨਹੀਂ ਹੈ। ਸਿੱਧ ਗੁਰੂ ਹੀ ਸਾਧਕ ਦਾ ਪਥ-ਪ੍ਰਦਰਸ਼ਨ ਕਰਦਾ ਹੈ। ਸਿੱਧਾਂ ਤੇ ਨਾਥਾਂ ਅਤੇ ਮੁੱਢਲੇ ਸੰਤਾਂ ਨੇ ਵੀ ਭਗਤੀ ਕਰਮ ਨੂੰ ਪਹਿਲਾਂ ਵਾਂਗ ਕਠਿਨ ਬਣਾਈ ਰਖਿਆ। ਭਾਵੇਂ ਉਨ੍ਹਾਂ ਨੇ ਤਾਂਤ੍ਰਿਕ ਸਿੱਧਾਂ ਦੇ ਸਾਧਨਾ ਮਾਰਗ ਨੂੰ ਨਾ ਅਪਨਾਇਆ, ਪਰ ਫਿਰ ਵੀ ਸਿੱਧਾਂ ਦੁਆਰਾ ਸੁਝਾਏ ਗੁਰੂ ਦੇ ਨਵੇਂ ਸਰੂਪ ਅਤੇ ਮਹੱਤਵ ਨੂੰ ਮੰਨਣੋਂ ਸੰਕੋਚ ਨਾ ਕੀਤਾ। ਕੁੱਲ ਮਿਲਾ ਕੇ ਤਾਂਤ੍ਰਿਕ ਦਾ ਗੁਰੂ ਜਟਿਲ ਸਾਧਨਾ ਵਿਚ ਨਿਪੁੰਨ ਹੈ। ਨਾਥਾਂ ਦਾ ਗੁਰੂ ਯੋਗ ਸਾਧਨਾ ਦਾ ਗਿਆਤਾ ਹੈ ਅਤੇ ਮਗਰਲੇ ਸੰਤਾਂ ਦਾ ਗੁਰੂ ਵੇਸ਼ਣਵ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਵਿਅਕਤਿਤਵ ਅਤੇ ਕਰਤੱਵ ਵਜੋਂ ਸੰਤਾਂ ਦੇ ਗੁਰੂ ਅਤੇ ਪਰੰਪਰਾਗਤ ਤਾਂਤ੍ਰਿਕ ਅਤੇ ਨਾਥਾਂ ਦੇ ਗੁਰੂ ਵਿਚ ਅੰਤਰ ਹੈ।

ਸਾਮੀ ਅਧਿਆਤਮਿਕ ਚਿੰਤਨ ਵਿਚ ਕੇਵਲ ਸੂਫ਼ੀਆਂ ਨੇ ਗੁਰੂ ਦੇ ਪ੍ਰਤਿਰੂਪ ਮੁਰਸ਼ਿਦ ਦਾ ਬਹੁਤ ਮਹੱਤਵ ਮੰਨਿਆ ਹੈ। ਇਥੋਂ ਤਕ ਕਿ ਮੁਰਸ਼ਿਦ ਤੋਂ ਬਿਨਾਂ ਸੂਫ਼ੀ ਸਾਧਨਾ ਦੀ ਕਲਪਨਾ ਤਕ ਨਹੀਂ ਕੀਤੀ ਜਾ ਸਕਦੀ। ਪਰਮਾਤਮਾ ਦੀ ਪ੍ਰਾਪਤੀ ਅਤੇ ਅਧਿਆਤਮਿਕ ਮਾਰਗ ਉੱਤੇ ਅੱਗੇ ਵੱਧਣ ਲਈ ਮੁਰਸ਼ਿਦ ਦੀ ਲੋੜ ਪੈਰ-ਪੈਰ ਉਤੇ ਹੈ। ਉਸ ਦੀ ਕਿਰਪਾ ਅਤੇ ਸਹਾਇਤਾ ਤੋਂ ਬਿਨਾਂ ਮੁਰੀਦ ਲਈ ਕੁਝ ਵੀ ਕਰ ਸਕਣਾ ਸੰਭਵ ਨਹੀਂ, ਇਸ ਲਈ ਸੂਫ਼ੀਆਂ ਦੇ ਮੁਰਸ਼ਿਦ ਅਤੇ ਸੰਤਾਂ ਦੇ ਗੁਰੂ ਅਧਿਆਤਮਿਕ ਭਾਵਨਾ ਧਰਾਤਲ ਉਪਰ ਖੜੋਤੇ ਮਾਰਗ ਦਰਸ਼ਕ ਹਨ। ਪਰੰਤੂ ਸੰਤਾਂ ਦੁਆਰਾ 'ਗੁਰੂ' ਪਦ ਦਾ ਪ੍ਰਯੋਗ ਚਿੰਤਾਜਨਕ ਹੈ। ਪੰਜਾਬ ਵਿਚ ਇਸ ਸ਼ਬਦ ਦਾ ਉਕਤ ਪ੍ਰਯੋਗ ਗੁਰੂ ਨਾਨਕ ਕਾਲ ਦੇ ਨੇੜੇ ਤੇੜੇ ਮੰਨਿਆ ਜਾ ਸਕਦਾ ਹੈ, ਉਸ ਤੋਂ ਇੰਨਾ ਪਹਿਲਾਂ ਨਹੀਂ, ਜਿੰਨੀ ਕਿ ਫ਼ਰੀਦ ਬਾਣੀ ਪਹਿਲਾਂ ਦੀ ਹੈ ਅਤੇ ਪੂਰਬਵਰਤੀ ਕਵਿਤਾ ਵਿਚ ਇਸ ਸ਼ਬਦ ਦਾ ਮੁਰਸ਼ਿਦ ਲਈ ਵਰਤਿਆ ਹੋਣਾ ਉਸ ਕਾਵਿ ਅੰਸ਼ ਦੀ ਪ੍ਰਮਾਣਿਕਤਾ ਨੂੰ ਸ਼ੱਕੀ ਬਣਾ ਦਿੰਦਾ ਹੈ।

ਉਪਰੋਕਤ ਸ਼ਬਦਾਂ ਤੋਂ ਇਲਾਵਾ ਕੁਝ ਹੋਰ ਸ਼ਬਦ ਵੀ ਬਹੁਤ ਅਖਰਦੇ ਹਨ, ਜਿਵੇਂ -

1. ਜਾ ਹੋਇ ਕ੍ਰਿਪਾਲੁ ਤਾ 'ਪ੍ਰਭੂ' ਮਿਲਾਹਿ (794)
2. ਅਣਹੋਂਦੇ ਆਪੁ ਵੰਡਾਏ।
   ਕੋ ਐਸਾ ਭਗਤੁ ਸਦਾਏ (128)

3. ਬੋਲੀਐ ਸਚੁ ਧਰਮ ਝੂਠ ਨਾ ਬੋਲੀਐ। (ਪੰਨਾ 488)

ਉਪਰੋਕਤ ਪੰਕਤੀਆਂ ਵਿਚ ਆਏ ਕ੍ਰਿਪਾਲ, ਪ੍ਰਭੂ, ਭਗਤ, ਧਰਮ ਆਦਿ ਅਜਿਹੇ ਸ਼ਬਦ ਹਨ।

ਫ਼ਰੀਦ ਬਾਣੀ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਪਰਮਾਤਮਾ ਸੂਚਕ ਜੋ ਸ਼ਬਦ ਵਰਤੇ ਹਨ, ਉਨ੍ਹਾਂ ਦਾ ਪਿਛੋਕੜ ਜਾਂ ਤਾਂ ਸਾਮੀ ਜਾਂ ਫਿਰ ਉਸ ਦੀ ਘਾੜਤ ਪੱਛਮੀ ਪੰਜਾਬੀ ਦੀ ਟਕਸਾਲ ਵਿਚੋਂ ਹੋਈ ਹੈ, ਉਦਾਹਰਣ ਵਜੋਂ-

ਅੱਲਾਹ

ਜਾ ਫਿਰਿ ਦੇਖਾ ਤਾ ਮੇਰ ਅਲਹੁ ਬੇਲੀ। (794)

ਖੁਦਾਇ

ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ (116)
ਤੇਰੀ ਪਨਹ ਖੁਦਾਇ ਤੂ ਬਖਸੰਦਗੀ (488)

ਖਾਲਕੁ

ਸਬਰ ਸੰਦਾ ਬਾਣੁ ਖਾਲਕੁ ਖਤਾ ਨਾ ਕਰੀ (115)

ਰਬ

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ (19)
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ। (27)
ਜੋ ਤਨ ਰਤੇ ਰਸ ਸਿਉ ਤਿਨ ਤਨਿ ਰਤੁ ਨਾ ਹੋਇ (51)
(ਇਹ ਸ਼ਬਦ ਲਗਭਗ ਦਸ ਵਾਰ ਵਰਤਿਆ ਗਿਆ ਹੈ।)

ਸਾਹਿਬ

ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ (35)
ਫ਼ਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ। (60)
ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ (113)
ਤੇ ਸਾਹਿਬ ਕੀ ਮੈ ਸਾਰ ਨ ਜਾਨੀ (794)

ਸਾਂਈ

ਸਾਂਈ ਮੇਰੇ ਚੰਗਾ ਕੀਤਾ ਨਹੀ ਤ ਹੰਭੀ ਦਝਾ ਆਹਿ (3)
ਸਾਂਈ ਬਾਝਹੁ ਆਪਦੇ ਵੇਦਣ ਕਹੀਐ ਕਿਸੁ (10)
(ਇਹ ਸ਼ਬਦ ਵੀ ਲਗਭਗ 8 ਵਾਰ ਵਰਤਿਆ ਗਿਆ ਹੈ।)

ਕੰਤ

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ (30)
ਸਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ (32)
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੀ ਕੰਤੁ (127)
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ (127)

ਪਿਰ, ਪਿਰਿ, ਪਿਰੀਆ

ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ (31)
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ (119)
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ (130)

ਸਹੁ

ਫ਼ਰੀਦਾ ਹਉ ਲੋੜੀ ਸਹੁ ਆਪਣਾ ਤੁ ਲੋੜਹਿ ਅੰਗਿਆਰੁ (43)
ਧਨ ਕੂਕੇਂਦੀ ਗੋਰ ਮੇਂ ਤੈ ਸਹ ਨ ਮਿਲੀਆਸੁ (54)
ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ (92) ਆਦਿ।

ਪਰਮਾਤਮਾ ਸੂਚਕ ਨਾਵਾਂ ਦੇ ਉਪਰੋਕਤ ਪ੍ਰਯੋਗ ਬਾਬਾ ਫ਼ਰੀਦ ਦੀ ਭਾਵ-ਭੂਮੀ, ਧਰਮ ਸਾਧਨਾ ਅਤੇ ਇਲਾਕਾਈ ਸੰਸਕ੍ਰਿਤੀ ਦੇ ਅਨੁਰੂਪ ਹਨ, ਪਰੰਤੂ ਇਸ ਪਰੰਪਰਾ ਤੋਂ ਹਟ ਕੇ ਵੈਸ਼ਣਵ ਪ੍ਰਵਿਰਤੀ ਵਾਲੇ 'ਪ੍ਰਭੂ' ਸ਼ਬਦ ਦਾ ਉਨ੍ਹਾਂ ਦੁਆਰਾ ਕੀਤਾ ਪ੍ਰਯੋਗ ਕੁਝ ਹੋਰ ਪੜਚੋਲ ਲਈ ਮਜ਼ਬੂਰ ਕਰਦਾ ਹੈ। ਪੰਜਾਬ ਵਿਚ ਸਿੱਖ ਗੁਰੂਆਂ ਤੋਂ ਪਹਿਲਾਂ ਅਧਿਆਤਮਿਕ ਖੇਤਰ ਵਿਚ ਨਾਥ ਯੋਗੀਆਂ ਦਾ ਜ਼ੋਰ ਸੀ ਅਤੇ ਮੁੱਖ ਤੌਰ ਤੇ ਅਲੱਖ ਨਿਰੰਜਨ ਭੋਲੇ ਨਾਥ, ਸ਼ੰਕਰ ਆਦਿ ਸ਼ਬਦ ਹੀ ਇਸ਼ਟ ਸੂਚਕ ਸਨ। ਇਸ ਦੇ ਨਾਲ ਸਗੁਣ ਉਪਾਸ਼ਕਾਂ ਵਿਚ ਰਾਮ, ਕ੍ਰਿਸ਼ਨ, ਨਾਰਾਇਣ, ਵਿਸ਼ਣੂ ਆਦਿ ਸ਼ਬਦ ਪ੍ਰਚਲਿਤ ਸਨ। ਸਿੱਖ ਗੁਰੂਆਂ ਦੀ ਭਗਤੀ ਸਾਧਨਾ ਤੋਂ ਪਹਿਲਾਂ ਪੰਜਾਬ ਦੇ ਅਧਿਆਤਮਿਕ ਮੰਡਲ ਵਿਚ ਪਰਮਾਤਮਾ ਲਈ 'ਪ੍ਰਭੂ' ਸ਼ਬਦ ਦੇ ਵਰਤੇ ਜਾਣ ਦੀ ਬਹੁਤ ਘੱਟ ਸੰਭਾਵਨਾ ਹੈ ਇਸ ਲਈ ਸਪੱਸ਼ਟ ਹੈ ਕਿ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਪਹਿਲਾਂ ਪ੍ਰਸਤੁਤ ਪ੍ਰਸੰਗ ਵਿਚ ਕਿਸੇ ਹੋਰ ਸ਼ਬਦ ਦੀ ਥਾਂ ਉਤੇ ਆਪਣਾ ਆਸਣ ਜਮਾ ਚੁੱਕਾ ਸੀ। ਮੇਰੇ ਵਿਚਾਰ ਅਨੁਸਾਰ ਤਾਂ ਇਸ ਪ੍ਰਸੰਗ ਦਾ ਸਾਰਾ ਮੁਹਾਂਦਰਾ ਹੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਭਗਤੀ ਅੰਦੋਲਨ ਦਾ ਭਾਵ ਅਭਿਵਿਅਕਤੀ ਤੋਂ ਪ੍ਰਭਾਵਿਤ ਹੋਇਆ ਪਲਾਸਟਿਕ ਸਰਜਰੀ ਵਾਂਗ ਨਵੀਨ ਕ੍ਰਿਤ ਹੈ -

ਕਾਲੀ ਕੋਇਲ ਤੂੰ ਕਿਤ ਗੁਨ ਕਾਲੀ।
ਆਪਣੇ ਪ੍ਰੀਤਮ ਕੇ ਹਉ ਬਿਰਹੁ ਜਾਲੀ। (794)
ਪਿਰਹਿ ਬਿਹੂਨੁ ਕਤਹਿ ਸੁਖ ਪਾਏ।
ਜਾ ਹੋਇ ਕ੍ਰਿਪਾਲ ਤਾ ਪ੍ਰਭੂ ਮਿਲਾਏ। (794)

ਉਕਤ ਦੋਵੇਂ ਟੂਕਾਂ ਸੰਤ ਭਾਖਾਂ ਤੇ ਗੁਰੂਆਂ ਦੀ ਭਾਵ ਦੇ ਪੇਸ਼ਕਾਰੀ ਨਾਲ ਬੜੀ ਨੇੜੇ ਦੀ ਸਾਂਝ ਰਖਦੀਆਂ ਹਨ। ਇਨ੍ਹਾਂ ਵਿਚ ਨਾ ਸੂਫ਼ੀ ਸਾਧਨਾ ਦੀ ਕੋਈ ਉਚੇਰੀ ਪਰਛਾਈ ਹੈ ਅਤੇ ਨਾ ਹੀ ਲਹਿੰਦੀ ਉਪਭਾਖਾ ਦੀ ਪ੍ਰਭੂਤਾ। ਇਸੇ ਤਰ੍ਹਾਂ 'ਭਗਤ' ਸ਼ਬਦ ਦੀ ਵਰਤੋਂ ਹੈ। ਇਸ ਸ਼ਬਦ ਦੀ ਵਰਤੋਂ ਵੀ ਭਗਤੀ ਲਹਿਰ ਦੇ ਆਰੰਭ ਤੋਂ ਬਾਅਦ ਦੀ ਹੈ। ਬਾਬਾ ਫ਼ਰੀਦ ਨੇ ਤਾਂ ਪੀਰ, ਦਰਵੇਸ਼, ਦਰਵੇਸ਼ੀ ਬੰਦਗੀ ਆਦਿ ਸ਼ਬਦ ਵਰਤ ਕੇ ਇਸ ਸੰਬੰਧੀ ਆਪਣੀ ਗੱਲ ਕਹੀ ਹੈ। ਇਸੇ ਤਰ੍ਹਾਂ 'ਧਰਮ' ਸ਼ਬਦ ਦੀ ਵਰਤੋਂ ਵੀ ਸੌਖਿਆ ਹੀ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਇਸ ਵਿਸ਼ਲੇਸ਼ਣ ਤੋਂ ਬਾਅਦ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਬਾਬਾ ਫ਼ਰੀਦ ਦੀ ਬਾਣੀ ਅਨੁਕੰਠ ਪਰੰਪਰਾ ਤੋਂ ਗੁਰੂ ਗ੍ਰੰਥ ਸਾਹਿਬ ਤਕ ਪਹੁੰਚਣ ਕਾਰਣ ਲੋਕ ਅਨੁਵਾਦ ਦੀ ਮੈਲ ਤੋਂ ਬਚ ਨਹੀਂ ਸਕੀ ਅਤੇ ਪਰਵਰਤੀ ਸਾਧਨਾ ਪ੍ਰਣਾਲੀਆਂ ਦੇ ਕਈ ਪਰਿਭਾਸ਼ਕ ਸ਼ਬਦ ਜਿਵੇਂ ਨਾਮ, ਗੁਰੂ, ਪ੍ਰਭੂ, ਧਰਮ ਆਦਿ ਆਪਣੀ ਕੁੱਖ ਵਿਚ ਸਮੇਟੀ ਬੈਠੀ ਹੈ।

ਸਾਰਾਂਸ਼ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਫ਼ਰੀਦ ਬਾਣੀ ਬਾਹਰਲੇ, ਅੰਦਰਲੇ, ਵਿਅਕਤਿਤਵ ਅਤੇ ਭਾਸ਼ਾ ਸੰਬੰਧੀ ਪ੍ਰਮਾਣਾਂ ਦੇ ਆਧਾਰ ਉੱਤੇ ਫ਼ਰੀਦ ਸ਼ਕਰਗੰਜ ਦੀ ਸਿੱਧ ਹੁੰਦੀ ਹੈ, ਸ਼ੇਖ ਬ੍ਰਹਮ ਦੀ ਨਹੀਂ।

## ਹਵਾਲੇ

1. ਵਿਸਤਾਰ ਲਈ ਦੇਖੋ ਗੁਰੂ ਨਾਨਕ ਬਾਣੀ (ਸੰਪਦਕ ਡਾ. ਰਤਨ ਸਿੰਘ ਜੱਗੀ, ਪੰਨਾ 40-41)
2. ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 17
3. ਉੱਤਰੀ ਭਾਰਤ ਕੀ ਸੰਤ ਪਰੰਪਰਾ, ਆਚਾਰਸ ਪੁਰਸੁਰਾਮ ਚਤੁਰਵੇਦੀ, ਪੰਨਾ 410
4. ਉਹੀ, ਪੰਨਾ 111
5. ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 251

ਪਾਠ ਨੰਬਰ : 2.2

## ਫ਼ਰੀਦ ਬਾਣੀ ਦੀ ਅਧਿਆਤਮਿਕ ਵਿਚਾਰਧਾਰਾ

ਮੰਤਵ :

ਇਸ ਪਾਠ ਵਿਚ ਬਾਬਾ ਫ਼ਰੀਦ ਦੀ ਅਧਿਆਤਮਿਕ ਵਿਚਾਰਧਾਰਾ ਸੰਬੰਧੀ ਚਰਚਾ ਕੀਤੀ ਗਈ ਹੈ।ਇਸ ਸੰਬੰਧ ਵਿਚ ਪਰਮਾਤਮਾ, ਜੀਵ, ਜਗਤ, ਗੁਰੂ ਅਤੇ ਮੁਕਤੀ ਬਾਰੇ ਭਰਪੂਰ ਵਿਚਾਰ ਕੀਤਾ ਗਿਆ। ਇਸ ਤੋਂ ਇਲਾਵਾ ਇਸ ਪਾਠ ਵਿਚ ਫ਼ਰੀਦ ਜੀ ਦੇ ਨਿਰਾਸ਼ਾਵਾਦੀ ਹੋਣ ਬਾਰੇ ਵੀ ਉਲੇਖ ਹੋਇਆ ਹੈ।

ਰੂਪ ਰੇਖਾ :

ਅਧਿਆਤਮਿਕਤਾ ਦੇ ਲੱਛਣ : ਪਰਮਾਤਮਾ ... ਜੀਵ ...ਮੁਕਤੀ ...ਮਾਇਆ ਦੀ ਛਿਨਭੰਗਤਾ ...ਮੌਤ ਦਾ ਸੰਕਲਪ...ਸ੍ਰਿਸ਼ਟੀ... ਸੂਫ਼ੀਆਂ ਦਾ ਗੌਰਵਮਈ ਆਦਰਸ਼...ਇਕ ਆਦਰਸ਼ਵਾਦੀ ਕਵੀ।

ਅਧਿਆਤਮਿਕ ਚਿੰਤਨ, ਕਰਮ, ਆਚਾਰ ਅਤੇ ਨਿਤਾਪ੍ਰਤੀ ਦੇ ਜੀਵਨ ਦੀ ਇਕ ਵਿਸ਼ੇਸ਼ ਜੁਗਤ ਹੈ। ਜਿਥੋਂ ਤਕ ਚਿੰਤਨ ਅਤੇ ਚੇਤਨਾ ਦਾ ਸੰਬੰਧ ਹੈ, ਅਧਿਆਤਮਿਕਤਾ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਦੇਸ਼ ਕਾਲ ਵਿਚ ਸੀਮਿਤ ਪਸਰੇ ਚੰਦ, ਸੂਰਜ, ਧਰਤੀ, ਗਗਨ ਦੀ ਵਾਸਤਵਿਕਤਾ ਤੋਂ ਨਿਆਰੀ ਇਕ ਹੋਰ ਵਾਸਤਵਿਕਤਾ ਵੀ ਹੈ ਜੋ ਸੁਤੰਤਰ ਤੇ ਸਦੀਵੀ ਹੈ। ਉਸ ਵਾਸਤਵਿਕਤਾ ਜਾਂ ਹਕੀਕਤ ਦੀ ਤਲਬ, ਜਗਿਆਸਾ ਅਤੇ ਉਸ ਹਕੀਕਤ ਦਾ ਗਿਆਨ ਅਧਿਆਤਮਿਕਤਾ ਦੇ ਮੰਡਲ ਵਿਚ ਵਿਸ਼ੇਸ਼ ਮਹੱਤਵ ਰਖਦੇ ਹਨ। ਫ਼ਰੀਦ, ਸਰਬ-ਪ੍ਰਵਾਨਿਤ ਮਾਨਤਾ ਅਨੁਸਾਰ ਸੂਫ਼ੀਆਂ ਦੀ ਚਿਸ਼ਤੀ ਸੰਪ੍ਰਦਾਏ ਨਾਲ ਸੰਬੰਧਿਤ ਇਕ ਸੂਫ਼ੀ ਦਰਵੇਸ਼ ਸੀ। ਸੂਫ਼ੀਮਤ ਜਾਂ ਸੂਫ਼ੀਵਾਦ ਨੂੰ ਇਸਲਾਮੀ ਅਧਿਆਤਮਿਕਤਾ ਆਖਿਆ ਜਾਂਦਾ ਹੈ। ਅਧਿਆਤਮਿਕਤਾ ਦੀ ਜਿਗਿਆਸਾ ਅਤੇ ਅਧਿਆਤਮਿਕਤਾ ਦੀ ਬਿਰਤੀ, ਕਿਸੇ ਵਿਸ਼ੇਸ਼ ਕੌਮ ਜਾਂ ਨਸਲ ਜਾਂ ਦੇਸ਼ ਜਾਂ ਭੂਮੀ ਨਾਲ ਸੰਬੰਧਿਤ ਨਹੀਂ। ਇਨਸਾਨ ਦੇ ਮਨ ਦੀ ਇਹ ਇਕ ਕੁਦਰਤੀ ਤਲਬ (ਲੋੜ/ ਇੱਛਾ / ਮੰਗ/ ਚਾਹ) ਹੈ, ਪਰਮ ਸੱਤ ਦਾ ਗਿਆਨ ਅਤੇ ਪ੍ਰਾਪਤੀ। ਭਾਰਤ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚ, ਅਧਿਆਤਮਿਕਤਾ ਦੇ ਜਿਹੜੇ ਵਿਧਾਨ ਵਿਕਸਿਤ ਹੋਏ ਉਨ੍ਹਾਂ ਵਿਚ ਵਖਰੇਵੇਂ ਦੇ ਬਾਵਜੂਦ ਇਕ ਸਾਂਝ ਹੈ। ਅਧਿਆਤਮਵਾਦੀ ਸੰਤ ਅਤੇ ਸੂਫ਼ੀ ਦਰਵੇਸ਼ ਸਾਧਨਾ ਪੱਖੋਂ ਵੱਖੋ ਵੱਖਰੇ ਹੁੰਦੇ ਹੋਏ ਵੀ ਇਕ ਦੂਜੇ ਦੇ ਨਾਲ ਸਮਾਨਤਾ ਰੱਖਦੇ ਹਨ। ਅਧਿਆਤਮਿਕਤਾ ਦਾ ਮੰਡਲ ਅਤੇ ਸੂਫ਼ੀਵਾਦ ਦਾ ਪਿੜ, ਸਾਂਝ ਅਤੇ ਸਹਿਹੋਂਦ ਦਾ ਵਾਤਾਵਰਣ ਪੇਸ਼ ਕਰਦਾ ਹੈ। ਸੂਫ਼ੀ ਤੱਤ ਚਿੰਤਨ ਅਨੁਸਾਰ ਅਧਿਆਤਮਿਕਤਾ ਦੇ ਹੇਠ ਲਿਖੇ ਚਾਰ ਪੱਖ ਹਨ —

(ੳ) ਅਪਰੋਖ ਵਿਚ ਵਿਸ਼ਵਾਸ਼
(ਅ) ਅਪਰੋਖ ਲਈ ਤੜਪ ਅਤੇ ਤਲਬ
(ੲ) ਅਪਰੋਖ ਦਾ ਗਿਆਨ
(ਸ) ਅਪਰੋਖ ਦੀ ਪ੍ਰਾਪਤੀ

ਸੂਫ਼ੀ ਸੰਤਾਂ ਦੁਆਰਾ ਜਿਹੜੀ ਅਧਿਆਤਮਿਕਤਾ ਨੂੰ ਮੁੱਖ ਰੱਖਿਆ ਗਿਆ ਹੈ, ਉਸ ਅਨੁਸਾਰ ਅਪਰੋਖ ਅਰਥਾਤ ਅਦਿਖ ਹਸਤੀ ਰੱਬ, ਖੁਦਾ ਜਾਂ ਅੱਲਾਹ ਹੈ, ਜੋ ਪਰਮ ਸੱਤ ਹੈ। ਖੁਦਾ ਸਦੀਵੀ, ਸ਼ਕਤੀਮਾਨ, ਸੁਲਤਾਨ, ਕਿਰਪਾਨਿਧਾਨ, ਸ੍ਰਿਸ਼ਟੀ ਕਰਤਾ, ਰੱਖਣਹਾਰ ਅਤੇ ਬਖਸ਼ਣਹਾਰ ਹੈ। ਉਸ ਦੀ ਜਾਤ, ਸਿਫ਼ਾਤ ਅਤੇ ਨਾਮ, ਮਖਲੂਕ ਕੋਲੋਂ ਵੱਖਰੇ ਅਤੇ ਨਿਆਰੇ ਹਨ। ਖੁਦਾ ਦਾ ਸਰੀਰ, ਸ਼ਕਲ, ਅੰਗ, ਉਪਅੰਗ ਅਤੇ ਜੋੜ ਨਹੀਂ। ਉਹ ਸੰਜੋਗ, ਵਿਯੋਗ, ਗਤੀ, ਸਥਿਤੀ ਅਤੇ ਵਾਧੇ ਘਾਟੇ ਤੋਂ ਉਚੇਰਾ ਹੈ। ਦੇਸ਼ ਕਾਲ ਦੀਆਂ ਹੱਦਬੰਦੀਆਂ ਵਿਚ ਉਸ ਦੀ ਅਜ਼ਮਤ (ਸ਼ਾਨ) ਸਮਾ ਨਹੀਂ ਸਕਦੀ। ਮਖਲੂਕ ਦੇ ਗੁਣ ਅਤੇ ਸਭਾਅ ਨਾਲ ਸੰਬੰਧਿਤ ਸ਼ਬਦ, ਉਸ ਨੂੰ ਬਿਆਨ ਨਹੀਂ ਕਰ ਸਕਦੇ। ਉਸ ਜਿਹਾ ਕੋਈ ਨਹੀਂ। ਉਹ ਸੱਚ, ਸਮਝ ਅਤੇ ਖਿਆਲ ਦੀ ਪਹੁੰਚ ਤੋਂ ਪਰ੍ਹੇ ਹੈ।

ਬਾਬਾ ਫ਼ਰੀਦ ਦੀ ਬਾਣੀ ਇਸ ਕਸਵੱਟੀ ਤੇ ਪੂਰੀ ਉਤਰਦੀ ਹੈ। ਉਨਾਂ ਦੀ ਬਾਣੀ ਜਿਥੇ ਪਰਮਾਤਮਾ ਦਾ ਵਿਸਥਾਰਮਈ ਵਰਣਨ ਕਰਦੀ ਹੈ ਉਥੇ ਇਸ ਦਾ ਭਰਪੂਰ ਵਰਣਨ ਵੀ ਕਰਦੀ ਹੈ। ਮਨੁੱਖ ਨੇ ਆਪਣੀ ਮੰਜ਼ਲ ਤੇ ਕਿਸ ਤਰ੍ਹਾਂ ਪਹੁੰਚਣਾ ਹੈ, ਇਸ ਪੱਖ ਨੂੰ ਵਿਸਤਾਰ ਵਿਚ ਵਿਚਾਰਨ ਤੋਂ ਪਹਿਲਾਂ ਉਸ ਪਿਛੋਕੜ ਤੇ ਝਾਤੀ ਮਾਰਨੀ ਵੀ ਜਰੂਰੀ ਹੈ

ਜਿਸ ਦੀ ਛਾਪ ਸਿਧੇ ਅਸਿਧੇ ਢੰਗ ਨਾਲ ਫ਼ਰੀਦ ਬਾਣੀ ਤੇ ਲੱਗੀ ਹੋਈ ਹੈ। ਸੂਫ਼ੀ ਪਰੰਪਰਾ ਦਾ ਇਤਿਹਾਸ ਜਿਥੇ ਬਹੁਤ ਲੰਬਾ ਹੈ, ਉਥੇ ਬਹੁਤ ਅਮੀਰ ਵੀ ਹੈ। ਜਿਥੋਂ ਤਕ ਸੂਫ਼ੀਆਂ ਦੀ ਅਧਿਆਤਮਿਕ ਵਿਚਾਰਧਾਰਾ ਦਾ ਸੰਬੰਧ ਹੈ, ਸੂਫ਼ੀ ਇਕ ਪਰਮਾਤਮਾ ਵਿਚ ਵਿਸ਼ਵਾਸ਼ ਰਖਦੇ ਹਨ। ਸੂਫ਼ੀ ਚਿੰਤਕ ਵਿਚਾਰਧਾਰਾ ਨੂੰ ਦ੍ਰਿਸ਼ਟੀਮਾਨ ਸੰਸਾਰ ਤੋਂ ਬਿਲਕੁੱਲ ਵੱਖਰੀ ਤਰ੍ਹਾਂ ਦੀ ਹਸਤੀ ਨਹੀਂ ਮੰਨਦੇ ਸਗੋਂ ਕਇਨਾਤ ਨੂੰ ਉੱਚ ਸੱਤਾ ਦਾ ਪ੍ਰਕਾਸ਼ ਮੰਨਦੇ ਹਨ। ਬਾਬਾ ਫ਼ਰੀਦ ਦੀ ਕਵਿਤਾ ਵਿਚ ਇਹ ਤੱਥ ਇਸ ਤਰਾਂ ਪੇਸ਼ ਹੋਇਆ ਹੈ —

ਫ਼ਰੀਦਾ ਖਾਲਕੁ ਖ਼ਲਕ ਮਹਿ ਖ਼ਲਕ ਵਸੈ ਰਬ ਮਾਹਿ।।
ਮੰਦਾ ਕਿਸ ਨੋ ਆਖੀਐ ਜਾ ਤਿਸੁ ਬਿਨੁ ਕੋਈ ਲਾਹਿ।। (75)

ਖੁਦਾ ਸੂਫ਼ੀਆਂ ਅਨੁਸਾਰ, ਪਰਮ ਕਲਿਆਣ ਦਾ ਹੇਤੂ ਅਤੇ ਪਰਮ ਸੁੰਦਰਤਾ ਦਾ ਲਖਾਇਕ ਪਰਮ ਸਤ ਹੈ। ਸੂਫ਼ੀ ਤੱਤ ਚਿੰਤਨ ਦੇ ਦੋ ਜਾਵੀਏ ਪ੍ਰਸਿੱਧ ਹਨ- ਹਮਾਓਸਤ ਤਥਾ ਵਹਿਦਤ-ਉਲ ਵਜੂਦ। ਪਹਿਲੇ ਨੂੰ ਮੰਨਣ ਵਾਲਿਆਂ ਨੂੰ ਵਜੂਦੀਏ (ਹਸਤੀ ਵਿਚ ਵਿਸ਼ਵਾਸ਼ ਕਰਨ ਵਾਲੇ) ਆਖਦੇ ਹਨ ਅਤੇ ਇਨ੍ਹਾਂ ਦਾ ਵਿਸ਼ਵਾਸ਼ 'ਹਮਾਓਸਤ' ਦਾ ਹੈ। ਇਸ ਵਿਚਾਰਧਾਰਾ ਦਾ ਮੋਢੀ ਮਹੀਉਦੀਨ ਅਰਬੀ ਸੀ ਅਤੇ ਉਸ ਮੁਤਾਬਿਕ ਇਕ-ਮਾਤਰ ਸੱਤਾ ਪਰਮਾਤਮਾ ਹੈ ਅਤੇ ਸਭ ਕੁਝ ਉਹੀ ਹੈ (ਹਮਾਓਸਤ)। ਬਾਬਾ ਫ਼ਰੀਦ ਦਾ ਵਿਸ਼ਵਾਸ਼ ਵੀ 'ਹਮਾਓਸਤ' ਦਾ ਹੈ ਅਤੇ ਉਸ ਦਾ ਵਰਣਨ ਅਸੀ ਉਪਰ ਕਰ ਦਿੱਤਾ ਹੈ। ਭਾਵ ਫ਼ਰੀਦ ਮੁਤਾਬਿਕ ਦ੍ਰਿਸ਼ਟਮਾਨ ਜਗਤ ਉਸੇ ਪਰਮ ਸੱਤਾ ਦੀ ਪੇਸ਼ਕਾਰੀ ਹੈ।

ਦੂਸਰੇ ਜਾਵੀਏ ਦੇ ਮੁਦਈ ਸੂਫ਼ੀ ਚਿੰਤਕਾਂ ਦਾ ਵਹਿਦਤ-ਉਲ-ਜਹੂਦ ਵਿਚ ਵਿਸ਼ਵਾਸ਼ ਹੈ ਅਤੇ ਇਨ੍ਹਾਂ ਨੂੰ ਜਹੂਦੀਏ ਆਖਦੇ ਹਨ। ਇਨ੍ਹਾਂ ਦਾ ਵਿਸ਼ਵਾਸ਼ 'ਹਮਾਜ਼ਓਸਤ' ਵਿਚ ਹੈ। ਜਿਸ ਦਾ ਅਰਥ ਇਹ ਹੈ ਕਿ ਪਰਮਾਤਮਾ ਵੱਖਰੀ ਪਰਸੱਤਾ ਹੈ ਅਤੇ ਜੀਵ ਵੱਖਰੀ ਪਰਸੱਤਾ ਹੈ। ਇਸ ਭੇਦ ਨੂੰ ਜ਼ਹੂਦੀ ਚਿੰਤਕਾਂ ਨੇ ਪਾਣੀ ਅਤੇ ਬਰਫ਼ ਦੇ ਸੁੰਦਰ ਉਦਾਹਰਣ ਰਾਹੀਂ ਹੋਰ ਵੀ ਸਪਸ਼ੱਟ ਕੀਤਾ ਹੋਇਆ ਹੈ। ਪਾਣੀ ਤੇ ਬਰਫ਼ ਇਕ ਹੋਣ ਤੇ ਵੀ ਵੱਖ-ਵੱਖ ਰੂਪ ਅਤੇ ਨਾਮ ਦੇ ਧਾਰਨੀ ਹਨ। ਪਰਮਾਤਮਾ ਪਾਣੀ ਸਮਾਨ ਹੈ ਅਤੇ ਜੀਵ ਬਰਫ਼ ਇਕ ਹੋਣ ਤੇ ਵੀ ਦੋਵੇਂ ਇਕ ਦੂਜੇ ਨਾਲੋਂ ਵੱਖ ਹਨ। ਉਸ ਨੂੰ ਦਿੱਤਾ ਗਿਆ ਨਾਮ ਭਾਵੇਂ ਉਸ ਦੇ ਸਰੋਤ ਪਾਣੀ ਕਰਕੇ ਹੀ ਹੈ, ਪਰ ਹੈ ਉਹ ਵੱਖ।

ਬਾਬਾ ਫ਼ਰੀਦ ਪਹਿਲਾ ਸੂਫ਼ੀ ਕਵੀ ਹੈ, ਜਿਸ ਨੇ ਸੂਫ਼ੀ ਵਿਚਾਰਧਾਰਾ ਨੂੰ ਪੰਜਾਬੀ ਵਰਗੀ ਲੋਕਾਂ ਦੀ ਬੋਲੀ ਵਿਚ ਬੜੇ ਸਪਸ਼ਟ ਅਤੇ ਸਰਲ ਰੂਪ ਵਿਚ ਪੇਸ਼ ਕੀਤਾ ਹੈ। ਅਧਿਆਤਮਿਕ ਕਵੀ ਦੇ ਨਾਤੇ ਸਭ ਤੋਂ ਪਹਿਲਾਂ ਮਸਲਾ ਪਰਮਾਤਮਾ ਨਾਲ ਸੰਬੰਧਿਤ ਹੈ। ਪਰ ਇਕ ਸੂਫ਼ੀ ਸਾਧਕ ਆਪਣੀ ਰਚਨਾ ਵਿਚ ਖੁਦਾ ਜਾਂ ਪਰਮਸੱਤਾ ਸੰਬੰਧੀ ਆਪਣੇ ਨਿਜੀ ਅਨੁਭਵ ਨੂੰ ਪੇਸ਼ ਕਰਦਾ ਹੈ। ਦੂਜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਸੂਫ਼ੀ ਕਵਿਤਾ ਬ੍ਰਹਮ ਜਾਂ ਰੱਬ ਦੇ ਅਨੁਭਵ ਦੀ ਕਵਿਤਾ ਹੁੰਦੀ ਹੈ।

ਬਾਬਾ ਫ਼ਰੀਦ ਨੇ ਪਰਮਾਤਮਾ ਬਾਰੇ ਆਪਣੇ ਨਿੱਜੀ ਅਨੁਭਵ ਨੂੰ ਬਿਆਨ ਕਰਦਿਆਂ ਹੋਇਆ, ਉਸ ਨੂੰ 'ਮਿੱਠਾ' ਦਸਿਆ ਹੈ: ਮਿੱਠਾ ਵੀ ਉਹ, ਜਿਸ ਨੂੰ ਮਨੁੱਖੀ ਪਹੁੰਚ ਵਿਚ ਆਉਣ ਵਾਲੀ ਹੋਈ ਮਿੱਠੀ ਚੀਜ਼ ਨਹੀਂ ਪਹੁੰਚ ਸਕਦੀ —

ਫ਼ਰੀਦਾ ਸ਼ਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਝਾ ਦੁਧੁ।
ਸਭੇ ਵਸਤੂ ਮਿਠੀਆਂ ਰਬ ਨਾ ਪੁਜਨਿ ਤੁਧੁ।। (27)

ਜੇ ਇਥੇ ਭਾਰਤੀ ਪ੍ਰਭਾਵ ਮੰਨ ਲਿਆ ਜਾਵੇ ਤਾਂ ਨਾਲ ਹੀ ਜਿਹੜਾ ਸ਼ੈਤਾਨ ਦਾ ਸੰਕਲਪ ਫ਼ਰੀਦ ਜੀ ਨੇ ਆਪਣੀ ਬਾਣੀ ਵਿਚ ਪੇਸ਼ ਕੀਤਾ ਹੈ ਉਹ ਨਿਰੋਲ ਇਸਲਾਮੀ ਹੈ। ਇਹ ਸ਼ੈਤਾਨ ਡਾਢਾ ਹੈ ਅਤੇ ਇਸ ਦੀ ਮਾਰ ਤੋਂ ਬਚਣਾ ਬੜਾ ਮੁਸ਼ਕਲ ਹੈ—

ਫ਼ਰੀਦਾ ਕੂਕੇਦਿਆਂ ਚਾਂਗੇਦਿਆਂ ਮਤੀ ਦੇਦਿਆਂ ਨਿਤ।।
ਜੋ ਸੰਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ।। (15)

ਸੋ ਫ਼ਰੀਦ ਦੀ ਅਧਿਆਤਮਿਕ ਵਿਚਾਰਧਾਰਾ ਜਿਥੇ ਇਸਲਾਮ ਤੇ ਆਧਾਰਤ ਹੈ ਉਥੇ ਇਸ ਉਤੇ ਭਾਰਤੀ ਪ੍ਰਭਾਵ ਵੀ ਪ੍ਰਤੱਖ ਹੈ। ਫ਼ਰੀਦ ਦੀ ਬਾਣੀ ਵਿਚਲਾ ਇਹ ਭਾਰਤੀ ਪ੍ਰਭਾਵ, ਬਾਬਾ ਫ਼ਰੀਦ ਨਾਲ ਹੀ ਨਹੀਂ ਸ਼ੁਰੂ ਹੁੰਦਾ ਸਗੋਂ ਇਹ ਤਾਂ ਬਹੁਤ ਪਹਿਲਾਂ ਪਲੈਟੋ ਰਾਹੀਂ ਈਰਾਨ ਦੇ ਮੁਢਲੇ ਸੂਫ਼ੀਆਂ ਤੇ ਪੈ ਚੁੱਕਾ ਸੀ।ਫ਼ਰੀਦ ਬਾਣੀ ਵਿਚ ਇਹ ਵਧੇਰੇ ਸਪਸ਼ਟਤਾ ਸਹਿਤ ਪ੍ਰਗਟ ਹੋਇਆ ਹੈ। ਫ਼ਰੀਦ ਦਾ ਪਰਮਾਤਮਾ ਇਕ ਹੈ ਅਤੇ ਉਸ ਇਕ ਬਿਨਾਂ ਕਿਸੇ ਹੋਰ ਕੋਲ ਵੇਦਨਾ ਨਹੀਂ ਆਖੀ

ਜਾ ਸਕਦੀ (ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ)। ਉਹ ਪਰਮਾਤਮਾ ਪਰਵਰਦਿਗਾਰ, ਅਪਾਰ, ਅੰਗਮ ਅਤੇ ਬੇਅੰਤ ਹੈ। ਪਰਮਾਤਮਾ ਦੇ ਇਸ ਰੂਪ ਦੀ ਮਨੁੱਖ ਨੇ ਪਛਾਣ ਕਰਨੀ ਹੈ ਅਤੇ ਇਸ ਪਛਾਣ ਵਾਸਤੇ ਫ਼ਰੀਦ ਬਾਣੀ ਵਿਚ ਪੜਾਵਾਂ ਦਾ ਜ਼ਿਕਰ ਕੀਤਾ ਹੋਇਆ ਹੈ। 'ਬੇ ਨਵਾਜਾ ਕੁਤਿਆ' ਕਹਿ ਦੇ ਫ਼ਰੀਦ ਨੇ ਸ਼ਰੀਅਤ ਵਿਚ ਵਿਸ਼ਵਾਸ ਪ੍ਰਗਟ ਕੀਤਾ ਹੈ ਪਰੰਤੂ ਇਹ ਸ਼ਰੀਅਤ ਕਿਸੇ ਕਿਸਮ ਦੀ ਧਾਰਮਿਕ ਕੱਟੜਤਾ ਦੀ ਧਾਰਨੀ ਨਹੀਂ ਜਾਪਦੀ ਸਗੋਂ ਆਪਣੇ ਆਦਰਸ਼ ਨੂੰ ਪ੍ਰਾਪਤ ਕਰਨ ਦੇ ਮਾਰਗ ਦੀ ਇਕ ਮੰਜ਼ਲ ਦੇ ਤੌਰ ਤੇ ਪੇਸ਼ ਕੀਤੀ ਹੋਈ ਹੈ।

ਇਸ ਵਿਚਾਰ ਦੀ ਪ੍ਰੋੜ੍ਹਤਾ ਵਿਚ ਫ਼ਰੀਦ ਦਾ ਇਹ ਵਿਚਾਰ ਪੇਸ਼ ਕੀਤਾ ਜਾ ਸਕਦਾ ਹੈ ਕਿ ਜਿਸ ਵੇਸ ਵਿਚ ਵੀ ਪਰਮਾਤਮਾ ਮਿਲਦਾ ਹੋਵੇ, ਉਹੀ ਵੇਸ ਧਾਰਨ ਕਰ ਲੈਣਾ ਚਾਹੀਦਾ ਹੈ—

ਫ਼ਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰਾਉ।
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ।। (103)

ਏਸੇ ਤਰ੍ਹਾਂ ਸਾਧਕ ਅੱਠ ਮੰਜ਼ਲਾਂ ਪਾਰ ਕਰਦਾ ਹੋਇਆ ਦਰਵੇਸੀ ਵੱਲ ਨੂੰ ਵਧਦਾ ਹੈ। ਇਹ ਦਰਵੇਸ਼ੀ ਸਾਹਿਬ ਦੀ ਚਾਕਰੀ ਕੀਤਿਆਂ ਮਿਲਦੀ ਹੈ ਅਤੇ ਇਸ ਦੀ ਨਿਸ਼ਾਨੀ ਹਰ ਕਿਸਮ ਦੇ ਭਰਮ ਤੇ ਭੁਲੇਖਿਆਂ ਦੀ ਨਵਿਰਤੀ ਹੈ-

ਫ਼ਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ।।
ਦਰਵੇਸਾਂ ਨੂੰ ਲੋੜੀਐ ਰੁੱਖਾਂ ਦੀ ਜੀਰਾਂਦਿ।।

ਪਰਮਾਤਮਾ ਦੇ ਸੰਕਲਪ ਦੇ ਨਾਲ ਫ਼ਰੀਦ ਬਾਣੀ ਦੀ ਆਧਿਆਤਮਿਕ ਵਿਚਾਰਧਾਰਾ ਦਾ ਦੂਜਾ ਜਰੂਰੀ ਅੰਗ ਜੀਵ ਹੈ। ਜੀਵ ਨੂੰ ਬ੍ਰਹਮ ਦਾ ਅੰਸ਼ ਮੰਨਿਆ ਹੋਇਆ ਹੈ ਅਤੇ ਦੋਹਾਂ ਵਿਚਲੇ ਰਿਸ਼ਤੇ ਨੂੰ ਪ੍ਰਗਟ ਕਰਨ ਲਈ ਪਤੀ-ਪਤਨੀ ਦਾ ਅਲੰਕਾਰ ਵਰਤਿਆ ਹੈ। ਫ਼ਰੀਦ ਬਾਣੀ ਵਿਚ ਦੋ ਤਰ੍ਹਾਂ ਦੇ ਜੀਵਾਂ ਦਾ ਵਰਣਨ ਆਇਆ ਹੈ (1) ਸੱਚੇ (ਦਲਹੁ ਮੁਹਬਤਿ ਜਿੰਨ ਸੇਈ ਸਚਿਆ) ਅਤੇ (2) ਕੱਚੇ (ਜਿਨ ਮੁਖਿ ਹੋਰਜ ਸਿ ਕਾਂਢੇ ਕਚਿਆ)। ਜੀਵ ਭਰਮ ਦਾ ਸ਼ਿਕਾਰ ਹੋ ਕੇ, ਦੁਨਿਆਵੀ ਪਰਪੰਚ ਵਿਚ ਉਲਝਿਆ ਹੋਇਆ ਹੈ। ਅਗਿਆਨ ਵਸ ਉਹ ਇਹ ਵੀ ਨਿਖੇੜ ਕਰ ਸਕਣ ਤੋਂ ਅਸਮਰਥ ਹੈ ਕਿ ਠੀਕ ਕੀ ਹੈ ਅਤੇ ਗ਼ਲਤ ਕੀ ਹੈ? ਜਿਸ ਸ਼ਰੀਰ ਦੇ ਸੁੱਖ ਆਰਾਮ ਲਈ ਉਹ ਭਜਿਆ ਫਿਰਦਾ ਹੈ, ਉਸ ਨੇ ਨਾਲ ਨਹੀਂ ਨਿਭਣਾ। ਜਿਸ ਵੇਲੇ ਇਸ ਸਰੀਰ ਵਿਚੋਂ ਪਰਮਾਤਮਾ ਦਾ ਅੰਸ਼ (ਆਤਮਾ) ਨਿਕਲ ਗਿਆ, ਇਸ ਸਰੀਰ ਨੇ ਮਿੱਟੀ ਹੋ ਜਾਣਾ ਹੈ—

ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ।। (794)

ਜੀਵ ਵਾਸਤੇ ਸਿੱਖਿਆ ਇਹ ਹੈ ਕਿ ਇਥੇ ਕੋਈ ਥਿਰ ਨਹੀਂ ਰਿਹਾ, ਇਸ ਲਈ ਜੀਵ ਵਾਸਤੇ ਜਰੂਰੀ ਹੈ ਕਿ ਇਸ ਦੁਨੀਆਂ ਵਿਚ ਪਸਰੇ ਹੋਏ ਪਦਾਰਥਕ ਝੂਠ ਨੂੰ ਪਛਾਣੇ ਅਤੇ ਇਸ ਤੋਂ ਬਚਣ ਦੇ ਯਤਨ ਕਰੇ।

ਝੂਠੀ ਦੁਨੀਆ ਲਗਿ ਨ ਆਪ ਵਞਾਈਐ। (488)

ਇਥੇ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਫ਼ਰੀਦ, ਪਿਛੇ ਦਿੱਤੀ ਪਾਣੀ ਤੇ ਬਰਫ਼ ਵਾਲੀ ਉਦਾਹਰਣ ਮੁਤਾਬਿਕ ਚਲ ਰਿਹਾ ਹੈ। ਇਥੇ ਦੁਨੀਆਂ ਨੂੰ ਝੂਠਾ ਕਿਹਾ ਹੈ। ਜਿਵੇਂ ਬਰਫ਼ ਦਾ ਰੂਪ ਪਾਣੀ ਕਰ ਕੇ ਹੈ ਅਤੇ ਅਸਲ ਰੂਪ ਪਾਣੀ ਹੀ ਹੈ। ਬਰਫ਼ ਦਾ ਭਾਵੇਂ ਇਕ ਨਿਸ਼ਚਿਤ ਰੂਪ ਸਾਹਮਣੇ ਨਜ਼ਰ ਆ ਰਿਹਾ ਹੈ ਪਰ ਇਹ ਰੂਪ ਬਿਨਸਣਹਾਰ ਹੈ। ਬਰਫ਼ ਵਾਂਗ ਹੀ ਸਰੀਰ ਨੇ ਖਤਮ ਹੋ ਜਾਣਾ ਹੈ। ਇਹ ਸਾਰਾ ਭਰਮ ਜਾਲ, ਮਨੁੱਖ ਦੀਆਂ ਵਾਸ਼ਨਾਵਾਂ ਨੇ ਪੈਦਾ ਕੀਤਾ ਹੋਇਆ ਹੈ। ਇਹ ਵਾਸ਼ਨਾਵਾਂ ਸਰੀਰ ਅਤੇ ਮਨ ਦੇ ਸੁਭਾ ਹਨ। ਇਸ ਤੋਂ ਮਨੁੱਖ ਨੇ ਬਚਣਾ ਹੈ —

ਫ਼ਰੀਦਾ ਇਹ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ।।
ਕੰਨੀ ਬੁਜੇ ਦੇ ਰਹਾਂ ਕਿਤੀ ਵਰੀ ਪਉਣੁ।। (488)

ਇਨ੍ਹਾਂ ਖਾਹਸ਼ਾਂ ਨੂੰ ਫ਼ਰੀਦ ਨੇ 'ਕੂੰਜੜੀਆਂ ਮਨਹੁ ਮਚਿੰਦੜੀਆਂ' ਵੀ ਕਿਹਾ ਹੈ। ਜੀਵ ਇਸ ਤੇ ਕਾਬੂ ਪਾ ਸਕਦਾ ਹੈ। ਇਹ ਵਿਸ਼ਵਾਸ਼ ਫ਼ਰੀਦ ਬਾਣੀ ਦੀ ਅਧਿਆਤਮਿਕ ਵਿਚਾਰਧਾਰਾ ਦਾ ਨਰੋਆ ਅੰਗ ਹੈ। ਇਸ ਤੇ ਕਾਬੂ ਪਾਉਣ ਲਈ, ਜੀਵ ਨੂੰ ਇਹ ਧਿਆਨ ਰੱਖਣ ਦੀ ਲੋੜ ਹੈ ਕਿ ਉਸ ਦੇ ਕਰਮ, ਸਮਾਜਿਕ ਤੌਰ ਤੇ ਪਿਛੇ ਧੱਕਣ ਵਾਲੇ ਨਹੀਂ ਹੋਣੇ ਚਾਹੀਦੇ ਅਤੇ ਨਾ ਹੀ ਦਿਲ ਦੁਖਾਉਣ ਵਾਲੇ ਜਾਂ ਸਮਾਜਿਕ ਨੈਤਿਕਤਾ ਤੋਂ ਨੀਵੇਂ ਹੋਣੇ ਚਾਹੀਦੇ ਹਨ। ਅਜਿਹੇ ਮਿਆਰਹੀਨ ਕਰਮਾਂ ਨੂੰ ਫਰੀਦ ਨੇ 'ਕਾਲੇ ਲੇਖ' ਆਖਿਆ ਹੈ ਅਤੇ ਇਨ੍ਹਾਂ ਤੋਂ ਵਰਜਿਆ ਹੈ —

ਫ਼ਰੀਦਾ ਜੋ ਤੈ ਅਕਲਿ ਲਤੀਫੁ ਕਾਲੇ ਲਿਖ ਨਾ ਲੇਖੁ।।

ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰ ਦੇਖੁ।। (6)

ਜਿਹੜਾ ਆਪਣੇ ਅੰਦਰ ਝਾਤੀ ਮਾਰਦਾ ਹੈ ਉਹ ਸੱਚਾ ਹੈ, ਦਰਵੇਸ਼ ਹੈ ਅਤੇ ਪ੍ਰਭੂ ਪ੍ਰੀਤ ਦਾ ਭਾਗੀ ਹੈ। ਅਜਿਹੇ ਮਨੁਖ ਦਾ ਵਿਸ਼ਵਾਸ਼ ਪ੍ਰਭੂ ਦੀ ਪ੍ਰੀਤ ਦੀ ਹਰ ਕੀਮਤ ਤੇ ਪਾਲਣਾ ਕਰਨਾ ਹੁੰਦਾ ਹੈ :

ਜੋਬਨ ਜਾਂਦੇ ਨ ਡਰਾਂ ਜੇ ਸਹੁ ਪ੍ਰੀਤਿ ਨਾ ਜਾਇ।।<br>
ਫ਼ਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ।। (34)

ਅਤੇ ਜਿਹੜਾ ਕਾਲੇ ਲੇਖ ਲਿਖੀ ਜਾ ਰਿਹਾ ਹੈ ਉਹ ਸਦੀਵੀ ਦੁਖਾਂ ਦਾ ਸ਼ਿਕਾਰ ਹੈ ਕਿਉਂਕਿ ਫ਼ਰੀਦ ਦੀ ਧਾਰਨਾ ਇਹ ਹੈ :

ਪਿਰਹਿ ਬਿਹੂਨ ਕਤਹਿ ਸੁਖੁ ਪਾਇ।। (794)

ਅਜਿਹੇ ਜੀਵਨ ਦਾ ਨਕਸ਼ਾ 'ਚਿੰਤ ਚਟੋਲਾ ਵਾਣੁ ਦੁਖਿ ਬਿਰਹਿ ਵਿਛਾਵਣੁ ਲੇਫੁ' ਵਾਲੇ ਸਲੋਕ ਵਿਚ ਪ੍ਰਗਟ ਕੀਤਾ ਹੋਇਆ ਹੈ। ਪਰਮਾਤਮਾ ਤੇ ਜੀਵ ਦੀ ਅਟੁਟ ਸਾਂਝ ਨੂੰ ਬਿਆਨ ਕਰਦਿਆਂ ਇਕ ਪਾਸੇ ਇੱਜ਼ਤ ਵਾਲੇ ਜੀਵਨ ਦੀ ਇੱਛਾ ਕੀਤੀ ਹੈ ਕਿਉਂ ਕਿ ਇਸ ਬਿਨਾਂ ਜੀਵਨ ਬੇਕਾਰ ਹੈ :-

ਫ਼ਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੇ ਨ ਦੇਹਿ<br>
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।। (42)

ਦੂਜੇ ਪਾਸੇ ਦਰਵੇਸ਼ੀ ਵਾਲੇ ਜੀਵਨ ਦੀ ਪ੍ਰਾਪਤੀ ਵਾਸਤੇ ਮਾਰਗ ਦਰਸ਼ਨ ਕੀਤਾ ਹੈ। ਇਹ ਪ੍ਰਾਪਤੀਆਂ ਏਸੇ ਹੀ ਜੀਵਨ ਵਿਚ ਜੀਵ ਨੇ ਪ੍ਰਾਪਤ ਕਰਨੀਆਂ ਹੈ। ਇਸ ਵਾਸਤੇ ਜੀਵ ਨੂੰ ਇਕ ਆਜਜ਼ੀ ਵਾਲਾ, ਨਿਮ੍ਰਤਾ ਵਾਲਾ ਸੁਭਾਅ ਬਣਾਉਣ ਦੀ ਲੋੜ ਹੈ। ਉਹ ਸੁਭਾਅ ਹੈ ਪ੍ਰਭੂ ਦੀ ਸ਼ਰਨ ਦਾ, ਬਖਸ਼ਣਹਾਰ ਪ੍ਰਤੀ ਕ੍ਰਿਤੱਗਯਤਜਾ ਦਾ ਅਤੇ ਭਗਤੀ ਦਾ ਹੈ :-

ਤੇਰੀ ਪਨਹ ਖੁਦਾਇ ਤੂੰ ਬਖਸੰਦਗੀ।।<br>
ਸੇਖ ਫ਼ਰੀਦੈ ਖੈਰੁ ਦੀਜੈ ਬੰਦਗੀ।। (488)

ਇਸ ਸੁਭਾਅ ਵਾਲਾ ਮਨੁੱਖ ਆਪਣੀ ਮੰਜ਼ਿਲ ਵਲ ਪੜਾਅ ਦਰ ਪੜਾਅ ਵਧਦਾ ਜਾਂਦਾ ਹੈ ਅਤੇ ਅੰਤ ਉਹ ਮੁਕਤੀ ਨੂੰ ਪ੍ਰਾਪਤ ਕਰ ਲੈਂਦਾ ਹੈ। ਇਹ ਮੁਕਤੀ ਨਿਜੀ ਵਿਅਕਤਿਤਵ ਦੀ ਪ੍ਰਜਵਲਤਾ ਹੈ। ਫ਼ਰੀਦ ਅਨੁਸਾਰ ਸਾਧਕ ਨੂੰ ਇਖਲਾਕੀ ਤਿਆਰੀ ਕਰਨੀ ਚਾਹੀਦੀ ਹੈ। ਇਸ ਤਿਆਰੀ ਵਾਸਤੇ ਜਿਨ੍ਹਾਂ ਗੁਣਾਂ ਨੂੰ ਗ੍ਰਹਿਣ ਕਰਨ ਤੇ ਵਧੇਰੇ ਜ਼ੋਰ ਦਿੱਤਾ ਹੈ ਉਹ ਹਨ—ਸਬਰ, ਖਿਮਾ, ਸਹਿਣ-ਸ਼ੀਲਤਾ, ਮਧੁਰਤਾ, ਰਜ਼ਾ, ਪੀਰ/ਗੁਰੂ ਦੇ ਪ੍ਰਤੀ ਸਮਰਪਣ ਆਦਿ। ਇਹ ਸਾਰੇ ਅਜਿਹੇ ਗੁਣ ਹਨ, ਜਿਨ੍ਹਾਂ ਦੀ ਪਾਲਣਾ ਅਤਿਅੰਤ ਜ਼ਰੂਰੀ ਮੰਨੀ ਗਈ। ਸਬਰ ਨੂੰ, ਸਾਧਕ ਦੀ ਮੁਢਲੀ ਲੋੜ ਮੰਨਦੇ ਹੋਏ ਇਸ ਨੂੰ ਇਕ ਅਜਿਹਾ ਤੀਰ ਦਸਿਆ ਹੈ, ਜਿਸਦਾ ਵਾਰ ਕਦੇ ਵੀ ਖਾਲੀ ਨਹੀਂ ਜਾਂਦਾ :-

ਸਬਰੁ, ਮੰਝਿ ਕਮਾਣ ਏ ਸਬਰੁ ਦਾ ਨੀਹਣੋ।।<br>
ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ।।

ਇਹ ਸਬਰ ਹੀ ਹੈ ਜਿਹੜੀ ਮਨੁੱਖੀ ਸ਼ਖਸ਼ੀਅਤ ਨੂੰ ਇੰਨਾ ਵਸੀਹ ਕਰ ਦੇਂਦਾ ਹੈ ਕਿ ਖਿਮਾ ਉਸ ਦਾ ਸੁਭਾਅ ਬਣ ਜਾਂਦੀ ਹੈ :

ਸਬਰੁ ਏਹ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ।।<br>
ਵਧਿ ਥੀਵਹਿ ਦਰਿਆਉ ਟੁਟਿ ਨਾ ਥੀਵਹਿ ਵਾਹੜਾ।। (117)

ਸਹਿਣਸ਼ੀਲਤਾ ਅਤੇ ਦਰਵੇਸ਼ੀ ਨੂੰ ਇਕੋ ਹੀ ਵਸਤੂ ਦੇ ਦੋ ਪੱਖ ਮੰਨਿਆ ਜਾਂਦਾ ਹੈ ਅਤੇ ਰੁੱਖ ਵਰਗੀ ਸਹਿਣਸ਼ੀਲਤਾ ਨੂੰ ਸਾਧਕ ਦੇ ਆਦਰਸ਼ ਦੇ ਤੌਰ ਤੇ ਪੇਸ਼ ਕੀਤਾ ਹੈ ਅਤੇ ਇਹ ਆਦਰਸ਼ ਸੇਵਾ ਰਾਹੀਂ ਪੂਰਾ ਕਰਨ ਦੀ ਨਸੀਹਤ ਕੀਤੀ ਹੋਈ ਹੈ :-

ਫ਼ਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ।।<br>
ਦਰਵੈਸਾ ਨੂੰ ਲੋੜੀਐ ਰੁਖਾਂ ਦੀ ਜੀਰਾਂਦਿ।। (60)

ਮਧੁਰਤਾ ਦਾ ਇਹ ਹਾਲ ਹੈ ਕਿ ਸਭਨਾਂ ਪ੍ਰਾਣੀਆਂ ਨੂੰ ਅਮੁਲ ਮੰਨਦਿਆਂ, ਕਿਸੇ ਨਾਲ ਵੀ ਫਿੱਕਾ ਨਾ ਬੋਲਣ ਲਈ ਪ੍ਰੇਰਨਾ ਕੀਤੀ ਹੋਈ ਹੈ। ਅਜਿਹੇ ਨਿਮਰ ਵਿਅਕਤੀ ਦਾ ਦੂਜਿਆਂ ਪ੍ਰਤੀ ਕੀ ਦ੍ਰਿਸ਼ਟੀਕੋਣ ਹੋਣਾ ਚਾਹੀਦਾ ਹੈ, ਉਸ ਦਾ ਵਰਣਨ ਕਰਦਿਆਂ ਸਾਧਕ ਨੂੰ ਆਪਣੇ ਹਿਰਦੇ (ਘਰ) ਵਿਚ ਪਰਤਣ ਦੀ ਪ੍ਰੇਰਨਾ ਕੀਤੀ ਹੈ।

ਫ਼ਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੈ ਘੁੰਮਿ।।
ਅਪਨੜੇ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ।।

ਪੀਰ (ਗੁਰੂ) ਦਾ ਮਹੱਤਵ ਸੂਫ਼ੀ ਸਾਧਨਾ ਵਿਚ ਬਹੁਤ ਹੈ। ਫ਼ਰੀਦ ਵੀ ਇਸ ਗੱਲ ਤੇ ਜ਼ੋਰ ਦੇਂਦਾ ਹੈ ਕਿ ਜਿੱਥੇ ਮਨੁੱਖ ਨੇ ਨਿਤਾਪ੍ਰਤੀ ਜੀਵਨ ਵਿਚ ਇਕ ਖਾਸ ਤਰ੍ਹਾਂ ਦੇ ਇਖਲਾਕ ਨੂੰ ਧਾਰਨਾ ਕਰਨਾ ਹੈ। ਉਥੇ ਗੁਰੂ ਦੀ ਅਗਵਾਈ ਨੂੰ ਕਿਸੇ ਵੇਲੇ ਵੀ ਅੱਖੋਂ ਓਹਲੇ ਨਹੀਂ ਕਰਨਾ। ਇਸ ਤੋਂ ਚੰਗਾ ਤਰੀਕਾ, ਜਿਹੜਾ ਹਉਮੈ ਤੋਂ ਬਚਾ ਸਕੇ, ਸ਼ਾਇਦ ਹੋਰ ਕੋਈ ਨਹੀਂ ਹੈ। ਫ਼ਰੀਦ ਜੀ ਫੁਰਮਾਉਂਦੇ ਹਨ—

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ।।
ਜੋ ਗੁਰੂ ਦਸੇ ਵਾਟ, ਮੁਰੀਦਾ ਜੋਲੀਐ।। (488)

ਇਹ ਸਾਰੇ ਗੁਣ ਮਨੁੱਖ ਅੰਦਰ ਇਕ ਖਾਸ ਕਿਸਮ ਦਾ ਅਨੁਭਵ ਪੈਦਾ ਕਰਦੇ ਹਨ। ਇਹ ਅਨੁਭਵ ਨਾਸ਼ਮਾਨਤਾ ਦਾ ਹੈ, ਮਾਇਆ ਦੀ ਛਿਣ-ਭੰਗਰਤਾ ਆਦਿ ਦਾ ਹੈ। ਜਿਸ ਨੂੰ ਜੀਵਨ ਦੀ ਨਾਸ਼ਮਾਨਤਾ ਦੀ ਸਮਝ ਪੈ ਗਈ, ਮਾਇਆ ਦੀ ਛਿੱਣ ਭੰਗਰਤਾ ਦਾ ਵਿਸ਼ਵਾਸ਼ ਬੱਝ ਗਿਆ ਅਤੇ ਸਥਿਰ ਰਹਿਣ ਵਾਲੀ ਬੰਦਗੀ ਨੂੰ ਜਿਸ ਨੇ ਗ੍ਰਹਿਣ ਕਰ ਲਿਆ, ਉਸ ਅੰਦਰ ਸੰਤੁਲਤ ਜੀਵਨ ਦੇ ਚਿੰਨ੍ਹ ਗਿਆਨ, ਸੰਜਮ, ਇੰਦ੍ਰੀ, ਦਮਨ ਅਤੇ ਮਿੱਠਾ ਵਤੀਰਾ ਆਪਣੇ ਆਪ ਪੈਦਾ ਹੋ ਜਾਏਗਾ, ਇਹੀ ਮੁਕਤੀ ਦੀ ਨਿਸ਼ਾਨੀ ਹੈ। ਅਜਿਹੇ ਜੀਵਨ ਦੀ ਕਲਪਨਾ ਫਰੀਦ ਬਾਣੀ ਵਿਚ ਕੀਤੀ ਹੋਈ ਹੈ। ਇਸ ਤੋਂ ਇਲਾਵਾ ਮੁਕਤੀ ਦੇ ਵਿਚਾਰ ਨੂੰ ਦ੍ਰਿੜਾਂਦਿਆਂ, ਫ਼ਰੀਦ ਜੀ ਨੇ ਨਰਕ ਸੁਰਗ ਦੇ ਇਸਲਾਮੀ ਮੁਹਾਂਦਰੇ ਨੂੰ ਵੀ ਅਪਨਾਇਆ ਹੈ (ਸਲੋਕ ਨੰਬਰ 70,71,74) ਜਿਥੇ ਮੌਤ ਦੀ ਗੱਲ ਕੀਤੀ ਹੈ, ਮਲਕੁਲਮੌਤ (ਮੌਤ ਦੇ ਫਰਿਸ਼ਤੇ) ਦੇ ਹਵਾਲੇ ਨਾਲ ਭਿਅੰਕਰ ਜਿਹਾ ਮਾਹੌਲ ਪੈਦਾ ਕੀਤਾ ਹੈ :-

ਫ਼ਰੀਦ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ।।
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ।। (48)

**ਬਾਬਾ ਫ਼ਰੀਦ ਦੀ ਰਚਨਾ ਵਿਚ ਮੌਤ :**

ਇਹ ਮੌਤ ਦਾ ਸੰਕਲਪ ਨਿਰੋਲ ਇਸਲਾਮੀ ਹੈ। ਮੌਤ ਨੂੰ ਖੇਡ ਸਮਝਣ ਵਾਲਾ ਭਾਰਤੀ ਵਿਚਾਰ ਨਹੀਂ ਹੈ। ਇਸ ਦੇ ਬਾਵਜੂਦ ਪ੍ਰੀਤਮ ਨਾਲ ਇਕਸੁਰ ਹੋਂਦ ਦੀ ਸਥਿਤੀ (ਆਜੁ ਮਿਲਾਵਾ ਸ਼ੇਖ ਫ਼ਰੀਦ) ਨੂੰ ਮੁਕਤੀ ਮੰਨਿਆ ਹੈ। ਮੁਕਤੀ ਨੂੰ ਕੋਈ ਪਿਛੋਂ ਦੇ ਲਾਰੇ ਦੇ ਤੌਰ ਤੇ ਪੇਸ਼ ਨਹੀਂ ਕੀਤਾ ਸਗੋਂ ਪਰਮਾਤਮਾ ਦੇ ਪ੍ਰਤੱਖ ਦਰਸ਼ਨਾਂ ਵਿਚ ਹੀ ਮੁਕਤੀ ਦੀ ਕਲਪਨਾ ਕੀਤੀ ਹੋਈ ਹੈ। ਇਸ ਸਰਬੋਤਮ ਪ੍ਰਾਪਤੀ ਨੂੰ ਰੱਬ ਦੀ ਮਿਹਰ ਉੱਤੇ ਆਧਾਰਿਤ ਮੰਨਿਆ ਹੋਇਆ ਹੈ ਅਤੇ 'ਏ ਦੁਇ ਨੈਨੇ ਮਤਿ ਛੁਹਾਓ ਪਿਰ ਦੇਖਨ ਕੀ ਆਸ' ਦਾ ਤਰਲਾ ਲਿਆ ਹੋਇਆ ਹੈ। ਮੁਕਤੀ ਦੇ ਇਸ ਵਰਣਨ ਤੋਂ ਕੋਈ ਭੁਲੇਖਾ ਨਾ ਪਵੇ ਇਸ ਲਈ ਇਹ ਵੀ ਸ਼ਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਫ਼ਰੀਦ ਦਾ ਪਰਮਾਤਮਾ ਮਨੁੱਖੀ ਹਿਰਦੇ ਵਿਚ ਵਸਦਾ ਹੈ। ਏਸੇ ਲਈ ਤਾਂ ਪਿੰਜਰ ਚੂੰਡ ਰਹੇ ਕਾਵਾਂ ਨੂੰ ਸੰਬੋਧਨ ਕਰਕੇ ਆਖਦੇ ਹਨ—

ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ।। (92)

ਅੰਤਰ ਆਤਮਾ ਤੋਂ ਬਾਹਰ ਪਰਮਾਤਮਾ ਦੀ ਭਾਲ ਕਰਨ ਪ੍ਰਤੀ ਫ਼ਰੀਦ ਜੀ ਦੇ ਵਿਚਾਰ ਇਸ ਪ੍ਰਕਾਰ ਹਨ :-

ਫ਼ਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ।।
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ।। (19)

ਜੀਵ ਦਾ ਕਰਮ ਖੇਤਰ ਸ੍ਰਿਸ਼ਟੀ ਹੈ, ਸੋ ਸ੍ਰਿਸ਼ਟੀ ਵੀ ਅਧਿਆਤਮਿਕ ਵਿਚਾਰਧਾਰਾ ਦਾ ਜ਼ਰੂਰੀ ਅੰਗ ਹੈ। ਸ੍ਰਿਸ਼ਟੀ ਬਾਰੇ ਸੂਫ਼ੀ ਵਿਚਾਰ ਤਾਂ ਪਿੱਛੇ ਦਿੱਤੇ ਜਾ ਚੁੱਕੇ ਹਨ। ਉਨ੍ਹਾਂ ਵਿਚਾਰਾਂ ਦਾ ਸਿੱਧਾ ਤੇ ਸਪਸ਼ਟ ਨਿਰੂਪਣ ਤਾਂ ਫ਼ਰੀਦ ਬਾਣੀ ਵਿਚ ਨਹੀਂ ਹੋਇਆ ਪਰ ਫ਼ਰੀਦ ਬਾਣੀ ਦੇ ਅਧਿਐਨ ਤੋਂ ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਫ਼ਰੀਦ ਵਾਸਤੇ ਪਰਮਾਤਮਾ ਦੁਨੀਆਂ ਵਿਚ ਵਸਦਾ ਹੈ। ਇਸ ਸ੍ਰਿਸ਼ਟੀ ਨੂੰ ਉਸ ਨੇ ਪੈਦਾ ਕੀਤਾ ਹੈ ਅਤੇ ਉਸ ਦੀ ਪੈਦਾ ਕੀਤੀ ਹੋਣ ਕਰਕੇ ਹੀ ਜਗਤ ਸੁਹਣਾ ਬਾਗ ਹੈ। ਇਸ ਬਾਗ ਵਿਚ ਜੀਵ ਇਕ ਪਰਾਹੁਣੇ ਦੀ ਨਿਆਈਂ ਰਾਤ ਕਟਣ ਆਇਆ ਹੈ—

ਫ਼ਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ।।
ਨਉਬਤਿ ਵਜੀ ਸੁਬਹ ਸਿਉ ਚਲਣ ਦਾ ਕਰਿ ਸਾਜੁ।। (79)

ਤੁਰਨ ਦੀ ਤਿਆਰੀ ਕਰਨ ਦਾ ਆਦੇਸ਼ ਕਰਕੇ, ਫ਼ਰੀਦ ਨੇ ਇਸ ਸ੍ਰਿਸ਼ਟੀ ਦੇ ਕੂੜੇਪਨ ਵਲ ਵੀ ਇਸ਼ਾਰਾ ਕਰ ਦਿੱਤਾ ਹੈ।

ਇਸ ਸ੍ਰਿਸ਼ਟੀ ਵਿਚ ਨਜ਼ਰ ਆ ਰਿਹਾ ਸਤਿ, ਸ੍ਰਿਸ਼ਟੀ ਦੇ ਪਰਮਾਤਮਾ ਵਿਚੋਂ ਪੈਦਾ ਹੋਈ ਹੋਣ ਦਾ ਸਬੂਤ ਹੈ ਪਰੰਤੂ ਇਸ ਦਾ ਖ਼ਤਮ ਹੋਣ ਵਾਲਾ ਜਾਂ ਬਿਨਸਣਹਾਰ ਪੱਖ ਇਸ ਦੇ ਅਸਤਿ (ਝੂਠ) ਹੋਣ ਦਾ ਸਬੂਤ ਹੈ। ਇਸੇ ਕਰਕੇ ਇਸ ਵਿਚ ਵਿਚਰਦਿਆਂ ਵੀ ਇਸ ਵਿਚ ਖਚਿਤ ਹੋਣ ਤੋਂ ਵਰਜਿਆ ਹੈ—

ਝੂਠੀ ਦੁਨੀਆਂ ਲਗਿ ਨ ਆਪੁ ਵਞਾਈਆ।। (488)

ਇਹ ਕਿਸੇ ਭਾਂਤ ਦਾ ਸ੍ਵੈ-ਵਿਰੋਧੀ ਮਤ ਨਹੀਂ ਹੈ ਸਗੋਂ ਇਕੋ ਹੀ ਤੱਥ ਦੇ ਸਥਾਈ ਅਤੇ ਅਸਥਾਈ ਦੋ ਪੱਖਾਂ ਦਾ ਯਥਾਰਥਕ ਵਰਣਨ ਹੈ।

ਸਾਹਿਤਿਕ ਆਲੋਚਨਾ ਇਸ ਪ੍ਰਕਾਰ ਦਾ ਬੋਧਿਕ ਅਤੇ ਗਿਆਨਵਾਦੀ ਸੰਜਮ ਹੈ, ਜਿਸ ਲਈ ਚਿੰਤਨ ਅਤੇ ਨਿਰਣੇ ਦੇ ਸੰਤੁਲਨ ਦੀ ਜ਼ਰੂਰਤ ਹੈ। ਪੰਜਾਬੀ ਆਲੋਚਨਾ ਦੇ ਪਿੜ ਵਿਚ ਵਧੇਰੇ ਕਰਕੇ ਉਲਾਰ ਰੁਚੀਆਂ ਦੀ ਪ੍ਰਧਾਨਤਾ ਰਹੀ ਹੈ। ਕਿਸੇ ਇਕ ਦਾਰਸ਼ਨਿਕ ਜਾਂ ਸਮਾਜਿਕ ਜਾਂ ਸੁਹਜਾਤਮਕ ਜਾਂ ਸਭਿਆਚਾਰਕ ਦ੍ਰਿਸ਼ਟੀਕੋਣ ਨੂੰ ਹੀ ਇਕੋ-ਇਕ ਇਕਹਿਰਾ ਆਧਾਰ ਬਣਾ ਕੇ ਕਿਸੇ ਚਿੰਤਕ ਜਾਂ ਕਵੀ ਜਾਂ ਸਾਹਿਤਕਾਰ ਦੇ ਵਿਅਕਤਿਤਵ ਅਤੇ ਰਚਨਾ ਦੇ ਮੁਲਾਂਕਣ ਦਾ ਯਤਨ ਇਕ ਪਾਸੜ ਹੀ ਰਹੇਗਾ। ਸੰਤੁਲਿਤ ਮੁਲਾਂਕਣ ਲਈ ਇਹ ਆਵਸ਼ਕ ਹੈ ਕਿ ਸਾਹਿਤਕਾਰ ਅਤੇ ਉਸ ਦੇ ਸਾਹਿਤ ਦੇ ਪ੍ਰਭਾਵ ਅਤੇ ਉਸ ਦਾ ਵਿਅਕਤਿਤਵ ਦੇ ਅਸਰ ਦੇ ਨਤੀਜਿਆਂ ਨੂੰ ਮੁਖ ਰਖਿਆ ਜਾਵੇ। ਸੂਫ਼ੀਆਂ ਦੇ ਆਦਰਸ਼ ਤੇ ਗੌਰਵ ਨੂੰ ਵਿਲੀਅਮ ਜੇਮਜ਼ ਨੇ ਇਸ ਤਰ੍ਹਾਂ ਸਪਸ਼ਟ ਕੀਤਾ ਹੈ ਕਿ ਸੂਫ਼ੀ ਸਾਧਨਾ ਦਾ ਰਹੱਸ ਅਨੁਭਵ ਸੰਸਾਰ ਦੇ ਵਿਚਾਰ ਆਦਰਸ਼ ਦੇ ਇਤਿਹਾਸ ਵਿਚ ਅਤਿਅੰਤ ਉੱਚ ਸਥਾਨ ਰਖਦਾ ਹੈ।

ਸੂਫੀ ਸੰਤਾਂ ਦਾ ਦਸਤੂਰ ਸਭ ਤੋਂ ਨਿਰਾਲਾ ਤੇ ਨਿਆਰਾ ਰਿਹਾ ਹੈ। ਉਹ ਸਨੇਹ, ਹਮਦਰਦੀ, ਇਨਸਾਨੀਅਤ, ਬਰਾਬਰੀ, ਉਦਾਰਤਾ ਅਤੇ ਖਿਮਾਸ਼ੀਲਤਾ ਦੇ ਜਾਦੂ ਨਾਲ ਲੋਕਾਂ ਦੇ ਮਨ ਵਿਚ ਪਿਆਰ ਅਤੇ ਸਚਿਆਰਤਾ ਦੇ ਭਾਵ ਉਤਪੰਨ ਕਰਕੇ ਜੀਵਨ ਦੀ ਕਾਇਆ ਬਦਲ ਦੇਂਦੇ ਹਨ। ਸੂਫ਼ੀਆਂ ਨੇ ਲੋਕ ਜੀਵਨ ਵਿਚ ਸੁਧਾਰ ਅਤੇ ਪ੍ਰਗਤੀ ਦੀ ਜੋਤ ਜਗਾਈ। ਜਿਹੜੇ ਵਿਅਕਤੀ ਅਧਿਆਤਮਿਕ ਜੀਵਨ ਦੇ ਚਾਹਵਾਨ ਸਨ, ਉਨ੍ਹਾਂ ਨੂੰ ਸੂਫ਼ੀ ਦਰਵੇਸ਼ਾਂ ਨੇ ਸੂਖਮ ਰਮਜ਼ਾਂ ਸਿਖਾਈਆਂ। ਜਦੋਂ ਸੰਸਥਾਈ ਧਰਮ ਦੇ ਕਾਜ਼ੀ ਅਤੇ ਮੁਲਾਣਿਆਂ ਨੇ ਭੂਪਵਾਦੀ ਨਿਜ਼ਾਮ ਦੇ ਨਾਲ ਮਿਲ ਕੇ ਜਾਗੀਰਦਾਰੀ ਕੀਮਤਾਂ ਦੇ ਸਥਾਪਨ ਅਤੇ ਲੋਕ ਵਿਰੋਧੀ ਸਰਗਰਮੀਆਂ ਵਿਚ ਹਕੂਮਤ ਦੀ ਤਰਫ਼ਦਾਰੀ ਕੀਤੀ ਤਾਂ ਉਸ ਵੇਲੇ ਸੂਫ਼ੀ ਸੰਤਾਂ ਨੇ ਜਨ ਸਾਧਾਰਣ ਦੀ ਹਮਾਇਤ ਅਤੇ ਤਰਫ਼ਦਾਰੀ ਦਾ ਬੀੜਾ ਚੁਕਿਆ। ਇਸ ਵਿਚ ਕੋਈ ਸ਼ਕ ਨਹੀਂ ਹੈ ਅਤੇ ਨਾ ਹੀ ਇਸ ਵਿਚ ਕਿਸੇ ਪ੍ਰਕਾਰ ਦੀ ਕੋਈ ਅਤਿਕਥਨੀ ਹੈ ਕਿ ਸੂਫ਼ੀਵਾਦ ਵਿਚ ਇਕ ਪ੍ਰਕਾਰ ਦੀ ਭੂਪਵਾਦ ਦੇ ਵਿਰੁੱਧ ਬਗਾਵਤ ਸੀ।ਪਰੰਤੂ ਸੂਫ਼ੀ ਖਾਨਗਾਹ ਵਿਚ ਸਾਰੇ ਦੇ ਸਾਰੇ ਲੋਕ, ਬਿਨਾਂ ਕਿਸੇ ਭੇਦ ਭਾਵ ਦੇ ਕਿੱਤੇ ਅਤੇ ਪੇਸ਼ੇ ਦੇ ਖਿਆਲ ਤੋਂ ਬਿਨਾਂ, ਊਚ ਨੀਚ ਦੀ ਵੰਡ ਤੋਂ ਬਗੈਰ, ਇਕ ਥਾਂ ਜੁੜੀ ਸਭਾ ਵਿਚ ਬੈਠਦੇ ਸਨ।

ਸੂਫ਼ੀਵਾਦ ਦਾ ਪ੍ਰਮੁੱਖ ਸਿੱਧਾਂਤ ਵਹਿਦਤ-ਉਲ-ਵਜੂਦ ਬਰਾਬਰੀ ਅਤੇ ਸਮਾਨਤਾ ਦਾ ਆਧਾਰ ਹੈ, ਜਿਸ ਅਨੁਸਾਰ ਪੈਦਾਇਸ਼, ਵਿਰਾਸਤ, ਦੌਲਤ, ਜਾਇਦਾਦ ਅਤੇ ਵੱਡੇ ਛੋਟੇ ਦੇ ਸਾਰੇ ਵਿਤਕਰੇ ਖਤਮ ਹੋ ਜਾਂਦੇ ਹਨ। ਸ਼ਪਸ਼ਟ ਹੈ ਕਿ ਸੂਫ਼ੀ ਜੀਵਨ ਜਾਂਚ ਬਰਾਬਰੀ ਅਤੇ ਸਮਾਨਤਾ ਦਾ ਅਮਲੀ ਪ੍ਰਗਟਾਵਾ ਸੀ। ਫ਼ਰੀਦ ਇਕ ਉਤਮ ਸੂਫ਼ੀ ਸੀ। ਉਸ ਦਾ ਜੀਵਨ, ਉਸ ਦਾ ਸੁਭਾ ਅਤੇ ਉਸਦੀ ਰਚਨਾ, ਸੂਫ਼ੀ ਸਿੱਧਾਂਤਾ ਦੀ ਉੱਤਮਤਾ ਦੇ ਲਖਾਇਕ ਹਨ। ਇਸ ਲਈ ਫ਼ਰੀਦ ਦੀ ਰਚਨਾ ਵਿਚ ਸਚ ਨੂੰ ਅਣਡਿੱਠ ਕਰਕੇ ਨਿਰਾਸ਼ਾਵਾਦ ਦੀ ਮਨੌਤ ਇਕ ਪਾਸੜ ਆਲੋਚਕਾਂ ਦੇ ਅਗਿਆਨ ਦਾ ਪ੍ਰਮਾਣ ਹੈ। ਫ਼ਰੀਦ ਦਾ ਕਥਨ ਹੈ :

ਫ਼ਰੀਦਾ ਬਾਰਿ ਪਰਾਇਐ ਬੈਸਣਾ ਸਾਈ ਮੁਝੇ ਨਾ ਦੇਹਿ।।
ਜੇ ਤੂੰ ਏਵੈ ਰਖਸੀ ਜੀਉ ਸਰੀਰਹੁ ਲੇਹੁ।। (42)

ਇਸ ਤੋਂ ਬਿਨਾਂ ਵੀ ਜਿਹੜੇ ਸਲੋਕ ਫ਼ਰੀਦ ਜੀ ਨੂੰ ਨਿਰਾਸ਼ਾਵਾਦੀ ਸਾਬਤ ਕਰਨ ਵਾਸਤੇ ਪੇਸ਼ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਬਾਬਾ ਫ਼ਰੀਦ ਦੀ ਸ੍ਵੈ-ਜੀਵਨੀ ਜਾਂ ਹੱਡਬੀਤੀ ਦੇ ਤੌਰ ਤੇ ਪੇਸ਼ ਕੀਤਾ ਜਾਂਦਾ ਹੈ। ਇਹ ਅਨਿਆਂ ਹੈ। ਬਾਬਾ ਫ਼ਰੀਦ ਅਜਿਹੇ ਸੂਫ਼ੀ ਸਨ, ਜਿਨ੍ਹਾਂ ਦਾ ਜੀਵਨ ਨਿੱਕੀਆਂ ਮੋਟੀਆਂ ਖਿੱਚਾਂ ਤੋਂ ਉਪਰ ਸੀ। ਉੱਤਮ ਪੁਰਖ ਵਿਚ ਆਮ ਲੋਕਾਂ ਦੇ ਦੁਖਾਂ ਕਸ਼ਟਾਂ ਉਦਾਸੀਆਂ, ਕਮਜ਼ੋਰੀਆਂ ਆਦਿ ਦਾ ਵਰਣਨ ਉਨ੍ਹਾਂ ਦੀ ਸ਼ੈਲੀ ਦਾ ਹਿੱਸਾ ਹੈ। ਉਹ ਆਖਦੇ ਹਨ—

ਫ਼ਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨਾ ਮਾਰੇ ਘੁੰਮਿ।।
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮ।। (70)

ਫ਼ਰੀਦ ਬਾਣੀ ਆਸ਼ਾਵਾਦ ਦਾ ਰਾਹ ਦਰਸਾਉਂਦੀ ਹੈ। ਚੰਗੇ ਅਤੇ ਸਿਹਤਮੰਦ ਜੀਵਨ ਦੀ ਉਸਾਰੀ ਦੀ ਪ੍ਰੇਰਨਾ ਦਿੰਦੀ ਹੈ, ਜਿਸ ਵਿਚ ਨਿਰਾਸ਼ਾਵਾਦ ਦੀ ਕੋਈ ਗੁੰਜ਼ਾਇਸ਼ ਨਹੀਂ। ਏਥੇ ਇਹ ਵੀ ਕਹਿ ਦੇਣਾ ਉਚਿਤ ਹੋਵੇਗਾ ਕਿ ਹੋਰ ਮਹਾਨ ਸੂਫ਼ੀ ਚਿੰਤਕਾਂ ਵਾਂਗ ਬਾਬਾ ਫ਼ਰੀਦ ਦੀ ਬਾਣੀ ਵੀ ਆਜ਼ਾਦੀ ਦੇ ਗੌਰਵ ਨੂੰ ਦ੍ਰਿੜ ਕਰਵਾਉਂਦੀ ਹੈ। ਸੱਚੀ ਤੇ ਸੁੱਚੀ ਆਜ਼ਾਦੀ ਉਹ ਹੈ ਜਿਹੜੀ ਪਰਮ ਸੱਤ ਦੇ ਨਾਲ ਲਿਵ ਦੇ ਨਤੀਜੇ ਵਜੋਂ ਪ੍ਰਾਪਤ ਹੁੰਦੀ ਹੈ। 'ਪਿਰਹਿ ਬਿਹੂਨ ਕਤਹਿ ਸੁਖ ਪਾਏ' ਦਾ ਵਿਚਾਰ ਪੇਸ਼ ਕਰਕੇ ਦਸਿਆ ਹੈ ਕਿ ਅੰਤਰ ਦੀ ਸੰਤੁਸ਼ਟਤਾ ਅਤੇ ਸੰਤੁਲਨ ਹੀ ਸਹੀ ਆਜ਼ਾਦੀ ਹੈ। ਜਿਹੜੇ ਇਸ ਗੁਣ ਤੋਂ ਹੀਣ ਹੁੰਦੇ ਹਨ ਉਨ੍ਹਾਂ ਨੂੰ ਡਰਾਉਣੀ ਜਾਂ ਉਜਾੜ ਖੂਹੀ ਵਿਚ ਡਿਗੀ ਹੋਈ ਇਸਤਰੀ ਨਾਲ ਤੁਲਨਾਇਆ ਹੈ।

ਵਿਧਣ ਖੂਹੀ ਮੁੰਧ ਇਕੇਲੀ।।
ਨ ਕੋ ਸਾਥੀ ਨ ਕੋ ਬੇਲੀ।। 2।।
ਕਰਿ ਕਿਰਪਾ ਪ੍ਰਭੂ ਸਾਧ ਸੰਗਿ ਮੇਲੀ।।
ਜਾ ਫ਼ਿਰਿ ਦੇਖਾ ਤਾ ਮੇਰਾ ਅਲਹੁ ਬੇਲੀ।। 3।।(794)

ਸੂਫ਼ੀ ਮੱਤ ਪੜ੍ਹਨ ਵਾਲੇ ਹਰ ਇਕ ਵਿਦਿਆਰਥੀ ਨੂੰ ਇਹ ਭਲੀ ਭਾਂਤ ਗਿਆਤ ਹੈ ਕਿ ਸੂਫ਼ੀ ਸਾਧਨਾ ਦਾ ਅੰਤਿਮ ਲਖਸ਼ ਪਰਮਸੱਤ ਵਿਚ ਲੀਨ ਹੋਣਾ ਹੈ। ਸੂਫ਼ੀ ਸੰਤ ਫ਼ਰੀਦ ਦੀ ਬਾਣੀ ਜਿਥੇ ਉਸ ਦੇ ਉੱਚਤਮ ਅਧਿਆਤਮਿਕ ਅਨੁਭਵ ਦੀ ਮਧੁਰ ਪ੍ਰਕ੍ਰਿਤੀ ਨੂੰ ਰੂਪਮਾਨ ਕਰਦੀ ਹੈ। ਉਥੇ ਸੰਤੁਲਨ ਅਤੇ ਸਹਥਿਰਤਾ ਲਈ ਮਾਨਵ/ਵਿਅਕਤੀ ਨੂੰ ਤਿਆਰ ਕਰਦੀ ਹੈ ਮੌਤ ਦਾ ਜ਼ਿਕਰ (ਗਹਿਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਹਿ) ਜਾਂ ਬੁਢਾਪੇ ਕਾਰਨ ਆਈ ਸਰੀਰ ਦੀ ਸਿਥਲਤਾ ਦਾ ਵਰਣਨ (ਅਜ ਫ਼ਰੀਦੈ ਕੂਜੜਾ ਸੈ ਕੋਹਾਂ ਥੀਓਮਿ), ਜੋ ਫ਼ਰੀਦ ਬਾਣੀ ਵਿਚ ਹੈ ਉਹ ਨਿਰਾਸ਼ਾਵਾਦ ਦਾ ਪ੍ਰਮਾਣ ਨਹੀਂ ਸਗੋਂ ਇਕ ਠੋਸ ਹਕੀਕਤ ਦੀ ਪੇਸ਼ਕਾਰੀ ਹੈ।

ਉਪਰੋਕਤ ਵਿਚਾਰ ਦਾ ਸਿੱਟਾ ਇਹੀ ਨਿਕਲਦਾ ਹੈ ਕਿ ਫ਼ਰੀਦ ਦੀ ਕਵਿਤਾ ਵਿਚ ਪੇਸ਼ ਹੋਇਆ ਮਨੁੱਖ ਆਸਤਿਕ ਬਿਰਤੀ ਦਾ ਮਨੁੱਖ ਹੈ ਅਤੇ ਉਸ ਦੀਆਂ ਲੋੜਾਂ, ਪ੍ਰਾਪਤੀਆਂ ਅਤੇ ਰੁਕਾਵਟਾਂ ਦਾ ਭਰਪੂਰ ਵਰਣਨ ਹੀ ਫ਼ਰੀਦ ਬਾਣੀ ਦਾ ਮੁਖ ਨਿਸ਼ਾਨਾ ਹੈ। ਮਨੁੱਖ ਨੂੰ ਪ੍ਰਭੂ ਨਾਲੋਂ ਵਿਛੜ ਕੇ ਜਿਹੜੇ ਦੁਖਾਂ ਕਸ਼ਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨ੍ਹਾਂ ਤੋਂ ਬਚਨ ਦਾ ਵਿਸਤ੍ਰਿਤ ਵਰਣਨ ਪਿਛਲੇ ਪੰਨਿਆਂ ਵਿਚ ਕਰ ਦਿੱਤਾ ਹੈ। ਇਹੀ ਫ਼ਰੀਦ ਦੀ ਅਧਿਆਤਮਿਕ ਵਿਚਾਰਧਾਰਾ ਹੈ।

ਪਾਠ ਨੰਬਰ : 2.3

## ਫ਼ਰੀਦ ਬਾਣੀ ਵਿਚ ਸੂਫ਼ੀ-ਤੱਤ

ਇਸ ਪਾਠ ਵਿਚ ਸੂਫ਼ੀ ਤੱਤਾਂ ਬਾਰੇ ਜਾਣਕਾਰੀ ਦਿੰਦੇ ਹੋਏ ਫ਼ਰੀਦ ਬਾਣੀ ਵਿਚੋਂ ਇਨ੍ਹਾਂ ਤੱਤਾਂ ਦਾ ਨਿਰੂਪਣ ਕੀਤਾ ਗਿਆ ਹੈ ਅਤੇ ਫ਼ਰੀਦ ਦੇ ਰਹੱਸਵਾਦ ਬਾਰੇ ਵਿਚਾਰ ਕੀਤਾ ਗਿਆ ਹੈ। ਸਭ ਤੋਂ ਪਹਿਲਾਂ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਸੂਫ਼ੀ ਰਹੱਸਵਾਦ ਜਾਂ ਤਸੱਵੁਫ਼ ਇਸਲਾਮ ਦਾ ਹੀ ਅੰਗ ਹੈ। ਸੂਫ਼ੀ ਰਹੱਸਵਾਦ ਦੇ ਸੰਖੇਪ ਇਤਿਹਾਸ ਦਾ ਜਾਣਕਾਰੀ ਦਿੰਦੇ ਹੋਏ ਸੂਫ਼ੀ ਚਿੰਤਨ ਦੇ ਪ੍ਰਮੁੱਖ ਤੱਤਾਂ ਸੰਬੰਧੀ ਵਿਚਾਰ ਕੀਤਾ ਗਿਆ ਹੈ। ਇਸ ਤੋਂ ਬਾਅਦ ਫ਼ਰੀਦ ਬਾਣੀ ਵਿਚੋਂ ਇਸ ਉਪਰੋਕਤ ਸੂਫ਼ੀ ਆਬਿਦਾਨਾ ਤਸੱਵੁਫ ਦੇ ਤੱਤਾਂ ਦਾ ਸਰਵੇਖਣ ਪੇਸ਼ ਕੀਤਾ ਗਿਆ ਹੈ। ਉਪਰੰਤ ਫ਼ਰੀਦ ਦੇ ਰਹੱਸਵਾਦ ਬਾਰੇ ਵਿਚਾਰ ਪੇਸ਼ ਕੀਤੇ ਗਏ ਹਨ। ਪਰਮ ਸੱਤਾ ਦੇ ਸਰੂਪ, ਉਸ ਉਤੇ ਪੂਰਾ ਭਰੋਸਾ, ਸ਼ਰੀਅਤ, ਤਰੀਕਤ, ਹਕੀਕਤ ਦੇ ਸੂਫ਼ੀ ਪੜਾਵਾਂ ਆਦਿ ਵਿਸ਼ਿਆਂ ਸੰਬੰਧੀ ਫ਼ਰੀਦ ਬਾਣੀ ਵਿਚੋਂ ਬਾਕਾਇਦਾ ਪ੍ਰਮਾਣ ਦੇ ਕੇ ਭਰਪੂਰ ਵਿਚਾਰ ਕੀਤਾ ਗਿਆ ਹੈ।

**ਰੂਪ-ਰੇਖਾ :**

ਸੂਫ਼ੀ ਰਹੱਸਵਾਦ, ਇਸਲਾਮ ਦਾ ਇਕ ਮਹੱਤਵਪੂਰਣ ਅੰਗ...ਤਸੱਵੁਫ਼ ਦਾ ਅਰਥ....ਸੂਫ਼ੀ ਰਹੱਸਵਾਦ ਤੇ ਇਤਿਹਾਸ ਵਿਕਾਸ ਅਨੁਸਾਰ ਇਸ ਦੇ ਸਰੂਪ ਦਾ ਸੰਖੇਪ ਵਰਣਨ... ਸੂਫ਼ੀ ਮੱਤ ਵਿਚ ਚਿੰਤਨ ਦੇ ਵੱਖ-ਵੱਖ ਪਹਿਲੂ...ਫ਼ਰੀਦ ਬਾਣੀ ਵਿਚ ਆਬਿਦਾਨਾ ਤਸੱਵੁਫ਼ ਦੇ ਤੱਤਾਂ ਦਾ ਨਿਰੂਪਣ (ਸੰਸਾਰ ਵਲੋਂ ਉਪਰਾਮਤਾ, ਸੰਸਾਰਕ ਮੋਹ ਤੇ ਨਿਰਲੇਪਤਾ, ਪ੍ਰਭੂ-ਸਿਮਰਨ, ਤਵੱਕੁਲ, ਪਰਮੇਸ਼ਰ ਦਾ ਭੈਅ, ਇਸ਼ਕ)... ਫ਼ਰੀਦ ਦਾ ਰਹੱਸਵਾਦ।

ਸੂਫ਼ੀ ਰਹੱਸਵਾਦ ਜਾਂ ਤਸੱਵੁਫ਼ ਇਸਲਾਮੀ ਜੀਵਨ ਦੇ ਧਾਰਮਿਕ, ਅਧਿਆਤਮਿਕ, ਚਕਿਤਸਾਤਮਕ ਅਤੇ ਦਾਰਸ਼ਨਿਕ ਵਿਧਾਨ ਦਾ ਇਕ ਮਹੱਤਵਪੂਰਨ ਅੰਗ ਹੈ। ਮਹਾਨ ਮੁਸਲਮਾਨ ਸੂਫ਼ੀ ਚਿੰਤਕ ਇਬਨੇ ਅਲ-ਅਰਬੀ (ਤਾਰੀਕ ਫ਼ਲਸਫ਼ਾਤੁਲ ਇਸਲਾਮ-ਪੰਨਾ 497) ਦੇ ਕਥਨ ਅਨੁਸਾਰ ਇਸਲਾਮੀ ਤਸੱਵੁਫ਼ ਤੋਂ ਅੱਡਰਾ ਕੋਈ ਨਿਜ਼ਾਮ ਨਹੀਂ। ਜਿਹੜਾ ਤਸੱਵੁਫ਼ ਕੁਰਾਨ ਉਪਰ ਆਧਾਰਿਤ ਨਹੀਂ ਉਹ ਵਿਸ਼ਵਾਸ਼ ਯੋਗ ਨਹੀਂ। ਮੁਸਲਮਾਨ ਵਿਦਵਾਨਾਂ ਦੀਆਂ ਰਚਨਾਵਾਂ ਵਿਚ ਤਸੱਵੁਫ਼ ਨੂੰ ਇਲਮੇ ਬਾਤਿਨ (ਆਤਮ ਗਿਆਨ), ਇਲਮੇ 'ਕੁਤਬ' (ਨਿਕਟਤਾ ਪ੍ਰਾਪਤੀ ਲਈ ਗਿਆਨ ਸਾਧਨ) ਅਤੇ ਫਿਕ-ਏ-ਬਾਤਿਨ (ਆਤਮ ਦਰਸ਼ਨ) ਪਰਿਭਾਸ਼ਕ ਸ਼ਬਦਾਂ ਨਾਲ ਬਿਆਨ ਕੀਤਾ ਹੈ। ਸੂਫ਼ੀ ਸਾਧਕ ਤੇ ਦਰਵੇਸ਼ ਕੁਰਾਨ ਸ਼ਰੀਫ ਦੇ ਅੰਤ੍ਰੀਵ ਤੇ ਧਾਰਮਿਕ ਰਾਜ਼ਾਂ ਦੇ ਹੀ ਖੋਜੀ ਸਨ।

ਮੋਲਾਨਾ ਰੂਮ (ਮਸਨਵੀ-ਉਲ-ਮਅਨਵੀ) ਦਾ ਕਥਨ ਹੈ 'ਮੈਂ ਕੁਰਾਨ ਵਿਚੋਂ ਗਿਰੀਆਂ (ਤਤਸਾਰ-ਮਗਜ਼) ਕੱਢ ਲਈਆਂ ਹਨ, ਬਾਕੀ ਰਹਿੰਦੀਆਂ ਹੱਡੀਆਂ ਕੁੱਤਿਆਂ ਅੱਗੇ ਸੁੱਟ ਦਿੱਤੀਆਂ ਹਨ।' ਇਸ ਮੁਢਲੇ ਨੁਕਤੇ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਸੂਫ਼ੀ ਮੱਤ ਇਸਲਾਮ ਦਾ ਹੀ ਇਕ ਅੰਗ ਹੈ ਅਤੇ ਇਸ ਦਾ ਮੂਲਧਾਰ ਕੁਰਾਨ ਸ਼ਰੀਫ਼ ਹੈ, ਜਿਸ ਵਿਚਲੀਆਂ ਕਈ ਇਕ ਆਇਤਾਂ ਉਪਰ ਸੂਫ਼ੀ ਸਿੱਧਾਂਤ ਆਧਾਰਤ ਹਨ ਜਿਵੇਂ : ਉਹ (ਮਾਲਕ) ਸ਼ਾਰਗ ਤੋਂ ਵੀ ਵਧੇਰੇ ਨੇੜੇ ਹੈ। ਜਿਧਰ ਜਿਸ ਪਾਸੇ ਵਲ ਮੂੰਹ ਕਰੋਗੇ, ਉਧਰ ਹੀ ਰੱਬ ਦੀ ਜਾਤ ਹੈ।

ਤਸੱਵੁਫ਼ ਇਕ ਪ੍ਰਕਾਰ ਦਾ ਉਚ ਅਖ਼ਲਾਕ ਹੈ, ਉਚੇ ਆਚਰਨ ਦਾ ਪ੍ਰਤਿਬਿੰਬ ਹੈ। ਇਸਲਾਮ ਦੇ ਪ੍ਰਾਰੰਭਕ ਸਾਲ ਵਿਚ ਮੁਸਲਮਾਨ ਸੂਫ਼ੀ ਦਰਵੇਸ਼ਾਂ ਨੇ ਸਾਦਗੀ, ਚਿਤ ਸਾਧਨਾ, ਆਤਮ ਸੰਜਮ, ਆਂਤਰਿਕ ਸਵੱਛਤਾ ਆਦਿ ਨੂੰ ਸਾਧਨਾ ਅਭਿਆਸ ਦਾ ਆਧਾਰ ਬਣਾਇਆ। ਸੂਫ਼ੀ ਲਈ ਕਰੜੀ ਤਪੱਸਿਆ, ਸਾਧਨਾ, ਰਿਆਜ਼ਤ ਤੇ ਇਬਾਦਤ ਜ਼ਰੂਰੀ ਸੀ। ਇਸ ਲਈ ਨਮਾਜ਼, ਰੋਜ਼ੇ ਤੇ ਰਾਤ ਨੂੰ ਜਾਗਦੇ ਰਹਿਣ ਉਪਰ ਜੋਰ ਦਿੱਤਾ ਜਾਂਦਾ ਸੀ।

'ਤਾਰੀਖੇ-ਤਸੱਵੁਫ਼ੇ ਇਸਲਾਮ' ਅਨੁਸਾਰ ਇਸਲਾਮੀ ਤਸੱਵੁਫ਼ ਦੇ ਗੁਣ ਇਸ ਪ੍ਰਕਾਰ ਸਨ :

ਸੰਸਾਰ ਵਿਚ ਰਹਿਕੇ ਸੰਸਾਰ ਵਿਚ ਉਪਰਾਮਤਾ, ਸੰਸਾਰ ਮੋਹ ਤੋਂ ਨਿਰਲੇਪਤਾ, ਤਵੱਕਲ (ਭਰੋਸਾ) ਪਰਮੇਸ਼ਰ ਦਾ ਡਰ (ਭੈਅ) ਆਤਮ ਗਿਆਨ ਪ੍ਰਾਪਤੀ ਲਈ ਯਤਨ।

ਪਿਛੋਂ ਇਨ੍ਹਾਂ ਗੁਣਾਂ ਨਾਲ'ਰੱਬੀ ਫ਼ਜ਼ਲ' (ਪਰਮੇਸ਼ਵਰੀ ਪ੍ਰਸਾਦਿ ਰੱਬੀ ਮਿਹਰ) ਦੁਆਰਾ ਆਤਮਿਕ ਪ੍ਰਫੁੱਲਤਾ ਦੀ

ਪ੍ਰਾਪਤੀ ਦਾ ਵਿਸ਼ਵਾਸ਼ ਵੀ ਸ਼ਾਮਲ ਕਰ ਲਿਆ ਗਿਆ।

ਫਿਰ ਸੂਫ਼ੀ ਰਹੱਸਵਾਦ ਦਾ ਅਮਲੀ ਇਸਲਾਮੀ ਰੂਪ ਵੀ ਸੂਫ਼ੀ ਸਿੱਧਾਂਤਾਂ ਦਾ ਅੰਗ ਬਣ ਗਿਆ। 'ਜ਼ੁਲਨੂਨ ਮਿਸਰੀ' ਨਾਲ ਸੂਫ਼ੀ ਰਹੱਸਵਾਦ ਦਾ ਆਰੰਭ ਹੋਇਆ ਅਤੇ ਪ੍ਰਸਿੱਧ ਈਰਾਨੀ ਸੂਫ਼ੀ ਕਵੀ ਜਲਾਲ-ਉਦ-ਦੀਨ ਰੂਮੀ (ਮੌਲਾਨਾ ਰੂਮ) ਦੇ ਨਾਲ ਸਥਾਪਤ ਹੋ ਗਿਆ। ਇਸ ਤਰ੍ਹਾਂ ਜ਼ੁਹਦ (ਤਪੱਸਿਆ) ਅਤੇ ਤਕਵਾ (ਆਤਮ ਸੰਜਮ) ਦਾ ਨਵ ਅਫਲਾਤੂਨੀ ਦਰਸ਼ਨ ਨਾਲ ਸੰਜੋਗੀ ਮੇਲ ਸਥਾਪਤ ਹੋ ਗਿਆ। ਖ਼ੁਦਾ ਦੇ ਮਾਰਫ਼ਤ ਜਾਂ ਇਲਮ (ਗਿਆਨ) ਦਾ ਸੰਬੰਧ ਤਰਕ ਅਤੇ ਬਹਿਸ ਨਾਲ ਇੰਨਾ ਨਹੀਂ ਜਿੰਨਾ ਅੰਤਰ-ਪ੍ਰਕਾਸ਼ ਅਤੇ ਸਾਖਿਆਤ ਨਾਲ ਹੈ। ਅੰਤਰ ਪ੍ਰਕਾਸ਼ ਦੁਆਰਾ ਪ੍ਰਾਪਤ ਕੀਤੀ ਮਾਰਫ਼ਤ ਹੀ ਸਰਬ-ਸਰੇਸ਼ਟ ਇਲਾਹੀ ਜ਼ਾਤ (ਪਰਮੇਸ਼ਵਰੀਸੱਤਾ) ਫ਼ਨਾ, ਨਫਸ਼ ਅਤੇ ਅਭੇਦ ਅੱਵਸਾਰਾ ਬਾਯਜ਼ੀਦ ਦੀ ਸ਼ਖਸ਼ੀਅਤ ਨਾਲ ਸੰਬੰਧਿਤ ਹਨ। ਉਸ ਨੇ ਪਹਿਲੀ ਵਾਰ 'ਸਕਰ' (ਉਨਮਾਦ-ਮਸਤੀ) ਦਾ ਸ਼ਬਦ ਤਸੱਵੁਫ਼ ਲਈ ਵਰਤਿਆ। ਮਗਰੋਂ ਜਾ ਕੇ ਸ਼ਬਦ 'ਹੁਬ', ਮੁਹੱਬਤ, ਜਾਂ ਇਸ਼ਕ ਤੋਂ ਵਧੇਰੇ ਅਸਰਦਾਇਕ ਸਾਬਤ ਹੋਇਆ।

ਨੌਵੀਂ ਸਦੀ ਈਸਵੀ ਵਿਚ ਰਹੱਸਵਾਦ ਵਿਚ ਸੂਖਮ ਦਰਸ਼ਨ ਦਾ ਪ੍ਰਸਾਰ ਹੋਣ ਲੱਗਾ। 'ਆਬਿਦਾਨਾ ਤਸੱਵੁਫ਼' ਦੇ ਮੁਕਾਬਲੇ ਤੇ ਇਸ ਨੂੰ ਤਸੱਵੁਫ਼ ਆਸ਼ਿਕਾਨਾ ਜਾਂ 'ਇਰਫਾਕ-ਆਸ਼ਿਕਾਨਾ' ਕਿਹਾ ਜਾਣ ਲੱਗਾ। ਹੁਣ ਸੂਫ਼ੀ ਚਿੰਤਨ ਅਨੁਸਾਰ ਸੋਚ (ਅੰਦੇਸ਼ ਹੀਸਮੱਸਤ) ਨਾਮਰੂਪਾਤਮਕ ਪਸਾਰੇ ਦਾ ਮੂਲ ਹੈ। ਸੋਚ ਹੀ ਅਸਲ ਜਿੰਦਗੀ ਹੈ, ਮੂਲ ਸੱਤਾ ਹੈ। ਇਹ ਸ਼ਕਤੀ ਹੈ।

ਆਤਮ-ਲੀਨਤਾ ਅਤੇ ਆਤਮ-ਸਿਥਤੀ ਦਾ ਨਾਮ ਇਸ਼ਕ ਹੈ। ਇਹ ਇਸ਼ਕ ਗੁਣਾਤਮਕ ਰੂਪ-ਪ੍ਰਗਟਾਅ ਅਤੀਤ ਅਤੇ ਸੂਖਮ ਤੱਤਾਂ ਦਾ ਜੋਹਰ ਹੈ। ਪਰਮੇਸ਼ਵਰ ਪਰਾਤਪਰਤਾ ਇਸ਼ਕ (ਪ੍ਰੇਮ) ਦੁਆਰਾ ਹੀ ਪ੍ਰਕਾਸ਼ਮਾਨ ਹੋਇਆ। ਇਸ ਤਰ੍ਹਾਂ 'ਆਲਾਮੇ-ਲਾਹੂਤ' ਤੋਂ 'ਆਲਮੇ-ਨਾਸੂਤ ਵਿਚ (ਪਰਮ ਪਰਾਤਪਰ ਦੀ ਅਰੂਪ ਅਵਸਥਾ ਤੋਂ ਨਾਮ ਰੂਪਾਤਮਕ ਅਵਸਥਾ ਤਕ) ਪਹੁੰਚ ਦਾ ਪ੍ਰਾਦੁਰਭਾਵ ਇਲਾਹੀ ਚਮਤਕਾਰ ਦਾ ਜ਼ਹੂਰ (ਪ੍ਰਗਟਾਉ) ਹੋਇਆ।

ਬ੍ਰ-ਲੀਨਤਾ ਵੇਲੇ ਇਹ ਦ੍ਰਿਸ਼ਟੀਕੋਣ ਉਜਾਗਰ ਹੋਇਆ ਕਿ ਪਰਮੇਸਰ ਪਰਾਤਪਰ (ਸਰਵਾਤੀਤ) ਅਤੇ ਸਰਬਮਈ (ਸਰਬ-ਵਿਆਪੀ) ਹੈ। 'ਹਮਾ-ਓ-ਸਤ' (ਸਭ ਕੁਝ ਉਹ ਪਰਮਾਤਮ ਹੀ ਹੈ) ਅਨੁਸਾਰ ਇਹ ਗੱਲ ਆਮ ਹੋ ਗਈ ਕਿ ਦ੍ਰਿਸ਼ਟਮਾਨ ਪਸਾਰਾ ਸਿਰਫ਼ ਧੋਖਾ ਹੈ। ਉਸ ਦਾ ਕੋਈ ਵਜੂਦ ਨਹੀਂ, ਦਵੈਤ ਦਾ ਇਤਿਹਾਸ ਅਵਿਦਿਆ ਅਤੇ ਅਗਿਆਨ ਦੇ ਕਾਰਣ ਹੈ ਜੋ ਗਿਆਨ ਅਤੇ ਅਨੁਭਵ ਦੁਆਰਾ ਦੂਰ ਹੋ ਸਕਦਾ ਹੈ।

ਇਸ ਵਿਚਾਰ ਅਨੁਸਾਰ ਪਰਮ ਸਤਿ ਅਜ਼ਲੀ ਹੈ 'ਹੁਸਨੇ ਕਾਮਲ' ਹੈ, ਉਹ ਅਨੰਤ, ਅਸੀਮ, ਅਮਿਤ ਅਤੇ ਸਦਾ ਸੁਤੰਤਰ ਹੈ। ਖ਼ੁਦਾ 'ਹੁਸਨੇ ਮੁਤਲਕ' (ਪਰਮ ਸੌਂਦਰਯ) ਹੈ। ਹੁਸਨ ਇਸ਼ਕ ਲਈ ਆਪਦੇ ਆਪ ਨੂੰ ਜ਼ਹਿਰ ਕਰਦਾ ਹੈ। ਖ਼ੁਦਾ ਨੇ ਨਿੱਜੀ ਹੁਸਨ ਤੇ ਮੁਗਧ ਹੋ ਕੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਸਾਰੀ ਕਾਇਨਾਤ ਉਸੇ ਇਕ ਦਾ ਕ੍ਰਿਸ਼ਮਾ ਹੈ ਅਤੇ ਉਸੇ ਅਗੰਮੀ ਹੁਸਨ ਦਾ ਸਾਕਾਰ ਰੂਪ ਹੈ। ਇਸ਼ਕ ਦਾ ਅਸਲ ਮੰਤਵ ਹੈ ਗ਼ੈਬੀ ਹਕੀਕਤ ਨੂੰ ਜਾਣਨਾ, ਗ਼ੈਬੀ ਹਕੀਕਤ ਹੀ ਪਰਮ ਸਤਿ ਹੈ। ਸੂਫ਼ੀ ਵਿਸ਼ਵਾਸ਼ ਅਨੁਸਾਰ ਰੂਹਾਂ ਦਾ ਅਸਲੀ ਦੇਸ਼ ਪਰਮ ਤੱਤਵ ਹੈ। ਕਿਸੇ ਅਚਿੰਤ ਕਾਰਣ ਵਜੋਂ ਇਹ ਰੂਹਾਂ ਆਪਣੇ ਅਸਲੇ ਤੋਂ ਵਿਛੜ ਗਈਆਂ। ਵਿਛੋੜੇ ਕਾਰਣ ਹਰ ਰੂਹ ਬੇਤਾਬ ਹੈ। ਉਹ ਆਪਣੇ ਅਸਲੇ ਨਾਲ ਵਸਲ (ਸੰਯੋਗ) ਲਈ ਤਾਂਘਦੀ ਹੈ। ਇਹ ਪ੍ਰਭੂ-ਸੰਯੋਗ ਦੀ ਤਾਂਘ ਹੀ ਇਸ਼ਕ ਹੈ। ਇਸ਼ਕ ਇਕ ਅਮੋੜ ਜਿਗਿਆਸਾ ਦਾ ਪ੍ਰਵਾਹ ਹੈ।

ਇਸ਼ਕ ਦੀ ਸਾਧਨਾ ਦੁਆਰਾ ਅਮਰ ਪਦਵੀ ਦੀ ਪ੍ਰਾਪਤੀ ਹੁੰਦੀ ਹੈ। ਹਾਫਿਜ਼ ਦਾ ਕਥਨ ਹੈ—

'ਹਰਗਿਜ਼ ਨਾ-ਮੁਰਦ ਆਂਕਿ ਦਿਲਸ਼ ਜਿੰਦਾ ਸੁਦ ਬ-ਇਸ਼ਕ' (ਉਹ ਮਨੁੱਖ ਕਦੀ ਨਹੀਂ ਮਰਦਾ ਜਿਸ ਦਾ ਦਿਲ ਇਸ਼ਕ ਕਰਕੇ ਜੀਉਂਦਾ ਹੈ) ਅਰਥਾਤ ਇਸ਼ਕ ਦਾ ਸਾਧਕ ਸਦਾ ਅਮਰ ਹੁੰਦਾ ਹੈ।

ਇਹ ਜਗਤ ਉਸ ਪ੍ਰਭੂ ਦੇ ਅਜ਼ਲੀ ਹੁਸਨ ਦਾ ਜਲਵਾ ਹੈ। ਕੁਰਾਨ ਅਨੁਸਾਰ ਇਨਸਾਨੀ ਜ਼ਿੰਦਗੀ ਦਾ ਅਸਲ ਮਕਸਦ (ਮੰਤਵ) ਬੰਦਗੀ ਹੈ। ਸੂਫ਼ੀਆਂ ਅਨੁਸਾਰ ਇਸ਼ਕ ਹੀ ਸੱਚੀ ਬੰਦਗੀ ਹੈ। ਇਸ਼ਕ ਇਨਸਾਨੀ ਦਿਲ ਦੇ ਹੋਰ ਸਾਰਿਆਂ ਜਬਿਆਂ ਨੂੰ ਆਪਣੇ ਰੂਪ ਵਿਚ ਢਾਲ ਲੈਂਦਾ ਹੈ। ਡਰ ਕਾਰਣ ਕੀਤੀ ਹੋਈ ਬੰਦਗੀ ਕਿਸ ਕੰਮ? ਅਜੇਹੀ ਬੰਦਗੀ ਕਰਨ ਵਾਲੇ ਇਕ ਦਿਨ ਦਾ ਪੈਂਡਾ ਇਕ ਮਹੀਨੇ ਵਿਚ ਮਕਾਂਦੇ ਹਨ ਪਰੰਤੂ ਇਸ਼ਕ ਦੇ ਅਵਲੰਬੀ ਆਰਿਫ ਬੜੀ ਛੇਤੀ ਇਲਾਹੀ ਮਹਿਬੂਬ ਦੀ ਹਜ਼ੂਰੀ ਵਿਚ ਪਹੁੰਚ ਜਾਂਦੇ ਹਨ। ਇਸ ਕਰਕੇ ਸੂਫ਼ੀ ਆਸ਼ਿਆਂ ਵਿਚ ਇਸ਼ਕ ਦੀ ਵਿਸ਼ੇਸ਼ ਮਹੱਤਤਾ ਹੈ। ਇਹੋ ਹੀ ਸੂਫ਼ੀ ਚਿੰਤਨ ਦੇ ਮੂਲ ਤੱਤ ਹਨ। ਐਨਸਾਈਕਲੋਪੀਡੀਆ ਆਫ ਇਸਲਾਮ (ਪੰਨੇ 581-82) ਅਨੁਸਾਰ ਮੁਢਲਾ ਸੂਫ਼ੀ ਮੱਤ

ਦੋ ਧੁਰਿਆਂ ਉੱਤੇ ਕਾਇਮ ਸੀ:

1. ਇਬਾਦਤ, ਰਿਆਜ਼, ਬੰਦਗੀ ਦਾ ਤੀਖਣ ਅਭਿਆਸ ਜੋ ਰੂਹ ਵਿੱਚ ਰੱਬ ਦੀ ਬਖ਼ਸ਼ਿਸ਼ ਉਤਪੰਨ ਕਰਦਾ ਹੈ।
2. ਇਲਮ-ਅਲ-ਕਲੂਬ (ਦਿਲਾਂ ਦਾ ਗਿਆਨ) ਰੂਹ ਨੂੰ ਮਾਰਫ਼ਤ ਤਕ ਪਹੁੰਚਾ ਦਿੰਦਾ ਹੈ, ਜਿਸ ਦਾ ਭਾਵ ਇਹ ਹੈ ਕਿ ਮਨੁੱਖੀ ਰੂਹ ਵੀ ਰਜਾ (ਹੁਕਮ) ਵਿਚ ਆ ਜਾਂਦੀ ਹੈ।

ਸੂਫ਼ੀਆਂ ਦਾ ਵਿਸ਼ਵਾਸ਼ ਹੈ ਕਿ 'ਇਲਮ-ਅਲ-ਕਲੂਬ' ਦਾ ਬੜਾ ਸ਼ਕਤੀਸ਼ਾਲੀ ਗੁਣ ਇਹ ਹੈ ਕਿ ਇਸ ਨਾਲ ਪ੍ਰਭੂ-ਯਾਤਰਾ ਦਾ ਪਤਾ ਚਲਦਾ ਹੈ ਜਿਸ ਵਿਚ ਇਕ ਦਰਸ਼ਨ ਤੋਂ ਉਪਰ ਰਸਤੇ ਤੇ ਕਈ ਪੜਾਉ ਹਨ। ਕੁਝ ਗੁਣ ਪ੍ਰਾਪਤ ਹੁੰਦੇ ਹਨ, ਕੁਝ ਰੱਬੀ ਬਖਸ਼ਿਸ਼ ਹਾਸਲ ਹੁੰਦੀ ਹੈ। ਇਹ ਮੁਕਾਮ ਰਜਾ, ਤਵੱਕੁਲ, ਸਬਰ, ਤੋਬਾ ਆਦਿ ਦੇ ਹਨ। ਅੰਤਲਾ ਮਕਸਦ ਸਰੀਰ ਤੇ ਇਸ ਦੀਆਂ ਇਛਾਵਾਂ ਉਪਰ ਫਤਹਿ ਪ੍ਰਾਪਤ ਕਰਨ ਅਤੇ ਰੂਹ ਦਾ ਪਰਸਪਰ-ਆਤਮਾ ਨਾਲ ਮਿਲਣ ਹੈ ਇਸੇ ਲਈ ਰੂਪ ਅਮਰ ਹੈ, ਉਸ ਦਾ ਅਮਰ ਸੰਜੋਗ ਅਮਰ ਸੱਤਾ ਨਾਲ ਜ਼ਰੂਰ ਹੋਣਾ ਹੈ।

ਸੂਫ਼ੀ ਤੱਤਵ-ਚਿੰਤਨ ਦੇ ਨਿਮਨ ਲਿਖਤ ਪਹਿਲੂ ਧਿਆਨ ਯੋਗ ਹਨ :

(1) ਹਕੀਕਤ ਹੁਸਨ ਹੈ, ਅਰਥਾਤ ਅੰਤਿਮ ਹਕੀਕਤ (absolute Reality) ਹੀ 'ਹੁਸਨ-ਏ-ਮੁਤਲਿਕ' ਹੈ। ਇਸ ਵਿਸ਼ੇਸ਼ ਵਿਚਾਰ ਵਿਧਾਨ ਅਨੁਸਾਰ ਅੰਤਿਮ ਹਕੀਕਤ ਅਰਥਾਤ ਨਿਰਪੇਖਕ ਵਾਸਤਵਿਕਤਾ ਜਾਂ ਨਿਰਪੇਖਕ ਸੌਂਦਰਯ ਅਨੰਤ ਅਸੀਮ ਹੈ, ਸਰਵਾਂਤੀਤ ਹੈ ਜਿਸ ਵਿਚ ਮੂਲ ਅਤੇ ਗੌਣ ਦਾ ਫ਼ਰਕ ਕਾਇਮ ਨਹੀਂ ਹੁੰਦਾ। ਇਸ ਧਾਰਨਾ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਪਰਮ ਸੱਤਾ ਇਥ (ਵਾਹਿਦ) ਹੈ।

(2) ਪਰਮ ਵਾਸਤਵਿਕਤਾ ਪਰਮ ਨਿਰਪੇਖਕ ਪ੍ਰਕਾਸ਼ (ਨੂਰ-ਮੁਤਲਿਕ) ਹੈ। ਅਰਥਾਤ, ਸਗਲ ਹੋਂਦ ਪਸਾਰੇ ਦਾ ਕਾਰਣ 'ਪ੍ਰਕਾਸ਼' ਹੈ। ਜਿਸ ਦੀ ਵਿਸ਼ੇਸ਼ਤਾ 'ਸਦੀਵੀ ਪ੍ਰਗਟਾਉ' ਹੈ ਜੋ ਆਪਣੇ ਆਪ ਹੀ ਪ੍ਰਗਟਸ਼ੀਲ ਹੈ।

(3) ਹਕੀਕਤ ਖ਼ਿਆਲ ਹੈ ਅਰਥਾਤ ਪਰਮ ਵਾਸਤਵਿਕਤਾ ਵਿਚਾਰ ਤੱਤਵ ਦੀ ਹੈਸੀਅਤ ਰਖਦੀ ਹੈ। ਇਸ ਦਾ ਭਾਵ ਇਹ ਕਿ ਨਿਰੋਲ ਨਿਰਪੇਖਕ ਤੱਤਵ ਇਕ ਐਸਾ ਜੋਹਰ ਹੈ ਜਿਸ ਉਪਰ ਕਿਸੇ ਨਾਮ ਜਾਂ ਵਿਸ਼ਲੇਸ਼ਣ ਅਤੇ ਉਪਾਧੀ ਦਾ ਆਰੋਪਣ ਕੀਤਾ ਜਾਂਦਾ ਹੈ, ਭਾਵੇਂ ਉਹ ਯਥਾਰਥ ਹੋਵੇ ਭਾਵੇਂ ਕਾਲਪਨਿਕ।

ਅੱਲਾਹ ਇਕ ਐਸਾ ਨਾਮ ਹੈ ਜਿਸ ਦੁਆਰਾ ਅਭਿਵਿਅਕਤ ਨਾਮਿਕ ਸੱਚ ਹੋਂਦਵਾਨ ਹੈ। ਸੂਫ਼ੀ ਸਿੱਧਾਂਤ ਅਨੁਸਾਰ ਰੱਬ, ਕਇਨਾਤ (ਸ੍ਰਿਸ਼ਟੀ) ਤੇ ਇਨਸਾਨ ਇਨ੍ਹਾਂ ਬਾਰੇ ਵਿਚਾਰ ਵਿਦਮਾਨ ਕੀਤੇ ਗਏ ਹਨ।

ਉਪਰੋਕਤ ਸੂਫ਼ੀ ਤੱਤਵ-ਵਿਸ਼ਲੇਸ਼ਣ ਤੋਂ ਸਾਡਾ ਭਾਵ ਕੇਵਲ ਇਹ ਸੀ ਕਿ ਉਨ੍ਹਾਂ ਤੱਤਾਂ ਨੂੰ ਫ਼ਰੀਦ ਬਾਣੀ ਵਿਚ ਕਿਥੋਂ ਕੁ ਤਕ ਨਿਭਾਇਆ ਗਿਆ ਹੈ। ਫ਼ਰੀਦ (ਜਿਵੇਂ ਕਿ ਅਸੀਂ ਪਹਿਲਾਂ ਦਸ ਚੁੱਕੇ ਹਾਂ) 'ਆਬਿਦਾਨਾ ਤਸੱਵੁਫ਼' ਦਾ ਅਨੁਆਈ ਸੀ। ਭਾਵ ਉਹ ਉਸ ਤਸੱਵੁਫ਼ ਵਿਚ ਵਿਸ਼ਵਾਸ਼ ਰੱਖਦਾ ਸੀ ਜਿਸ ਦੁਆਰਾ ਇਕ ਸੂਫ਼ੀ ਨੂੰ ਕਰੜੀ ਰਿਆਜ਼ਤ (ਬੰਦਗੀ), ਘੋਰ ਤਪੱਸਿਆ ਤੇ ਕਠਿਨ ਭਗਤੀ ਵਿਚੋਂ ਲੰਘਣਾ ਪੈਂਦਾ ਹੈ।

ਉਹ ਦਿਨ ਰਾਤ ਭਜਨ ਬੰਦਗੀ ਕਰਦਾ ਹੈ : ਕਰੜੀ ਤੋਂ ਕਰੜੀ ਰਿਆਜ਼ਤ ਕਰਦਾ ਹੈ, ਮਿਹਨਤ ਕਰਦਾ ਹੈ : ਘਾਲਣਾ ਘਾਲਦਾ ਹੈ, ਰੋਜੇ ਰਖਦਾ ਹੈ, ਚਲੀਹੇ ਕੱਟਦਾ ਹੈ, ਪੁਠੇ ਲਟਕਦਾ ਹੈ, ਘੱਟ ਸੌਂਦਾ ਹੈ, ਸਾਰੀ ਸਾਰੀ ਰਾਤ ਜਾਗਦਾ ਹੈ, ਰੋਟੀ ਨਹੀਂ ਖਾਂਦਾ, ਢਿੱਡ ਉੱਤੇ ਕਾਠ ਦੀ ਰੋਟੀ ਰੱਖਦਾ ਹੈ, ਕੁਝ ਖਾਂਦਾ ਨਹੀਂ, ਕੇਵਲ ਆਪਣੇ ਮਹਿਬੂਬ ਦੀ ਯਾਦ ਵਿਚ ਜਾਗਦਿਆਂ ਰਾਤਾਂ ਗੁਜ਼ਾਰਦਾ ਹੈ।

ਇਹ ਕਰੜਾ ਅਭਿਆਸ ਵੀ ਤਾਂ ਇਕ ਮਨੁੱਖ ਨੂੰ ਪਰਮ ਮਨੁੱਖ ਤੇ ਸੱਚਾ-ਸੁੱਚਾ ਸੂਫ਼ੀ ਬਣਾ ਦਿੰਦਾ ਹੈ। ਸ਼ੇਖ ਫ਼ਰੀਦ ਵੀ ਅਜਿਹਾ ਮੁੱਢਲਾ ਸੂਫ਼ੀ ਸੀ ਜੋ ਰਿਆਜ਼ਤ, ਇਬਾਦਤ, ਬੰਦਗੀ, ਭਜਨ ਵਿਚ ਹੀ ਆਪਣੇ ਮਹਿਬੂਬ ਦੇ ਦਰਸ਼ਨ ਕਰਨਾ ਚਾਹੁੰਦਾ ਹੈ।

ਫ਼ਰੀਦ ਦੀ ਬਾਣੀ ਵਿਚ ਅਬਿਦਾਨਾ ਤਸੱਵੁਫ਼ ਦਾ ਝਲਕਾਰਾ ਵੇਖਿਆ ਜਾ ਸਕਦਾ ਹੈ।

ਉਸ ਦੇ ਤਸੱਵੁਫ਼ ਦੇ ਪ੍ਰਮੁੱਖ ਪੱਖ ਅੱਗੇ ਲਿਖੇ ਅਨੁਸਾਰ ਹਨ :

### (ੳ) ਸੰਸਾਰ ਵਲੋਂ ਉਪਰਾਮਤਾ

ਜੀਵ ਸੰਸਾਰ ਵਿਚ ਰਹਿੰਦਿਆਂ ਸੰਸਾਰ ਦੇ ਵਿਸ਼ੇ ਵਿਕਾਰਾਂ ਵਿਚ ਨਾ ਫਸੇ ਤੇ ਉਸ ਤੋਂ ਉਮਰਾਮ ਚਿਤ ਰਹੇ

ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆਂ ਗੁਝੀ ਭਾਹਿ।।
ਸਾਈ ਮੇਰੈ ਚੰਗਾ ਕੀਤਾ ਨਹੀਂ ਤ ਹੰਭੀ ਦਝਾ ਆਹਿ।। (3)

ਸੰਸਾਰ ਵਿਚ ਰਹਿ ਕੇ ਆਪਣੇ ਪ੍ਰਭੂ ਨੂੰ ਨਾ ਭੁੱਲੇ, ਸਗੋਂ ਦਿਨ ਰਾਤ ਉਸ ਦੀ ਯਾਦ ਵਿਚ ਮਗਨ ਰਹੇ ਤਾਂ ਜੋ ਅਗਲੇ ਜਹਾਨ ਵਿਚ ਸ਼ਰਮਿੰਦਾ ਨਾ ਹੋਵੇ :

ਫ਼ਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ
ਲੇਖਾ ਰਬੁ ਮੰਗੇਸੀਆ ਤੂ ਆਹੋ ਕੇਰੇ ਕੰਮਿ।। (38)

ਸੰਸਾਰ ਤੋਂ ਨਿਆਰਾ ਹੋਕੇ ਪ੍ਰਭੂ ਸਿਮਰਨ ਦੇ ਸਰੋਵਰ ਤੋਂ ਉੱਤਮ ਪਦਾਰਥ ਪ੍ਰਾਪਤ ਕਰੇ, ਸੰਸਾਰ ਵਿਚ ਗ਼ਲਤਾਨ ਨਾ ਹੋਵੇ:

ਫ਼ਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ।
ਛਪੜਿ ਢੂਢੈ ਕਿਆ ਹੋਵੈ, ਚਿਕੜਿ ਡੁਬੈ ਹਥੁ। (53)

ਉੱਤਮ ਰੂਹਾਂ ਦੁਨੀਆਂ ਵਿਚ ਪਦਾਰਥਾਂ ਦੇ ਮਗਰ ਨਹੀਂ ਜਾਂਦੀਆਂ ਉਹ ਤਾਂ ਨਾਮ ਰਸ ਪੀਂਦੀਆਂ ਹਨ। ਸੰਸਾਰ ਮਤ ਦੀ ਛਪੜੀ ਵਿਚ ਆਪਣੀ ਚੁੰਝ ਨਹੀਂ ਲਬੇੜਦੀਆਂ।

ਕਲਰ ਕੇਰੀ ਛਪੜੀ ਆਇ ਉਲਥੇ ਹੰਝ,
ਚਿੰਜ ਬੋੜਨਿ ਨ ਪੀਵਹਿ ਉਡਣ ਸੰਦੀ ਡੰਝ।। (64)

ਰੱਬ-ਜੀਵਾਂ ਦੀ ਦੁਨੀਆਂ ਦਾ ਰਾਮਰੌਲਾ ਨਹੀਂ ਸੁਣਦਾ। ਉਹ ਇਸ ਸ਼ੋਰ-ਸ਼ਰਾਬੇ ਨੂੰ ਸੁਣਿਆ ਅਣਸੁਣਿਆ ਕਰ ਦਿੰਦਾ ਹੈ :

ਫ਼ਰੀਦਾ ਇਹ-ਤਨ ਭਉਕਣਾ ਨਿਤ ਨਿਤ ਦੁਖੀਐ ਕਉਣ।।
ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਾਉਣ।

ਇਸ ਲਈ ਸ਼ੇਖ ਫ਼ਰੀਦ ਹਰ ਜਗਿਆਸੂ ਨੂੰ ਦੁਨੀਆਂ ਰੂਪੀ ਕੰਸਭੜੇ ਨੂੰ ਹੱਥ ਲਾਉਣ ਤੋਂ ਰੋਕਦਾ ਹੈ :

ਹਥੁ ਨਾ ਲਾਇ ਕਸੁੰਭੜੇ, ਜਲ ਜਾਸੀ ਢੋਲਾ।।

### (ਅ) ਸੰਸਾਰਿਕ ਮੋਹ ਤੋਂ ਨਿਰਲੇਪਤਾ

ਇਸ ਸੂਫ਼ੀ ਤੱਤ ਸੰਬੰਧੀ ਵੀ ਸ਼ੇਖ ਫ਼ਰੀਦ ਨੇ ਆਪਣੀ ਬਾਣੀ ਵਿਚ ਵਿਚਾਰ ਪ੍ਰਗਟਾਏ ਹਨ। ਇਹ ਜੀਵ ਸੰਸਾਰ ਦੇ ਭੋਗ ਵਿਲਾਸ ਤੋਂ ਜਲਦੀ ਉਪਰਾਮ ਹੋ ਜਾਂਦਾ ਹੈ, ਜਿਵੇਂ :

ਫ਼ਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨਿ।।
ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ।।

ਲੋਭ ਮੋਹ ਵਿਚ ਪੈ ਕੇ ਜੀਵ ਪ੍ਰਭੂ-ਪਿਆਰ ਤੋਂ ਦੂਰ ਚਲਾ ਜਾਂਦਾ ਹੈ। ਦੁਨਿਆਵੀ ਪ੍ਰੀਤ ਸਭ ਝੂਠ ਹੈ : ਇਸ ਤੋਂ ਨਿਰਲੇਪ ਰਹਿਣਾ ਚਾਹੀਦਾ ਹੈ। ਇਹ ਬਹੁਤ ਚਿਰ ਕਾਇਮ ਨਹੀਂ ਰਹਿੰਦੀ :

ਫ਼ਰੀਦਾ ਜਾਂ ਲਬੁ ਤਾ ਨੇਹੁ ਕਿਆ ਲਬ ਤ ਕੂੜਾ ਨੇਹੁ।।
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ।। (18)

ਸੰਸਾਰਿਕ ਮੋਹ ਭਾਵੇਂ ਕਿੱਡਾ ਮਿੱਠਾ ਹੋਵੇ, ਉਹ ਪ੍ਰਭੂ-ਪਿਆਰ ਦੀ ਤੁਲਨਾ ਨਹੀਂ ਕਰ ਸਕਦਾ :

ਫ਼ਰੀਦਾ ਸਕਰ ਖੰਡੁ ਨਿਵਾਤ ਗੁੜ ਮਾਖਿਓ ਮਾਂਝਾ ਦੁਧ
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧ।।

ਸੰਸਾਰਿਕ ਪਦਾਰਥਾਂ ਦਾ ਮੋਹ ਨਿਰਾ ਮੋਹਰਾ/ਜ਼ਹਿਰ ਹੈ। ਇਸ ਤੋਂ ਬਚਣਾ ਹੀ ਚੰਗਾ ਹੈ,

ਫ਼ਰੀਦਾ ਏ ਵਿਸੁ ਭਰੀਆਂ ਗੰਦਲਾ ਧਰੀਆਂ ਖੰਡੁ ਲਿਵਾੜਿ।
ਇਕਿ ਰਾਹੇ ਦੇ ਰਾਹ ਗਹੇ ਇਕਿ ਰਾਧੀ ਗਏ ਉਜਾੜਿ।। (37)

ਦੁਨੀਆਂ ਦਾ ਮਾਲ ਤੇ ਉਸ ਦੀ ਮਿਲਖ ਸਭ ਨਾਸ਼ਵਾਨ ਹਨ। ਇਨ੍ਹਾਂ ਨਾਲ ਇਸ ਜੀਵ ਨੂੰ ਚਿਤ ਨਹੀਂ ਲਾਉਣਾ

ਚਾਹੀਦਾ। ਇਹ ਅਗਲੇ ਜਹਾਨ ਵਿਚ ਕੋਈ ਸਹਾਇਤਾ ਨਹੀਂ ਕਰਦੇ :

ਫ਼ਰੀਦਾ ਕੋਠੇ ਮੰਡਪ ਪਾੜੀਆ ਏਤੁ ਨਾ ਲਾਏ ਚਿਤੁ।।
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ।। (57)

## (ੲ) ਪ੍ਰਭੂ ਸਿਮਰਨ

ਸ਼ੇਖ ਫ਼ਰੀਦ ਨੇ ਪ੍ਰਭੂ ਦੀ ਯਾਦ, ਉਸ ਦੇ ਜ਼ਿਕਰ ਤੇ ਸਿਮਰਨ ਉੱਤੇ ਵੀ ਥਾਂ-ਥਾਂ ਜ਼ੋਰ ਦਿੱਤਾ ਹੈ। ਸੂਫ਼ੀ ਆਚਾਰ ਦਾ ਇਹ ਇਕ ਸਜੀਵ ਗੁਣ ਹੈ। ਸਿਮਰਨ ਲਈ ਸ਼ੇਖ ਫ਼ਰੀਦ ਬਾਰ-ਬਾਰ ਤਾਕੀਦ ਕਰਦਾ ਹੈ, ਉਹ ਤਾਂ ਇਕ ਘੜੀ ਪਲ ਪਿਆਰੇ ਦੀ ਯਾਦ ਬਿਨਾਂ ਨਹੀਂ ਰਹਿ ਸਕਦਾ :

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ।। (30)

ਉਸ ਪ੍ਰਭੂ ਦੀ ਯਾਦ ਨੂੰ ਵਿਸਾਰਨ ਵਾਲੇ ਨਿੰਦਾ ਦੇ ਭਾਗੀ ਹੁੰਦੇ ਹਨ। ਉਨ੍ਹਾਂ ਦਾ ਚਲਨ ਨਿੰਦਨੀ ਹੁੰਦਾ ਹੈ।

ਫ਼ਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ।।
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ।। (70)

ਇਸ ਲਈ ਸ਼ੇਖ ਫ਼ਰੀਦ ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਨੂੰ ਯਾਦ ਕਰਨ ਦੀ ਸਿੱਖਿਆ ਦਿੰਦਾ ਹੈ, ਜੋ ਸਿਰ ਪ੍ਰਭੂ ਦੀ ਯਾਦ ਵਿਚ ਨਹੀਂ ਝੁਕਦਾ, ਉਹ ਕਿਸ ਕੰਮ?

ਉਠਿ ਫ਼ਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ
ਜੋ ਸਿਰ ਸਾਂਈ ਨ ਨਿਵੈ ਸੋ ਸਿਰੁ ਕਪਿ ਉਤਾਰ।। (71)

ਇਕ ਸ਼ਰੇਸ਼ਠ ਸੂਫ਼ੀ ਆਪਣਾ ਸਾਰਾ ਸਮਾਂ ਪ੍ਰਭੂ ਯਾਦ ਵਿਚ ਹੀ ਲੰਘਾਉਂਦਾ ਹੈ। ਉਸ ਨੂੰ ਰਾਤ ਨੂੰ ਨੀਂਦ ਕਿਥੇ?

ਫ਼ਰੀਦਾ ਰਤਿ ਕਥੂਰੀ ਵੰਡੀਐ ਸੁਤਿਆ ਮਿਲੇ ਨਾ ਭਾਉ
ਜਿੰਨਾ ਲੈਣ ਨੀਦ੍ਰਾਵਲੇ ਤਿੰਨਾ ਮਿਲਣੁ ਕੁਆਉ।। (80)

..............................................................

ਪਹਿਲੇ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ
ਜੋ ਜਾਗੰਨਿ ਲਹੰਨਿ ਸੇ ਸਾਈ ਕੰਨੀ ਦਾਤਿ (112)

## (ਸ) ਤਵੱਕੱਲ (ਭਰੋਸਾ)

ਇਕ ਸੱਚੇ ਸੂਫ਼ੀ ਨੂੰ ਪ੍ਰਭੂ ਉਤੇ ਪੂਰਨ ਵਿਸ਼ਵਾਸ ਹੁੰਦਾ ਹੈ। ਇਸ ਭਰੋਸੇ ਉਪਰ ਉਹ ਜਿਉਂਦਾ ਹੈ। ਤਵੱਕੁਲ ਕਰਨਾ ਸੂਫ਼ੀ ਦਾ ਸੁਭਾਵਕ ਗੁਣ ਹੈ, ਉਸ ਨੂੰ ਆਪਣੇ ਪਿਆਰ ਦੀ ਅੰਤ ਤਕ ਆਸ ਹੁੰਦੀ ਹੈ।

ਕਾਗਾ ਚੂੰਡਿ ਨਾ ਪਿੰਜਰਾ ਬਸੈ ਤ ਉਡਰਿ ਜਾਹਿ
ਜਿਤੁ ਪਿੰਜਰੇ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ।। (92)

ਰੱਬ ਉਤੇ ਤਵਕੁੱਲ ਕਰਨ ਵਾਲੇ ਪੰਛੀ ਵੀ ਚੰਗੇ ਹਨ। ਉਹ ਵੀ ਧੰਨਤਾ ਯੋਗ ਹਨ :

ਫ਼ਰੀਦਾ ਹਉ ਬਲਿਹਾਰੀ ਤਿਨ ਪੰਖੀਆ ਜੰਗਲਿ ਜਿਨ੍ਹਾਂ ਵਾਸੁ।।
ਕਕਰੁ ਚੁਗਨਿ ਥਲਿ ਵਸਨਿ ਰੱਬ ਦਾ ਛੋਡਲਿ ਪਾਸੁ।।(101)

ਤਵੱਕੁਲ ਨਾਲ ਹੀ ਸਬਰ ਸੰਤੋਖ ਆਉਂਦਾ ਹੈ। ਸਬਰ ਹੀ ਇਕ ਅਜਿਹਾ ਤੀਰ ਹੈ ਜੋ ਪ੍ਰਾਪਤੀ ਦੇ ਨਿਸ਼ਾਨੇ ਤੇ ਠੀਕ ਵਜਦਾ ਹੈ :

ਸਬਰ ਮੰਝ ਕਮਾਣੁ ਏ ਸਬਰੁ ਕਾ ਨੀਹਣੋ।।
ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ।। (115)

ਸਬਰ ਤੇ ਤਵਕੁੱਲ ਨਾਲ ਮਨੁੱਖ ਦਾ ਵਿਸ਼ਵਾਸ਼ ਦ੍ਰਿੜ ਹੁੰਦਾ ਹੈ ਤੇ ਉਹ ਦਰਿਆ ਵਾਂਗ ਵਿਸ਼ਾਲ ਹਿਰਦੇ ਵਾਲਾ ਹੋ ਜਾਂਦਾ ਹੈ :

ਸਬਰੁ ਹੇ ਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ।।
ਵਧਿ ਥੀਵਹਿ ਦਰੀਆਉ ਟੁਟਿ ਲ ਥੀਵਹਿ ਵਾਹੜਾ।। (117)

ਸਬਰ ਤੇ ਤਵੱਕੁਲ ਨਾਲ ਸੂਫ਼ੀ ਪ੍ਰਭੂ ਦੇ ਨੇੜੇ ਹੁੰਦਾ ਹੈ ਪਰ ਉਹ ਇਸ ਗੱਲ ਦਾ ਭੇਤ ਨਹੀਂ ਦਿੰਦਾ :

ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍॥
ਹੋਨਿ ਨਜੀਕੀ ਖੁਦਾਇ ਦੇ ਭੇਤੁ ਨ ਕਿਸੈ ਦੇਨਿ॥ (116)

## (ਹ) ਪਰਮੇਸ਼ਵਰ ਦਾ ਭੈਅ :

ਪਰਮੇਸ਼ਵਰ ਦਾ ਡਰ ਇਕ ਸੂਫ਼ੀ ਨੂੰ ਉੱਤਮ ਪੁਰਖ ਬਣਾਉਂਦਾ ਹੈ ਤੇ ਉਹ ਗੁਨਾਹਾਂ ਤੋਂ ਬਚਿਆ ਰਹਿੰਦਾ ਹੈ। ਮੌਤ ਦਾ ਭੈਅ ਵੀ ਰੱਬ ਦਾ ਨਾ ਲੈਣਾ ਸਿਖਾਉਂਦਾ ਹੈ। ਪਰਮੇਸ਼ਵਰ ਤੋਂ ਭੈਅ ਖਾਣ ਵਾਲਾ ਜੀਵ ਕਦੀ ਮੰਦੇ ਕਰਮ ਨਹੀਂ ਕਰਦਾ ਤੇ ਪ੍ਰਭੂ ਦੀ ਯਾਦ ਵਿਚ ਲੀਨ ਰਹਿੰਦਾ ਹੈ। ਇਹ ਤੱਤ ਸ਼ੇਖ ਫ਼ਰੀਦ ਦੀ ਬਾਣੀ ਵਿਚ ਵਧੇਰੇ ਉਜਾਗਰ ਹੋਇਆ ਹੈ। ਪ੍ਰਭੂ ਦੇ ਭੈਅ ਵਿਚ ਜੀਵਨ ਬਿਤਾਉਣਾ ਬੜਾ ਕਠਿਨ ਕੰਮ ਹੈ :

ਫ਼ਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣੁ ਲੇਫੁ
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥ (35)

ਦਿਨ ਰਾਤ ਸੂਫ਼ੀ ਨੂੰ ਉਸ ਪ੍ਰਭੂ ਦੇ ਭੈਅ ਤੇ ਪਿਆਰ ਵਿਚ ਰਹਿਣਾ ਚਾਹੀਦਾ ਹੈ :

ਫ਼ਰੀਦਾ ਚਾਰਿ ਗਵਾਇਆ ਹੰਢਿ ਕੈ ਚਾਰ ਗਵਾਇਆ ਸੰਮਿ
ਲੇਖਾ ਰਬੁ ਮੰਗੇਸੀਆ ਤੂ ਆਹੋ ਕੇਰੇ ਕੰਮਿ॥ (38)

ਰੱਬ ਦਾ ਡਰ ਮੌਤ ਤੋਂ ਵੀ ਸੁਚੇਤ ਰੱਖਦਾ ਹੈ ਤੇ ਮਨੁੱਖ ਨੂੰ ਭਲੇ ਪਾਸੇ ਲਾਉਂਦਾ ਹੈ।

ਫ਼ਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰਿਆਵੈ ਢਾਹਾ
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਰਾਹਾ॥
ਇਕਨਾ ਨੋ ਸਭ ਸੋਝੀ ਆਈ ਇਕ ਫਿਰਦੇ ਵੇਪਰਵਾਹਾ॥
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਾਹ ਓਗਾਹਾ॥ (98)

ਸੂਫ਼ੀ ਮੱਤ ਦੇ ਹੋਰ ਤੱਤਾਂ ਵਿਚੋਂ ਰੱਬ ਦਾ ਇਸ਼ਕ, ਉਸ ਦਾ ਵਹਦਤ-ਉਲ-ਵਜੂਦ (ਇਕੋ ਇਕ ਹੋਣਾ) ਉਸ ਦਾ ਪ੍ਰਕਾਸ਼ ਹਰ ਘਰ ਵਿਚ ਵੇਖਣਾ ਤੇ ਉਸ ਦੀ ਜ਼ਾਤ ਵਿਚ ਆਪਣੀ ਜ਼ਾਤ ਨੂੰ ਹਲੂਲ ਕਰ ਦੇਣਾ, ਆਦਿ ਮੰਨੇ ਗਏ ਹਨ। ਸ਼ੇਖ ਫ਼ਰੀਦ ਦੇ ਕਲਾਮ ਵਿਚ ਇਹ ਤੱਤ ਵੀ ਸਾਨੂੰ ਪ੍ਰਤੱਖ ਮਿਲਦੇ ਹਨ :

### ਇਸ਼ਕ :

ਪ੍ਰਭੂ ਨਾਲ ਸੱਚੀ ਤੇ ਦਿਲੀ ਮੁਹੱਬਤ ਹੋਣੀ ਚਾਹੀਦੀ ਹੈ, ਜੋ ਅੰਦਰੋਂ ਬਾਹਰੋਂ ਇਕ ਹੋਵੇ :

ਦਿਲਹੁ ਮੁਹਬਿਤ ਜਿੰਨ੍ ਸੇਈ ਸਚਿਆ॥
ਜਿਨ੍ ਮਨਿ ਹੋਰ ਮੁਖਿ ਹੋਰ ਸਿ ਕਾਢੇ ਕਚਿਆ॥ (488)

ਅਜਿਹੇ ਸੂਫ਼ੀ ਪ੍ਰਭੂ ਦੇ ਇਸ਼ਕ ਵਿਚ ਰਤੇ ਹੁੰਦੇ ਹਨ ਤੇ ਉਸ ਦਾ ਦੀਦਾਰ ਕਰਦੇ ਹਨ :

ਰਤੇ ਇਸ਼ਕ ਖੁਦਾਇ ਰੰਗ ਦੀਦਾਰ ਕੇ
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥ (488)

ਪ੍ਰਭੂ ਪ੍ਰੀਤ ਬਿਨਾਂ ਸੂਫ਼ੀ ਨੂੰ ਸਦੀਵੀ ਸੁੱਖ ਪ੍ਰਾਪਤ ਨਹੀਂ ਹੋ ਸਕਦਾ ਪਰੰਤੂ ਉਸ ਦਾ ਵਸਲ (ਮਿਲਾਪ) ਉਸ ਦੀ ਮੇਹਰ ਤੇ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦਾ ਹੈ :

ਪਿਰਹਿ ਬਿਹੂਨ ਕਤਹਿ ਸੁਖੁ ਪਾਏ
ਜਾ ਹੋਇ ਕ੍ਰਿਪਾਲ ਤਾਂ ਪ੍ਰਭੂ ਮਿਲਾਏ॥ (714)

ਉਸ ਪਿਆਰੇ ਸੱਜਣ ਦੇ ਇਸ਼ਕ ਵਿਚ ਸੱਚਾ ਸੂਫ਼ੀ ਹਮੇਸ਼ਾ ਤੜਫਦਾ ਰਹਿੰਦਾ ਹੈ। ਉਹ ਗੋਹੇ ਵਾਂਗ ਧੁਖਦਾ ਰਹਿੰਦਾ ਹੈ :

ਫ਼ਰੀਦਾ ਗਲੀਂ ਸੁ ਸਜਣ ਵੀਹ ਇਕੁ ਢੂਢੇਦੀ ਨ ਲਹਾਂ
ਧੁਖਾਂ ਜਿਉ ਮਾਲੀਹ ਕਾਰਣਿ ਤਿੰਨਾ ਮਾ ਪਿਰੀ॥ (87)

ਉਹ ਪ੍ਰਭੂ ਤੁਹਾਡੇ ਹਿਰਦੇ ਵਿਚ ਹੀ ਹੈ। ਉਸ ਦਾ ਪ੍ਰਕਾਸ਼ ਹਰ ਜੀਵ ਅੰਦਰ ਹੈ :

ਫ਼ਰੀਦਾ ਜੰਗਲ ਜੰਗਲ ਕਿਆ ਭਵਹਿ ਵਣਿ ਕੰਡਾ ਮੋੜੇਹਿ

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ (19)

ਪ੍ਰਭੂ ਮਿਲਾਪ ਦੀ ਤਾਂਘ ਇੰਨੀ ਪ੍ਰਬਲ ਹੁੰਦੀ ਹੈ ਕਿ ਇਕ ਸੂਫ਼ੀ ਰਸਤੇ ਦੀਆਂ ਤਕਲੀਫਾਂ ਤੇ ਰੁਕਾਵਟਾਂ ਦੀ ਵੀ ਪਰਵਾਹ ਨਹੀਂ ਕਰਦਾ। ਉਹ ਸੰਜੋਗ ਦੇ ਮਾਰਗ ਤੇ ਟੁਰ ਪੈਂਦਾ ਹੈ।

ਭਿਜਹੁ ਸਿਜਹੁ ਕੰਬਲੀ ਅਲਹ ਵਰਸਉ ਮੇਹੁ।।<br>
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ।।(25)

ਪ੍ਰਭੂ ਹਰ ਹਿਰਦੇ ਵਿਚ ਵਸਦਾ ਹੈ, ਇਸ ਲਈ ਸੂਫ਼ੀ ਲਈ ਜ਼ਰੂਰੀ ਹੈ ਕਿ ਉਹ ਕਿਸੇ ਜੀਵ ਦਾ ਦਿਲ ਨਾ ਦੁਖਾਵੇ ਤੇ ਨਾ ਕਿਸੇ ਨੂੰ ਮੰਦਾ ਜਾ ਫਿੱਕਾ ਬੋਲੇ :

ਸਭਨਾ ਮਨ ਮਾਦਿਕ ਠਾਹੁਣ ਮੂਲਿ ਮਚਾਂਗਵਾ<br>
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ।। (130)

ਅਤੇ

ਇਕ ਫਿਕਾ ਨ ਗਲਾਇ ਸਭਨਾ ਮੈ ਸਚਾ ਧਣੀ।।<br>
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ।। (130)

ਇਸ ਤਰ੍ਹਾਂ ਪ੍ਰਭੂ ਦੀ ਇਸ ਸ੍ਰਿਸ਼ਟੀ (ਦੁਨੀਆਂ) ਤੇ ਇਨਸਾਨ ਬਾਰੇ ਵੀ ਸ਼ੇਖ ਫ਼ਰੀਦ ਦੀ ਬਾਣੀ ਵਿਚ ਸੂਫ਼ੀ ਤੱਤ ਮਿਲਦੇ ਹਨ। ਕਈ ਇਕ ਵਿਦਵਾਨਾਂ ਨੇ ਸੂਫ਼ੀ ਮੱਤ ਦੇ ਦੋ ਅਧਾਰ ਦੱਸੇ ਹਨ; ਇਕ ਪੂਰਨ ਤਿਆਗ ਤੇ ਦੂਜਾ ਰੱਬ ਦੀ ਜਾਤ ਵਿਚ ਪੂਰੀ ਤੁਵੱਜਾ ਅਰਥਾਤ ਲੀਣਤਾ, ਇਨ੍ਹਾਂ ਦੋਹਾਂ ਪੱਖਾਂ ਦਾ ਨਿਰੂਪਣ ਵੀ ਸ਼ੇਖ ਫ਼ਰੀਦ ਦੀ ਬਾਣੀ ਵਿਚ ਭਲੀ ਪ੍ਰਕਾਰ ਹੋਇਆ ਮਿਲਦਾ ਹੈ।

ਸੂਫ਼ੀ ਮਾਰਗ ਦੇ ਪੰਜਾਂ ਪੜਾਵਾਂ ਨੂੰ ਸੂਫ਼ੀਮੱਤ ਦੇ ਪੰਜ ਤੱਤ ਜਾਂ ਸਿੱਧਾਂਤ ਕਿਹਾ ਜਾ ਸਕਦਾ ਹੈ। ਉਹ ਤੱਤ ਹਨ :

(1) ਸਬਰ, ਰਜ਼ਾ, ਤਵੱਕੁਲ, ਫਨਾਹ (ਸੰਤੋਖ, ਰੱਬ ਤੇ ਮੌਤ ਦਾ ਡਰ, ਭਾਣਾ ਜਾਂ ਹੁਕਮ ਮੰਨਣਾ ਅਤੇ ਉਸ ਦੀ ਜ਼ਾਤ ਉਤੇ ਭਰੋਸਾ)।

(2) ਤੌਹੀਦ ਜਾਂ ਰੱਬ ਦੀ ਇਕੋ ਇਕ ਜ਼ਾਤ ਵਿਚ ਵਿਸ਼ਵਾਸ਼

(3) ਵਜਦ ਜਾਂ ਸ਼ੁਕਰ ਅਰਥਾਤ ਮਸਤੀ

(4) ਮਾਰਫਤ ਭਾਵ ਰੱਬ ਦੀ ਮਿਹਰ ਤੇ ਬਖਸ਼ਿਸ਼

(5) ਇਸ਼ਕ : ਰੱਬ ਨਾਲ ਸੱਚਾ ਪਿਆਰ

ਇਨ੍ਹਾਂ ਤੱਤਾਂ ਦ ਵਿਸ਼ਲੇਸ਼ਣ ਵੀ ਅਸੀਂ ਉਪਰ ਕਰ ਆਏ ਹਾਂ। ਸ਼ੇਖ ਫ਼ਰੀਦ ਦੀ ਬਾਣੀ ਇਨ੍ਹਾਂ ਤੱਤਾਂ ਦੀ ਵਿਆਖਿਆ ਭਲੀ ਭਾਂਤ ਕਰਦੀ ਹੈ।

ਸਾਰੇ ਤੱਤਾਂ ਦਾ ਪ੍ਰਮੁਖ ਮਨੋਰਥ ਇਹ ਵਾਕ ਹੈ :

ਫ਼ਰੀਦਾ ਜੇ ਤੂੰ ਅਕਲ ਲਤੀਫੁ ਕਾਲੇ ਲਿਖੁ ਨ ਲੇਖੁ।।<br>
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ।। (6)

ਉਹ ਸੱਚੀ ਦਰਵੇਸ਼ੀ ਭਾਵ ਪ੍ਰਭੂ ਦੀ ਚਾਕਰੀ ਕਰਨ ਉਪਰ ਜ਼ੋਰ ਦਿੰਦਾ ਹੈ :

ਫ਼ਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ<br>
ਦਰਵੇਸ਼ਾ ਨੂੰ ਲੋੜੀਐ ਰੁਖਾਂ ਦੀ ਜੀਰਾਂਦ।। (60)

ਇਸ ਲਈ ਇਹ ਕਹਿਣਾ ਕਿ ਫ਼ਰੀਦ ਪਹਿਲੇ ਪੜਾਉ ਦਾ ਸੂਫ਼ੀ ਸੀ ਜਾਂ ਇਹ ਕਿ ਉਸ ਦੇ ਕਾਲਾਮ ਵਿਚ ਸੂਫ਼ੀ ਮੱਤ ਦੇ ਪੂਰੇ ਤੱਤ ਨਹੀਂ ਹਨ ਜਾਂ ਇਹ ਕਿ ਉਸ ਵਿਚ ਨਿਰਮੂਲ ਗੱਲਾਂ ਹਨ, ਗਲਤ ਹੈ। ਸ਼ੇਖ ਫ਼ਰੀਦ ਪੱਕਾ ਸੂਫ਼ੀ ਦਰਵੇਸ਼, ਉਚ ਆਚਾਰ-ਵਿਹਾਰੀ, ਰੱਬ ਦੀ ਰਜਾ ਵਿਚ ਤੇ ਉਸ ਦੇ ਭਰੋਸੇ ਤੇ ਰਹਿਣ ਵਾਲਾ, ਉਸ ਦੀ ਇਕੋ ਇਕ ਜਾਤ ਵਿਚ ਵਿਸ਼ਵਾਸ ਰੱਖਣ ਵਾਲਾ, ਸਬਰ, ਸ਼ੰਤੋਖੀ, ਤਪੱਸਵੀਂ, ਇਬਾਦਤ ਤੇ ਰਿਆਜ਼ਤ ਕਰਨ ਵਾਲਾ, ਰੁੱਖੀ ਮਿੱਸੀ ਖਾ ਕੇ ਠੰਡਾ ਪਾਣੀ ਪੀਣ ਵਾਲਾ, ਹਰ ਘਟ ਵਿਚ ਪ੍ਰਭੂ ਦੇ ਦਰਸ਼ਨ ਕਰਨ ਵਾਲਾ, ਕਿਸੇ ਦਾ ਦਿਲ ਨਾ ਦੁਖਾਉਣ ਵਾਲਾ, ਸੰਸਾਰ ਤੇ ਇਸ ਦੇ ਪਦਾਰਥਾਂ ਨੂੰ ਨਾਸ਼ਵਾਨ ਸਮਝਣ ਵਾਲਾ, ਪ੍ਰਭੂ ਦਾ ਚਾਕਰ, ਸੂਫ਼ੀ ਮਿਤ੍ਰਾਂ ਦਾ ਸੱਚਾ ਦੋਸਤ, ਰੱਬ ਦੇ ਪਿਆਰਿਆਂ ਤੋਂ ਸਭ ਕੁਝ ਵਾਰਨ ਵਾਲਾ, ਪ੍ਰਭੂ ਦੀ ਸਿੱਕ ਹਿਰਦੇ ਵਿਚ ਰੱਖਣ ਵਾਲਾ, ਰੱਬ ਤੇ ਮੌਤ ਤੋਂ ਭੈ ਖਾਣ ਵਾਲਾ, ਇਸ਼ਕਿ-ਖੁਦਾ ਵਿਚ ਰੰਗਿਆ ਹੋਇਆ ਤੇ ਉਸ ਦੀ ਜਲਵਾ ਸਾਖਿਆਤ ਕਰਨ ਵਾਲਾ ਪੂਰਨ, ਸਿਦਕੀ ਦਰਵੇਸ਼ ਤੇ ਸਦਾਚਾਰਕ ਸੂਫ਼ੀ ਸੰਤ ਸੀ।

ਪਾਠ ਨੰਬਰ : 2.4

## ਫ਼ਰੀਦ ਦਾ ਰਹੱਸਵਾਦ

ਪਿਆਰੇ ਵਿਦਿਆਰਥੀਓ,

ਸੂਫ਼ੀ ਸਾਹਿਤ ਵਿਚ ਰੱਹਸਵਾਦ ਮਹੱਤਵਪੂਰਨ ਪੱਖ ਹੈ। ਹਰ ਧਾਰਮਿਕ ਫਿਰਕੇ ਦੇ ਆਪਣੀ ਕਿਸਮ ਦੇ ਰਹੱਸਵਾਦ ਅਨੁਭਵ ਹੁੰਦੇ ਹਨ। ਸੂਫ਼ੀ ਰੱਹਸਵਾਦ ਨੂੰ ਬਿਆਨ ਕਰਨ ਲਈ ਅਤੇ ਵਿਸ਼ੇਸ਼ ਰੂਪ ਵਿਚ ਬਾਬਾ ਫਰੀਦ ਦੇ ਰਹੱਸਵਾਦ ਨੂੰ ਪੇਸ਼ ਕਰਨ ਲਈ, ਇਸ ਪਾਠ ਵਿਚ ਕੋਸ਼ਿਸ਼ ਕੀਤੀ ਜਾਵੇਗੀ।

ਸੂਫ਼ੀ ਵਿਸ਼ਵਾਸ਼ ਅਨੁਸਾਰ ਅਸਲ ਹਕੀਕਤ ਮੂਲ, ਵਾਸਤਵਿਕਤਾ ਤੋਂ ਜਾਂ ਪਰਮ ਸੱਤ ਸਿਰਫ਼ ਖੁਦਾ ਹੈ। ਕੁਰਾਨ ਵਿਚ ਦਰਜ ਹੈ ਕਿ ਖੁਦਾ ਕਾਇਨਾਤ ਦਾ ਖਾਲਿਕ ਹੈ ਤੇ ਉਸ ਤੇ ਉਸ ਤੋਂ ਇਲਾਵਾ ਹੋਰ ਕੋਈ ਪਰਮ ਸੱਤਾ ਨਹੀ ਹੈ। ਉਹ ਸਰਵਸ਼ਕਤੀਮਾਨ ਹੈ ਅਤੇ ਕ੍ਰਿਪਾ ਨਿਧਾਨ ਹੈ, ਉਹ ਪੱਥ-ਪ੍ਰਦਰਸ਼ਕ ਅਤੇ ਰਚਨਹਾਰਾ ਹੈ। ਉਹ ਸਰਵ ਦ੍ਰਿਸ਼ਟਾ ਅਤੇ ਸਰਵ-ਨਿਪੁਣ ਹੈ। ਉਹ ਅਤਿਅੰਤ ਨਿਕਟ (ਸ੍ਰਿਸ਼ਟੀ) ਵਿਚ ਉਹ ਰਚਿਆ ਹੋਇਆ ਹੈ। ਉਹ ਰਾਜਿਕ ਰਹੀਮ ਅਤੇ ਕਰਤਾ ਕਰੀਮ ਹੈ। ਉਸ ਦੀਆਂ ਰਹਿਮਾਂ ਤੇ ਬਖਸ਼ਿਸ਼ਾਂ ਦਾ ਆਰਪਾਰ ਕੋਈ ਨਹੀਂ ਅਤੇ ਜਿਹੜੇ ਵਿਅਕਤੀ ਸੱਚੇ ਦਿਲੋਂ, ਪੂਰਨ ਸਿਦਕ ਸਫ਼ਾਈ ਨਾਲ ਉਸ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਉਸ ਦੇ ਹੁਕਮ ਦੇ ਭਾਣੇ ਵਿਚ ਚਲਦੇ ਹਨ ਉਹ ਉਸ ਦੀ ਖੁਸ਼ੀ ਤੇ ਪ੍ਰਸੰਨਤਾ ਦੇ ਪਾਤਰ ਬਣਦੇ ਹਨ। ਸੂਫ਼ੀ ਮਾਰਗ ਦੇ ਇਹ ਸਾਰੇ ਗੁਣ ਅਸੀਂ ਫਰੀਦ ਵਿਚ ਪ੍ਰਤੱਖ ਵੇਖ ਸਕਦੇ ਹਾਂ।

ਸੂਫ਼ੀ ਨੂੰ ਖੁਦਾ ਦੀ ਸਦੀਵੀ ਹਜ਼ੂਰੀ ਦਾ ਅਨੁਭਵ ਹੁੰਦਾ ਹੈ। ਉਹ ਤਰਕ ਵਿਤੱਰਕ ਦੀ ਬਜਾਏ ਆਤਮ-ਦਰਸ਼ਨ ਆਤਮ-ਅਨੁਭੂਤੀ ਅਤੇ ਆਤਮ-ਪ੍ਰਕਾਸ਼ ਦੁਆਰਾ ਸੂਖਮ ਸਤਿ ਦਾ ਸਾਖਿਆਤ ਕਰਦਾ ਹੈ। ਮਾਨਵ-ਜੀਵਨ ਦਾ ਉੱਚਤਮ ਮੰਤਵ ਅਸੀਮ-ਅਨੰਤ ਪਰਮਸੱਤਾ ਦੇ ਨਾਲ ਇਕਸਾਰਤਾ ਪ੍ਰਾਪਤ ਕਰਨਾ ਹੈ। ਇਸ ਮੰਤਵ ਦੀ ਪੂਰਤੀ ਲਈ ਜਰੂਰੀ ਹੈ ਕਿ ਸਾਰੀਆਂ ਰੋਕਾਂ ਦੂਰ ਕੀਤੀਆਂ ਜਾਣ ਤਾਂ ਜੋ ਇਲਾਹੀ ਸੱਤਾ ਉਸ ਦੇ ਅੰਦਰੋਂ ਜਾਰੀ ਹੋ ਸਕੇ, ਅਜਿਹੀ ਅਵਸਥਾ ਵਿਚ ਇਨਸਾਨ ਇਲਾਹੀ ਅਕਲ ਨਾਲ ਚੀਜ਼ਾਂ ਸਮਝਦਾ ਹੈ ਅਤੇ ਇਲਾਹੀ ਤਾਕਤ ਨਾਲ ਕੰਮ ਕਰਦਾ ਹੈ।

ਸਪੱਸ਼ਟ ਹੈ ਕਿ ਰਹੱਸਵਾਦ ਬ੍ਰਹਮ-ਸਾਧਨਾ ਹੈ ਜਿਸ ਅਨੁਸਾਰ ਬ੍ਰਹਮ ਨੂੰ ਜਣਨ ਵਾਲਾ ਬ੍ਰਹਮ ਵਿਚ ਹੀ ਸਥਿਰ ਹੋ ਜਾਂਦਾ ਹੈ। ਸਾਧਨਾ ਦੀ ਇਹ ਅੰਤਮ ਅਵਸਥਾ ਹੋ ਜਾਂਦੀ ਹੈ ਜਿਸ ਨੂੰ ਬ੍ਰਹਮ ਸਥਿਤੀ ਵੀ ਕਿਹਾ ਜਾਂਦਾ ਹੈ। ਇਸ ਅਵਸਥਾ ਵਿਚ ਪਰਮ ਸੱਤਾ ਹੀ ਮਾਨਵਾਤਮਾ ਦੇ ਅੰਦਰ ਕ੍ਰਿਆਸ਼ੀਲ ਹੁੰਦੀ ਹੈ। ਆਤਮਸੱਤਾ ਪ੍ਰਕਾਸ਼ ਨਾਲ ਭਰਪੂਰ ਹੋ ਜਾਂਦੀ ਹੈ। ਕਰਮ-ਸ਼ਕਤੀ ਇਤਨੀ ਪ੍ਰਚੰਡ ਹੋ ਜਾਂਦੀ ਹੈ ਕਿ ਹਰ ਕਿਸਮ ਦੇ ਖਤਰੇ ਤੋਂ ਬੇਪ੍ਰਵਾਹ ਹੋ ਕੇ ਇਨਸਾਨ ਸੰਸਾਰ-ਸੰਘਰਸ਼ ਵਿਚ ਦਾਖਲ ਹੋ ਜਾਂਦਾ ਹੈ। ਸਾਰਾ ਜੀਵਨ ਪ੍ਰੇਮ ਪੂਰਣ ਹੋ ਨਿਬੜਦਾ ਹੈ। ਪਰਮ ਦੀ ਸਿਰਜਨਸ਼ੀਲ ਸ਼ਕਤੀ ਉਸ ਦੇ ਕਰਮਾਚਾਰ ਵਿਚ ਪ੍ਰਤੀਬਿੰਬਤ ਹੁੰਦੀ ਹੈ ਜਿਸ ਦਾ ਹਰ ਪਹਿਲੂ ਸੇਵਾ, ਉਪਕਾਰ ਅਤੇ ਬਲੀਦਾਨ ਦਾ ਲਖਾਇਕ ਹੁੰਦਾ ਹੈ।

ਇਹ ਅਵਸਥਾ ਅਸੀਂ ਫ਼ਰੀਦ ਵਿਚ ਵੇਖਦੇ ਹਾਂ, ਉਹ ਤਪੱਸਿਆ ਪ੍ਰਧਾਨ ਰਹੱਸਵਾਦ ਦਾ ਪ੍ਰਤੀਕ ਹੈ।ਉਸ ਵਿਚ ਸੰਸਾਰ ਵਿਚ ਰਹਿੰਦਿਆਂ ਸੰਸਾਰ ਵਲੋਂ ਉਪਰਾਮਤਾ ਤੇ ਸੰਸਾਰਕ ਮੋਹ ਤੇ ਨਿਰਲੇਪਤਾ ਵੇਖੀ ਜਾ ਸਕਦੀ ਹੈ। ਉਹ ਪ੍ਰਭੂ ਸਿਮਰਨ ਵਿਚ ਲੀਣ ਹੈ।

ਉਸ ਨੂੰ ਪ੍ਰਭੂ ਉਪਰ ਪੂਰਾ ਭਰੋਸਾ (ਤਵੱਕੁਲ) ਹੈ ਤੇ ਉਸ ਦੇ ਚਿਹਰੇ ਵਿਚ ਪਰਮੇਸ਼ਵਰ ਦਾ ਭੈਅ ਹੈ ਅਤੇ ਉਹ ਆਤਮ ਮਨ ਦੀ ਪ੍ਰਾਪਤੀ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ। ਇਸ ਤਰ੍ਹਾਂ ਸ਼ੇਖ ਫ਼ਰੀਦ ਵਿਚ ਅਸੀਂ 'ਆਬਿਦਾਨਾ-ਤਸੱਵੁਫ਼' ਦੀ ਝਲਕ ਪ੍ਰਤੱਖ ਵੇਖਦੇ ਹਾਂ ਜਿਸ ਨੇ ਸਾਦਗੀ ਚਿੱਤ-ਸਾਧਨਾ, ਆਤਮ-ਸੰਜਮ ਅਤੇ ਆਂਤਰਿਕ ਸਵੱਛਤਾ ਨੂੰ ਸਾਧਨਾ ਅਭਿਆਸ ਦਾ ਆਧਾਰ ਬਣਾਇਆ (ਸ਼ੇਖ ਫ਼ਰੀਦ ਇਸੇ ਸੂਫ਼ੀ ਰਹੱਸਵਾਦ ਦਾ ਵਿਆਖਿਆਕਾਰ ਸੀ)।

ਇਸ ਲਈ ਇਹ ਕਹਿਣਾ (ਜਿਵੇਂ ਕਿ ਕਈ ਇਕ ਆਲੋਚਕਾਂ ਨੇ ਗ਼ਲਤੀ ਨਾਲ ਇਹ ਮੰਨ ਲਿਆ) ਕਿ ਸ਼ੇਖ ਫ਼ਰੀਦ ਵਿਚ ਸੂਫ਼ੀ ਰਹੱਸਵਾਦ ਦੀ ਅਣਹੋਂਦ ਹੈ, ਗਲਤ ਸਾਬਤ ਹੁੰਦਾ ਹੈ।

ਸ਼ਰੀਅਤ, ਤਰੀਕਤ ਤੇ ਹਕੀਕਤ ਸੂਫ਼ੀ ਮਾਰਗ ਦੇ ਵੱਖ-ਵੱਖ ਰੂਪ ਜਾਂ ਪੜਾਉ ਹਨ। ਜਗਤ-ਪ੍ਰਸਿੱਧ ਮਹਾਨ ਸੂਫ਼ੀ ਕਵੀ ਮੌਲਾਨਾ ਰੂਮੀ ਨੇ ਆਪਣੇ ਸ਼ਾਹਕਾਰ 'ਮਸਨਵੀ-ਉਲ-ਮਾਅਨਵੀ' ਵਿਚ ਸ਼ਰੀਅਤ, ਤਰੀਕਤ ਤੇ ਹਕੀਕਤ ਬਾਰੇ ਇਸ ਪ੍ਰਕਾਰ ਲਿਖਿਆ ਹੈ :

ਜੋ ਮਾਰਗ ਨੂੰ ਰੋਸ਼ਨ ਕਰਦਾ ਹੈ ਅਤੇ ਉਸ ਮਾਰਗ ਉਪਰ ਚਲਣ ਨੂੰ 'ਤਰੀਕਤ' ਕਿਹਾ ਜਾਂਦਾ ਹੈ। ਅਖੀਰਲੀ ਮੰਜ਼ਿਲ ਤੇ ਪਹੁੰਚਣ ਨੂੰ 'ਹਕੀਕਤ' ਦੀ ਪ੍ਰਾਪਤੀ ਮੰਨਿਆ ਜਾਂਦਾ ਹੈ।

'ਸ਼ਰੀਅਤ ਜਗਦੇ ਦੀਪਕ ਦੇ ਸਮਾਨ ਹੈ।'

ਨਾਮਾਜ਼, ਰੋਜ਼ਾ, ਹੱਜ, ਜ਼ਕਾਤ, ਇਤਿਆਦਿ ਸ਼ਰੀਅਤ ਦੇ ਬੁਨਿਆਦੀ ਅੰਗ ਹਨ। ਸੂਫ਼ੀ ਦਾ ਫ਼ਰਜ ਹੈ ਕਿ ਇਨ੍ਹਾਂ ਦੀ ਪਾਲਣਾ ਕਰਕੇ ਮੰਦ ਰੁਚੀਆਂ ਅਤੇ ਦੋਸ਼-ਬਿਰਤੀਆਂ, ਅਗਿਆਨ, ਅਭਿਮਾਨ, ਈਰਖਾ, ਸੰਕੀਰਣਤਾ, ਕਾਮ ਅਤੇ ਕਰੋਧ ਨੂੰ ਖਤਮ ਕਰ ਦੇਵੇ।

ਇਸ ਪੜਾਉ ਤੋਂ ਲੰਘਣਾ ਹਰ ਸੂਫ਼ੀ ਲਈ ਜ਼ਰੂਰੀ ਹੈ। ਇਸ ਲਈ ਜੇਕਰ ਅਸੀਂ ਇਸ ਗੱਲ ਨੂੰ ਸਮਝ ਲਈਏ ਤਾਂ ਸਾਡੇ ਦਿਲ ਵਿਚੋਂ ਇਹ ਭੁਲੇਖਾ ਦੂਰ ਹੋ ਜਾਵੇਗਾ ਕਿ ਸ਼ੇਖ ਫ਼ਰੀਦ ਕੇਵਲ ਸ਼ਰੀਅਤ ਦਾ ਸੂਫ਼ੀ ਸੀ ਜਾਂ ਇਹ ਕਿ ਉਹ ਮੁਸਲਮਾਨੀ ਮਰਿਆਦਾ ਦਾ ਅਨੁਆਈ ਸੀ। ਇਹ ਸ਼ਰੀਅਤ ਤਾਂ ਤਰੀਕਤ ਵੱਲ ਲੈ ਜਾਂਦੀ ਹੈ। ਸ਼ਰੀਅਤ ਪਹਿਲਾਂ ਪੜਾਉ ਹੈ ਇਥੇ ਤਰਕ ਬੁਧੀ ਨਾਲ ਕੰਮ ਨਹੀਂ ਚਲਦਾ। ਇਲਾਹੀ ਮਾਰਫਤ ਦੀ ਪ੍ਰਾਪਤ ਰੱਬੀ ਰਹਿਮਤ ਤੇ ਨਿਰਭਰ ਹੈ। ਜਿਥੇ ਪੁੱਜਕੇ ਸੂਫ਼ੀ ਸਾਧਕ ਨੂੰ ਇਹ ਪ੍ਰਤੀਤ ਹੋ ਜਾਂਦਾ ਹੈ ਕਿ ਇਕ ਖ਼ੁਦਾ ਤੋਂ ਬਿਨਾਂ ਹੋਰ ਸਭ ਕੁਝ ਨਿਰਾਧਾਰ ਤੇ ਮਾਇਆ ਹੈ। ਇਸ ਲਈ ਦੁਨੀਆਂ ਨਾਲ ਮੋਹ ਅਤੇ ਚੰਗੇ ਕੰਮਾਂ ਦੇ ਫਲ ਦੀ ਇੱਛਾ ਵਿਅਰਥ ਹੈ। ਪਰੰਤੂ ਸੂਫ਼ੀ ਸਾਧਕ ਲਈ ਮਾਰਫ਼ਤ ਹੀ ਕਾਫੀ ਨਹੀਂ। ਮਾਰਫਤ ਉਸ ਨੂੰ ਅਗਲੇਰੇ ਅਤੇ ਅਖੀਰਲੇ ਉਚਤਮ ਮੁਕਾਮ ਵੱਲ ਲੈ ਜਾਂਦੀ ਹੈ ਜਿਥੇ ਹਕੀਕਤ ਨਾਲ ਸੰਯੋਗ ਦੇ ਨਤੀਜੇ ਵਜੋਂ ਸਾਧਕ 'ਫਨਾ' ਦੀ ਹਾਲਤ ਵਿਚ ਪਹੁੰਚਦਾ ਹੈ ਅਤੇ ਉਸ ਦੀ ਵੱਖਰੀ ਹੋਂਦ ਜਾਂ 'ਮੈਂ (ਵਿਅਕਤੀਗਤ ਹਉ) ਦੀ ਸੋਝੀ ਦੂਰ ਹੋ ਜਾਂਦੀ ਹੈ। ਸ਼ੇਖ ਫ਼ਰੀਦ ਵੀ ਇਸ ਅੰਤਲੇ ਮੁਕਾਮ ਤੇ ਪੁੱਜਾ ਹੋਇਆ ਸੂਫ਼ੀ ਦਰਵੇਸ਼ ਸੀ ਜਿਸ ਦਾ ਰਹੱਸਵਾਦ 'ਆਬਿਦਾਨਾ' ਅਰਥਾਤ ਕਰੜੀ ਰਿਆਜ਼ਤ ਦੇ ਕਰੜੀ ਇਬਾਦਤ ਸੀ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸ਼ੇਖ ਫ਼ਰੀਦ ਦਾ 'ਆਬਿਦਾਨਾ ਰਹੱਸਵਾਦ' ਇਕ ਅਸਲੀ ਜੀਵਨ-ਜੁਗਤੀ ਸੀ ਅਤੇ ਸਖ਼ਤ ਮਿਹਨਤ ਤੇ ਘਾਲਣਾ ਕਰਕੇ ਹੀ ਸੂਫ਼ੀ ਉਸ ਪ੍ਰਭੂ ਦੀ ਪ੍ਰਾਪਤੀ ਕਰ ਸਕਦਾ ਹੈ। ਰਹੱਸਵਾਦ ਦੇ ਅਮਲ ਨੂੰ ਫ਼ਰੀਦ ਨੇ ਇਸ ਤਰ੍ਹਾਂ ਅਪਣਾਇਆ।

ਸੂਫ਼ੀ ਰਹੱਸਵਾਦ ਅਨੁਸਾਰ ਮਨੁੱਖ ਤੇ ਰੱਬ ਦਾ ਇਕ ਰੂਪ ਹੋਣਾ ਇਕ ਕੇਂਦਰੀ ਖਿਆਲ ਹੈ। ਜੀਵ ਇਸ ਸੰਸਾਰ ਵਿਚ ਆਉਣ ਤੋਂ ਪਹਿਲਾਂ ਰੱਬ ਦਾ ਹੀ ਇਕ ਅੰਸ਼ ਜਾਂ ਭਾਗ ਸੀ ਜਦ ਇਹੀ ਵੱਖਰੀ ਹੋਂਦ ਵਿਚ ਆਇਆ ਤਾਂ ਆਪਣੇ ਅਸਲ (ਰੱਬ) ਨਾਲੋਂ ਵਿਛੜ ਗਿਆ। ਹਸਤੀ ਨੇ ਜੀਵ ਨੂੰ ਰੱਬ ਤੋਂ ਅੱਡ ਕਰ ਦਿੱਤਾ। ਇਸੇ ਲਈ ਸੂਫ਼ੀ ਫ਼ਰੀਦ ਇਸ ਅੱਡ ਹੋਣ ਅਥਵਾ ਹੋਂਦ ਵਿਚ ਆਉਣ ਨੂੰ ਦੁਖਾਂਤ ਸਮਝਦਾ ਹੈ :

ਫ਼ਰੀਦ ਜਿ ਦਿਲ ਨਾਲ ਕਪਿਆ ਜੇ ਗਲੁ ਕਪਹਿ ਚੁਖ
ਪਵਨਿ ਨ ਇਤੀ ਮਾਮਲੇ ਸਹਾ ਨਾ ਇਤੀ ਦੁਖ।। (76)

ਰੱਬ ਤੋਂ ਅੱਡ ਹੋਣ ਕਾਰਨ ਫਿਰ ਉਸ ਤੱਕ ਪੁੱਜਣ ਲਈ ਘਾਲ ਘਾਲਣੀ ਪੈਂਦੀ ਹੈ। ਇਹ ਔਖੇ ਮਾਮਲੇ ਹਨ ਤੇ ਵਿਛੋੜਾ ਵੱਡਾ ਹੈ। ਇਹ ਵਿਛੋੜਾ ਸੂਫ਼ੀ ਦੇ ਜੀਵਨ ਦਾ ਦੁਖਾਂਤ ਹੈ ਪਰ ਦਾਰੂ ਵੀ ਇਸ ਵਿਚ ਹੈ ਜਿਵੇਂ ਗੁਰਬਾਣੀ ਵਿਚ ਆਉਂਦਾ ਹੈ

'ਹਉਮੈ ਦੀਰਘ ਰੋਗ ਹੈ, ਦਾਰੂ ਪੀ ਇਸੁ ਮਾਹਿ (466)
ਅਤੇ ਫ਼ਰੀਦ ਇਸੇ ਸੁਰ ਵਿਚ ਆਖਦਾ ਹੈ :
ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ।।
ਫ਼ਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣ ਮਸਾਨੁ।। (36)

ਸ਼ੇਖ ਫ਼ਰੀਦ ਦੀ ਕਵਿਤਾ ਇੰਨੀ ਵਿਛੋੜੇ ਦੀ ਧੂਹ ਦਾ ਸਿੱਟਾ ਨਹੀਂ ਜਿੰਨੀ ਰੱਬ ਦੇ ਭੈਅ ਅਤੇ ਡਰ ਦਾ ਪਰਿਣਾਮ ਹੈ। ਘੜਿਆਲ ਨੂੰ ਮਾਰ ਪੈਂਦੀ ਵੇਖ ਕੇ ਉਹ ਕੂਕ ਉਠਦਾ ਹੈ।

ਫ਼ਰੀਦਾ ਦਰੁ ਦਰਵਾਜ਼ੈ ਜਾਇ ਕੇ ਕਿਉਂ ਡਿਠੋ ਘੜੀਆਲੁ।।
ਇਹ ਨਦੋਸਾ ਮਾਰੀਐ ਹਮ ਦੋਸਾ ਦਾ ਕਿਆ ਹਾਲੁ।। (39)

ਇਹੀ ਰਹੱਸ ਜਾਂ ਮਰਮ ਇਨ੍ਹਾਂ ਤੁਕਾਂ ਵਿਚ ਹੈ :

ਫ਼ਰੀਦਾ ਵੇਖ ਕਪਾਹੇ ਜਿ ਥੀਆ, ਜਿਸਿਰਿ ਥੀਆ ਤਿਲਾਹ
ਕਮਾਦੈ ਅਰੁ ਕਾਗਦੇ ਕੰਨੇ ਕੋਇਲਿਆਹ।। (49)

ਪਰ ਫਿਰ ਵੀ ਇਕ ਸੂਫ਼ੀ ਵਾਂਗ ਸ਼ੇਖ ਫ਼ਰੀਦ ਵਿਚ ਮਿਲਣ (ਵਸਲ) ਦੀ ਤਾਂਘ ਪ੍ਰਬਲ ਹੈ :

ਤਨ ਤਪੈ ਤਨੂਰ ਜਿਉਂ, ਬਾਲਣੁ ਡਿ ਬਲੰਨਿ
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ।। (119)

ਫ਼ਰੀਦ ਇਸ਼ਕ ਵਿਚ ਵੀ ਨਿਮਾਣਾ ਰਹਿੰਦਾ ਹੈ। ਉਹ ਬੁਲ੍ਹੇ ਸ਼ਾਹ ਜਾਂ ਸ਼ਾਹ ਹੁਸੈਨ ਵਾਂਗ ਖੁਲ੍ਹ ਖੇਡ ਨਹੀਂ ਖੇਡਦਾ। ਉਸ ਵਿਚ ਭਗਤੀ ਰਹੱਸ ਵਧੇਰੇ ਹੈ :

ਫ਼ਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ
ਜੇ ਜਾਣਾ ਸਹੁ ਨੰਢੜਾ ਥੋੜਾ ਮਾਣ ਕਰੀ। (4)

ਪੰਰਤੂ ਸ਼ੇਖ ਫ਼ਰੀਦ ਦਾ ਇਸ਼ਕ ਅੰਦਰੋਂ ਬਾਹਰੋਂ ਇਕ ਹੈ ਉਸ ਵਿਚ ਭੇਖ, ਪਾਖੰਡ ਜਾਂ ਓਪਰਾਪਨ ਨਹੀਂ। ਉਸ ਦਾ ਇਸ਼ਕ ਰੰਗ ਦੀਦਾਰ ਵਿਚ ਰੰਗਿਆ ਹੋਇਆ ਹੈ ਤੇ ਉਹ ਆਪਣੇ ਪਿਆਰੇ ਮਹਿਬੂਬ ਦੀ ਰਹਿਮਤ ਤੇ ਕਰਮ ਆਧਾਰਿਤ ਹੈ। ਇਸ ਲਈ ਫ਼ਰੀਦ ਪ੍ਰਭੂ ਦੀ ਪਨਾਹ ਵਿਚ ਰਹਿਣਾ ਚਾਹੁੰਦਾ ਹੈ :

ਰਤੇ ਇਸ਼ਕ ਖੁਦਾਇ ਰੰਗ ਦੀਦਾਰ ਕੇ (488)

ਅਤੇ

ਆਪ ਲੀਏ ਲੜਿ ਲਾਇ ਦਰਿ ਦਰਵੇਸ ਸੇ। (488)

ਹੋਰ

ਤੇਰੀ ਪਨਹ ਖੁਦਾਇ ਤੂੰ ਬਖਸੰਦਗੀ (488)

ਉਸਦਾ ਇਸ਼ਕ ਵੀ ਬੰਦਗੀ ਦਾ ਮੁਥਾਜ ਹੈ ਉਹ ਇਸ ਲਈ ਬਖਸ਼ਿਸ਼ ਦੀ ਖੈਰ ਮੰਗਦਾ ਹੈ :

ਸ਼ੇਖ ਫਰੀਦੈ ਖੈਰ ਦੀਜੈ ਬੰਦਗੀ। (488)

ਸ਼ੇਖ ਫ਼ਰੀਦ ਦਾ 'ਆਬਿਦਾਨਾ ਰਹੱਸ' ਵੀ ਰੁੱਖਾ ਜਾਂ 'ਮਾੜਾ' ਨਹੀਂ। ਉਸ ਵਿਚ ਵਸਲ ਦਾ ਪੜਾਓ ਅੰਤ ਤੇ ਅਵੱਸ਼ ਆਉਂਦਾ ਹੈ। ਖੁਦਾ ਦੀ ਜ਼ਾਤ ਦਾ ਵਸਲ ਨਸੀਬ ਹੋਣਾ ਸੂਫ਼ੀ ਰਹੱਸ ਦਾ ਆਖਰੀ ਮੰਤਵ/ਮਨੋਰਥ ਹੈ। ਫ਼ਰੀਦ ਇਸ ਵਿਚ ਸਫ਼ਲ ਹੈ :

ਆਜੁ ਮਿਲਾਵਾ ਸ਼ੇਖ ਫ਼ਰੀਦ ਟਾਕਿਮ ਕੂੰਜੜੀਆਂ ਮਨਹੁ ਮਚਿੰਦੜੀਆ (488)

ਸੂਫ਼ੀ ਤਰੀਕਤ ਉਪਰ ਚਲਦਾ ਹੋਇਆ ਫ਼ਰੀਦ ਅੰਤ ਸੱਚ ਦੀ ਪ੍ਰਾਪਤੀ ਕਰ ਲੈਂਦਾ ਹੈ। ਇਹ ਸੂਫੀ ਰਹੱਸ ਦੀ ਇੰਤਹਾ (ਸਿਖਰ) ਹੈ।

ਬੋਲੀਐ ਸਚੁ ਧਰਮੁ ਝੂਠ ਨਾ ਬੋਲੀਐ
ਜੋ ਗੁਰੂ ਦਸੈ ਵਾਟ ਮੁਰੀਦਾ ਜੋਲੀਐ। (488)

ਸੂਫ਼ੀ ਸਾਧਕ ਸ਼ਿਬਲੀ ਅਨੁਸਾਰ ਹਕੀਕਤ ਸਰੀਰਕਤਾ ਦੇ ਨਾਸ਼ ਪਿਛੋਂ ਪਰਮ ਦੀ ਜੋਤਿ ਦਾ ਪ੍ਰਗਟਾ ਹੈ। ਫਨ੍ਹਾਂ ਦਾ ਤਾਤਪਰਜ ਇਹ ਹੈ ਕਿ ਸਾਧਕ ਆਪਣੀ ਨਿੱਜੀ-ਹਸਤੀ ਨੂੰ ਮਿਟਾ ਕੇ ਪਰਮ ਸਰਵੋਤਮ ਸੱਤਾ ਵਿਚ ਵਿਲੀਨ ਕਰ ਦੇਵੇ। ਸ਼ੇਖ ਫ਼ਰੀਦ ਦੀ ਸਾਧਨਾ ਉਸ ਨੂੰ ਅੰਤ ਪ੍ਰਭੂ ਵਿਚ ਵਿਲੀਨ ਕਰ ਦਿੰਦੀ ਹੈ।

ਇਸੇ ਤਰ੍ਹਾਂ (ਜਿਵੇਂ ਕਿ ਅਸੀਂ ਪਹਿਲਾਂ ਦਸ ਆਏ ਹਾਂ) ਸੂਫ਼ੀ ਰਹੱਸਵਾਦ ਦੇ ਆਚਾਰ ਵਿਧਾਨ ਅਨੁਸਾਰ ਆਤਮਿਕ ਸਾਧਨਾ ਦਾ ਅੰਤਲਾ ਪੜਾਉ 'ਰਜ਼ਾ' (ਦਵੰਤ) ਨੂੰ ਤਿਆਗ ਕੇ ਏਕਤਵ-ਨਿਸ਼ਠ ਬਣ ਜਾਵੇਗਾ ਅਤੇ ਇਹ ਪ੍ਰਤੀਤ ਕਰੇਗਾ ਕਿ ਹਰ ਕਿਸਮ ਦੀ ਕੁਦਰਤ (ਸ਼ਕਤੀ) ਖੁਦਾ ਨੂੰ ਹਾਸਲ ਹੈ ਅਤੇ ਖੁਦਾ ਉਪਰ ਭਰੋਸਾ ਕਰੇਗਾ ਉਸ ਨੂੰ ਰਜ਼ਾ ਦਾ ਮੁਕਾਮ ਜ਼ਰੂਰ ਹਾਸਲ ਹੋ ਜਾਵੇਗਾ। 'ਰਜ਼ਾ' ਜਾਂ ਭਰੋਸੇ ਅਥਵਾ ਤਵੱਕੁਲ ਦਾ ਤੱਤਵ ਸ਼ੇਖ ਫ਼ਰੀਦ ਦੀ ਕਵਿਤਾ ਵਿਚ ਪ੍ਰਤੱਖ ਦਿਸਦਾ ਹੈ ਤੇ ਇਹੋ ਹੀ ਉਸ ਦੀ ਕਵਿਤਾ ਦਾ ਮੁਖ ਸੁਰ ਹੈ।

ਇਸ ਤਰ੍ਹਾਂ ਸਿੱਧ ਹੋਇਆ ਕਿ ਫ਼ਰੀਦ ਦਾ ਰਹੱਸਵਾਦ ਬ੍ਰਹਮ-ਸਾਧਨਾ ਹੈ ਜਿਸ ਅਨੁਸਾਰ ਬ੍ਰਹਮ ਵਿਚ ਹੀ ਸਥਿਤ ਹੋ ਜਾਂਦਾ ਹੈ। ਇਹ ਸਾਧਨਾ ਦੀ ਅੰਤਮ ਅਵਸਥਾ ਹੈ ਜਿਸ ਨੂੰ ਸ਼ੇਖ ਫ਼ਰੀਦ ਪ੍ਰਾਪਤ ਕਰਨ ਵਿਚ ਨਿਰਸੰਦੇਹ ਸਫਲ ਹੋਇਆ।

## ਸਿੱਟੇ

ਸੂਫ਼ੀ ਰਹੱਸਵਾਦੀ ਇਸਲਾਮੀ ਜੀਵਨ ਦੇ ਧਾਰਮਕ, ਅਧਿਆਤਮਿਕ, ਚੇਤਨਾਤਕ ਤੇ ਦਾਰਸ਼ਨਿਕ ਵਿਧਾਨ ਦਾ ਹੀ ਇਕ ਮਹੱਤਵਪੂਰਣ ਅੰਗ ਹੈ।

ਇਸਲਾਮ ਤੇ ਸੂਫ਼ੀਮੱਤ ਦੇ ਪ੍ਰਾਰੰਭਕ ਕਾਲ ਵਿਚ ਸੂਫ਼ੀ ਦਰਵੇਸ਼ਾਂ ਨੇ ਸਾਦਗੀ, ਚਿਤ-ਸਾਧਨ, ਆਤਮ-ਸੰਜਮ, ਆਂਤਰਿਕ-ਸਵੱਛਤਾ ਆਦਿ ਨੂੰ ਹੀ ਸਾਧਨਾ ਅਭਿਆਸ ਦਾ ਆਧਾਰ ਬਣਾਇਆ।

ਮੁੱਢਲਾ ਸੂਫ਼ੀ ਮਤ ਦੋ ਧੁਰਿਆਂ ਉਤੇ ਕਾਇਮ ਹੈ :

(ੳ) ਇਬਾਦਤ, ਰਿਆਜ਼, ਬੰਦਗੀ ਦਾ ਅਭਿਆਸ

(ਅ) ਇਬਾਦਤ-ਅਲ-ਕਲੂਬ (ਦਿਲਾਂ ਦਾ ਗਿਆਨ) ਰੂਹ ਨੂੰ ਮਾਰਫ਼ਤ ਤਕ ਪਹੁੰਚਾ ਦਿੰਦਾ ਹੈ ਭਾਵ ਮਨੁੱਖੀ ਰੂਹ ਉਸ ਦੀ ਰਜ਼ਾ (ਹੁਕਮ) ਵਿਚ ਆ ਜਾਂਦੀ ਹੈ।

ਸੂਫ਼ੀ ਤੱਤਵ-ਚਿੰਤਨ ਇਸ ਪ੍ਰਕਾਰ ਹਨ :

(ੳ) ਹਕੀਕਤ ਹੁਸਨ ਹੈ।

(ਅ) ਵਾਸਤਵਿਕਤਾ ਪਰਮ ਨਿਰਪੇਖਕ ਪ੍ਰਕਾਸ਼ ਹੈ ਭਾਵ ਸਗਲ ਹੋਂਦ ਦੇ ਪਸਾਰੇ ਕਾਰਣ 'ਪ੍ਰਚੰਡ-ਪ੍ਰਕਾਸ਼' ਹੈ।

(ੲ) ਹਕੀਕਤ ਖਿਆਲ ਹੈ ਅਰਥਾਤ ਪਰਮ ਵਾਸਤਵਿਕਤਾ ਵਿਚਾਰ ਤੱਤਵ ਦੀ ਹੈਸੀਅਤ ਰੱਖਦੀ ਹੈ। ਸੂਫ਼ੀ ਸਿਧਾਂਤ ਰੱਬ, ਕਇਨਾਤ (ਸ੍ਰਿਸ਼ਟੀ) ਤੇ ਇਨਸਾਨ ਇਨ੍ਹਾਂ ਤਿੰਨਾਂ ਦੁਆਲੇ ਹੀ ਘੁੰਮਦੇ ਹਨ।

ਫ਼ਰੀਦ ਦੀ ਬਾਣੀ ਵਿਚ 'ਆਬਿਦਾਨਾ ਤਸੱਵੁਫ਼' ਦਾ ਝਲਕਾਰਾ ਵੇਖਿਆ ਜਾ ਸਕਦਾ ਹੈ ਜਿਸ ਵਿਚ ਇਬਾਦਤ, ਬੰਦਗੀ, ਰਿਆਜ਼ਤ ਤੇ ਕਰੜੀ ਤਪੱਸਿਆ ਪ੍ਰਧਾਨ ਹੁੰਦੀ ਹੈ। ਸੂਫ਼ੀ ਲਈ ਜਰੂਰੀ ਹੈ ਕਿ ਉਹ ਸੰਸਾਰ ਵਿਚ ਰਹਿੰਦਿਆਂ ਸੰਸਾਰ ਤੋਂ ਨਿਰਲੇਪ ਰਹੇ।

ਸੰਸਾਰਕ ਮੋਹ ਤੋਂ ਨਿਰਲੇਪ ਰਹੇ, ਪ੍ਰਭੂ ਸਿਮਰਨ ਵਿਚ ਲੀਨ ਰਹੇ, ਰੱਬ ਤੇ ਤਵੱਕੁਲ (ਭਰੋਸਾ) ਰੱਖੇ, ਰੱਬ ਦੀ ਰਜ਼ਾ (ਹੁਕਮ) ਵਿਚ ਰਹੇ, ਪਰਮੇਸ਼ਵਰ ਦਾ ਭੈਅ ਰੱਖੇ, ਇਸ਼ਕ ਉਸ ਦਾ ਸੱਚਾ ਹੋਵੇ, (ਇਸ਼ਕ ਹੀ ਸੂਫ਼ੀ ਨੂੰ ਰੱਬ ਦੇ ਵਸਲ ਦੀ ਦਾਤ ਪ੍ਰਦਾਨ ਕਰਦਾ ਹੈ), ਹਮਾਓਸਤ ਅਨੁਸਾਰ ਸੂਫ਼ੀ ਘਟ ਘਟ ਵਿਚ ਰੱਬ ਦਾ ਰੂਪ ਵੇਖੇ, ਕਿਸੇ ਦੇ ਦਿਲ ਨੂੰ ਨਾ ਦੁਖਾਵੇ।

## ਸੂਫ਼ੀ ਮੱਤ ਦੇ ਦੋ ਆਧਾਰ ਹਨ :

ਇਕ ਪੂਰਨ ਤਿਆਗ ਤੇ ਦੂਜਾ ਰੱਬ ਦੀ ਜ਼ਾਤ ਵਿਚ ਪੂਰਣ ਲੀਣਤਾ ਪ੍ਰਾਪਤ ਹੁੰਦੀ ਹੈ :

ਸੂਫ਼ੀ ਮਾਰਗ ਦੇ ਪੰਜ ਪੜਾਉ; ਪੰਜ ਤੱਤ ਹੀ ਕਹੇ ਜਾ ਸਕਦੇ ਹਨ ਜੋ ਕਿ ਇਸ ਪ੍ਰਕਾਰ ਹਨ –

1. ਸਬਰ, ਰਜ਼ਾ, ਤਵੱਕੁਲ, ਫਨਾਹ
2. ਤੌਹੀਦ ਜਾਂ ਰੱਬ ਦੀ ਇਕੋ ਜਾਤ ਵਿਚ ਵਿਸ਼ਵਾਸ਼
3. ਵਜਦ ਅਰਥਾਤ ਮਸਤੀ
4. ਮਾਰਫ਼ਤ ਅਰਥਾਤ ਰੱਬ ਦੀ ਮਿਹਰ ਤੇ ਬਖਸ਼ਿਸ਼
5. ਇਸ਼ਕ ਰੱਬ ਨਾਲ ਸੱਚਾ ਪਿਆਰ

ਸ਼ੇਖ ਫ਼ਰੀਦ ਦੀ ਬਾਣੀ ਵਿਚ ਸਾਰੇ ਤੱਤ ਪ੍ਰਤੱਖ ਮਿਲਦੇ ਹਨ :

ਫ਼ਰੀਦ ਦਾ ਰਹੱਸਵਾਦ 'ਆਬਿਦਾਨਾ' ਅਰਥਾਤ ਤਪੱਸਿਆ ਪ੍ਰਧਾਨ ਹੈ।

ਨਮਾਜ਼, ਰੋਜ਼ਾ, ਹੱਜ, ਜ਼ਕਾਤ ਸ਼ਰੀਅਤ ਦੇ ਬੁਨਿਆਦੀ ਅੰਗ ਹਨ। ਫ਼ਰੀਦ ਸੂਫ਼ੀ ਮੱਤ ਦੇ ਇਸ ਮੁਢਲੇ ਪੜਾਅ ਤੋਂ ਲੰਘਦਾ ਹੈ ਤੇ ਫਿਰ ਤਰੀਕਤ ਦਾ ਪੰਧ ਤੈਅ ਕਰਦਾ ਹੈ। ਫ਼ਰੀਦ ਦਾ 'ਆਬਿਦਾਨਾ' ਰਹੱਸਵਾਦ ਇਕ ਅਮਲੀ ਜੀਵਨ-ਜੁਗਤ ਹੈ।

ਫ਼ਰੀਦ ਰੱਬ ਦੀ ਜ਼ਾਤ ਤੋਂ ਵਿਛੜਨਾ ਨਹੀਂ ਚਾਹੁੰਦਾ। ਵਿਛੋੜਾ ਇਕ ਵੱਡਾ ਦੁੱਖ ਹੈ, ਫ਼ਰੀਦ ਦਾ ਇਸ਼ਕ ਸੱਚਾ ਹੈ ਜੋ ਉਸ ਨੂੰ ਰੱਬ ਦੀ ਵਸਲ ਜਾਂ ਮਿਲਾਪ ਤਕ ਪਹੁੰਚਾ ਦਿੰਦਾ ਹੈ। ਤਰੀਕਤ ਉਪਰ ਚਲਦਿਆਂ ਫ਼ਰੀਦ ਅੰਤ ਸੱਚ ਦੀ ਪ੍ਰਾਪਤੀ ਕਰ ਲੈਂਦਾ ਹੈ। ਆਬਿਦਾਨਾ ਰਹੱਸਵਾਦ ਦਾ ਅੰਤਲਾ ਪੜਾਉ 'ਰਜ਼ਾ' ਹੈ ਫ਼ਰੀਦ ਉਸ ਤੱਕ ਪੁੱਜ ਚੁੱਕਾ ਸੀ।

ਪਾਠ ਨੰਬਰ : 2.5

## ਫ਼ਰੀਦ ਬਾਣੀ ਵਿਚ ਨਾਸ਼ਮਾਨਤਾ ਦਾ ਸੰਕਲਪ

ਇਨਸਾਨੀ-ਜੀਵਨ ਅਤੇ ਸੰਸਾਰ-ਸਾਹਿਤ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਇਹ ਸੰਸਾਰ ਸੁੱਖਾਂ ਦੀ ਬਜਾਇ ਦੁੱਖਾਂ ਨਾਲ ਭਰਿਆ ਹੋਇਆ ਹੈ। ਬਾਹਰੋਂ ਦੇਖਣ ਨੂੰ ਭਾਵੇਂ ਕੋਈ ਸੁਖੀ ਹੋਵੇ ਪਰ ਅੰਦਰੋਂ ਹਰ ਕੋਈ ਕਿਸੇ ਨਾ ਕਿਸੇ ਦੁੱਖ ਵਿਚ ਗ੍ਰਸਿਆ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਨੇ ਜੀਵਨ ਦੇ ਹਰ ਪਹਿਲੂ ਦਾ ਅਧਿਐਨ ਕੀਤਾ ਅਤੇ ਦਸਿਆ :

ਬਾਲੀ ਰੋਵੈ ਨਾਰਿ ਭਤਾਰਿ।।
ਨਾਨਕ ਦੁਖੀਆ ਸਭ ਸੰਸਾਰ।। (954)

ਦੁੱਖਾਂ ਭਰਪੂਰ ਜਜ਼ਬਿਆਂ ਤੇ ਦਿਲ ਦੀਆਂ ਪੀੜਾਂ ਦੇ ਪ੍ਰਗਟਾ ਦਾ ਮਨੁੱਖ ਦੇ ਦਿਲ ਅਤੇ ਦਿਮਾਗ ਉਪਰ ਜਬਰਦਸਤ ਅਸਰ ਹੁੰਦਾ ਹੈ। ਇਸ ਹਕੀਕਤ ਨੂੰ ਮੁਖ ਰਖ ਕੇ ਅੰਗਰੇਜ਼ੀ ਦੇ ਪ੍ਰਸਿੱਧ ਕਵੀ ਸ਼ੈਲੇ ਨੇ ਇਨਸਾਨੀ ਜਜ਼ਬਿਆਂ, ਮਨੋਵਭਾਵਾਂ, ਦੁੱਖਾਂ, ਵਲਵਲਿਆਂ, ਦਰਦਾਂ ਤੇ ਚੀਸਾਂ ਦੀ ਅਸਲੀਅਤ ਵੱਲ ਧਿਆਨ ਦੇ ਕੇ ਇਹ ਗੱਲ ਠੀਕ ਹੀ ਕਹੀ ਹੈ :

"Our Sweetest Songs are those which tell us Saddest thoughts."

ਇਸ ਉਕਤੀ ਦਾ ਭਾਵ ਹੈ ਕਿ 'ਸਾਡੇ ਸਭ ਤੋਂ ਮਿਠੇ ਤੇ ਪਿਆਰੇ ਗੀਤ ਉਹ ਹਨ ਜੋ ਅਧਿਕ ਦੁਖ ਭਰਪੂਰ ਵਿਚਾਰਾਂ ਨੂੰ ਪ੍ਰਗਟਾ ਕਰਦੇ ਹੋਣ।' ਸ਼ੈਲੇ ਨੇ ਇਹ ਅਨੁਭਵ ਇਸ ਸੰਸਾਰ ਤੋਂ ਲਿਆ ਹੈ, ਜੋ ਕਿਸੇ ਹੱਦ ਤੱਕ ਠੀਕ ਹੈ। ਉਰਦੂ ਦੇ ਮਸ਼ਹੂਰ ਸ਼ਾਇਰ ਗਾਲਿਬ ਨੇ ਦੁਨੀਆਦਾਰਾਂ ਨੂੰ ਮੌਤ ਤੋਂ ਡਰਦਿਆਂ ਦੇਖਿਆ ਜੋ ਕਿ ਨਿਰਾਸ਼ਾ ਦੇ ਸ਼ਿਕਾਰ ਹੋ ਚੁੱਕੇ ਸਨ। ਉਸ ਨੇ ਮੌਤ ਨੂੰ ਜੀਵ ਦੀ ਆਖਰੀ ਮੰਜ਼ਿਲ ਨਹੀਂ ਮੰਨਿਆ ਤੇ ਨਾ ਹੀ ਸਮਾਪਤੀ-ਬਿੰਦੂ ਹੀ ਖਿਆਲ ਕੀਤਾ। ਉਸ ਦਾ ਵਿਚਾਰ ਇਹ ਹੈ ਕਿ ਜੇ ਮੌਤ ਨਾ ਹੁੰਦੀ ਤਦ ਸੰਸਾਰ ਵਿਚ ਨਿਰਾਸ਼ਾ ਹੁੰਦੀ, ਕਾਰ-ਵਿਹਾਰ ਦੇ ਸਿਲਸਿਲੇ ਬੰਦ ਹੋ ਜਾਂਦੇ, ਦੁਨੀਆਂ ਦੀਆਂ ਰੌਣਕਾਂ ਠੱਪ ਹੋ ਜਾਂਦੀਆਂ। ਇਨਸਾਨ ਨੇ ਇਕ ਦਿਨ ਮਰਨਾ ਹੈ। ਇਸ ਲਈ ਥੋੜ੍ਹੇ ਦਿਨਾਂ ਦਾ ਜੀਵਨ ਦੇਖ ਕੇ ਇਨਸਾਨ ਜ਼ਿਆਦਾ ਤੋਂ ਜ਼ਿਆਦਾ ਕੰਮ ਕਰਦਾ ਹੈ, ਇਮਾਰਤਾਂ ਖੜੀਆਂ ਕੀਤੀਆਂ ਜਾਂਦੀਆਂ ਹਨ, ਖੁਸ਼ੀਆਂ ਦੇ ਸਮਾਨ ਪੈਦਾ ਕੀਤੇ ਜਾਂਦੇ ਹਨ, ਲੋਕਾਂ ਦੀਆਂ ਇਨ੍ਹਾਂ ਕੋਸ਼ਿਸ਼ਾਂ ਨਾਲ ਜੀਵਨ ਰੌਣਕਾਂ ਨਾਲ ਭਰਪੂਰ ਹੋ ਜਾਂਦਾ ਹੈ। ਮੌਤ ਇਨਸਾਨ ਲਈ ਰੌਣਕਾਂ ਦਾ ਪ੍ਰੇਰਣਾ ਸਰੋਤ ਹੈ :-

ਹਵਸ ਕੋ ਹੈ ਕਾਰ-ਏ ਨਿਸ਼ਾਤ ਕਿਆ।।
ਨਾ ਹੋ ਮਰਨਾ ਤੋ ਜੀਨੇ ਕਾ ਮਜ਼ਾ ਕਿਆ।।

ਸ਼ਾਇਰ ਦਾ ਭਾਵ ਇਹ ਹੈ ਕਿ ਜੇ ਮੌਤ ਨਾ ਹੋਵੇ ਤਦ ਮਨੁੱਖੀ ਜੀਵਨ ਦਾ ਕੋਈ ਮਜ਼ਾ ਹੀ ਨਾ ਰਹਿ ਜਾਏ। ਚੂੰਕਿ ਮਨੁੱਖ ਮੌਤ ਨੂੰ ਯਕੀਨੀ ਖਿਆਲ ਕਰਦਾ ਹੈ, ਇਸ ਲਈ ਉਹ ਰਾਤ ਦਿਨ ਲਗਾਤਾਰ ਅਣਥਕ ਕੋਸ਼ਿਸ਼ਾਂ ਨਾਲ ਇਸ ਦੁਨੀਆਂ ਦੀਆਂ ਰੌਣਕਾਂ ਵਿਚ ਭਾਵਪੂਰਣ ਵਾਧੇ ਕਰਦਾ ਹੈ। ਜੇ ਕਰ ਮੌਤ ਨਾ ਹੁੰਦੀ, ਤਦ ਮਨੁੱਖੀ ਜੀਵਨ, ਨੀਰਸ, ਭਾਵਹੀਣ ਤੇ ਨਿਰਾਸ਼ਾ ਭਰਪੂਰ ਹੋ ਜਾਂਦਾ ਅਤੇ ਇਹ ਦਿਲਕਸ਼ ਦੁਨੀਆ ਕੋਝੀ ਅਤੇ ਕਰੂਪ ਨਜ਼ਰ ਆਉਂਦੀ। ਇਨਸਾਨ ਕੁਦਰਤੀ ਤੌਰ ਤੇ ਭੁਲੱਕੜ ਹੈ, ਇਸ ਦੀ ਯਾਦਦਾਸ਼ਤ ਬਹੁਤ ਕਮਜ਼ੋਰ ਹੁੰਦੀ ਹੈ, ਪਰ ਆਪਣੇ ਅਧਿਕਾਰਾਂ ਦੇ ਰੋਣੇ ਰੋਂਦਾ ਰਹਿੰਦਾ ਹੈ। ਸਿਆਣੇ ਮਨੁੱਖ ਮੌਤ ਦੀ ਯਾਦ ਦਿਵਾ ਕੇ, ਉਸ ਦੀਆਂ ਅੰਦਰਲੀਆਂ ਸੁਤੀਆਂ ਹੋਈਆਂ ਸ਼ਕਤੀਆਂ ਨੂੰ ਜਗਾਉਂਦੇ ਹਨ, ਪਰ ਡਰਾਉਂਦੇ ਨਹੀਂ, ਸੰਤ, ਸਾਧੂ, ਫ਼ਕੀਰ, ਸੂਫ਼ੀ ਆਦਿ ਗਿਆਨਵਾਨ ਹੁੰਦੇ ਹਨ, ਉਹਨਾਂ ਨੂੰ ਮੌਤ ਦਾ ਕੋਈ ਡਰ ਨਹੀਂ ਹੁੰਦਾ ਪਰ ਉਹ ਮੌਤ ਨੂੰ ਯਾਦ ਦਿਲਵਾਕੇ ਆਸ਼ਾਵਾਦੀ ਬਣਾਉਂਦੇ ਹਨ। ਭਗਤ ਕਬੀਰ ਮੌਤ ਬਾਰੇ ਇਕ ਅਨੋਖੇ ਢੰਗ ਨਾਲ ਵਿਚਾਰ ਦਿੰਦਾ ਹੈ। ਭਗਤ ਜੀ ਦਾ ਖਿਆਲ ਹੈ ਕਿ ਮੌਤ ਇਕ ਉਚ ਮਾਧਿਅਮ ਹੈ ਜਿਸ ਰਾਹੀਂ ਜਾਗਿਆਸੂ (ਸਾਧਕ) ਆਪਣੇ ਅਸਲ ਸੋਮੇ ਨਾਲ ਮਿਲ ਕੇ ਇਕ ਰੂਪ ਹੋ ਜਾਂਦਾ ਹੈ। ਸੋ ਮੌਤ ਹੀ ਹੈ ਜੋ ਅੰਸ਼ ਅਤੇ ਅੰਸ਼ੀ ਨੂੰ ਇਕ ਰੂਪ ਬਣਾ ਦਿੰਦੀ ਹੈ, ਬੂੰਦ ਨੂੰ ਸਾਗਰ ਵਿਚ ਲੀਨ ਕਰਵਾਕੇ ਸਾਗਰ

ਰੂਪ ਬਣਾ ਦਿੰਦੀ ਹੈ।

ਕਬੀਰ ਜਿਸੁ ਮਰਨ ਤੇ ਜਗੁ ਡਰੇ ਮੇਰੇ ਮਨਿ ਆਨੰਦ।।
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ।। (1365)

ਬਾਬਾ ਫ਼ਰੀਦ ਵੀ ਸੰਸਾਰ ਦੀ ਅਸਥਿਰਤਾ ਤੇ ਨਾਸ਼ਮਾਨਤਾ ਤੋਂ ਭਲੀ ਪ੍ਰਕਾਰ ਜਾਣੂ ਸਨ। ਆਪ ਦਾ ਦ੍ਰਿੜ ਵਿਸ਼ਵਾਸ਼ ਸੀ ਕਿ ਮੌਤ ਜੀਵਨ ਦਾ ਇਕ ਅਨਿੱਖੜਵਾਂ ਅੰਗ ਹੈ ਅਤੇ ਇਨਸਾਨ ਦੀ ਜ਼ਿੰਦਗੀ ਉਤਨੀ ਦੇਰ ਅਧੂਰੀ ਤੇ ਊਣੀ ਹੈ ਜਦ ਤਕ ਮੌਤ ਨਹੀਂ ਆਉਂਦੀ। ਭਾਵ ਇਨਸਾਨ ਮੌਤ ਨਾਲ ਹੀ ਪੂਰਣਤਾ ਪ੍ਰਾਪਤ ਕਰਦਾ ਹੈ। ਇਹੋ ਕਾਰਨ ਹੈ ਕਿ ਪੰਜਾਬੀ ਲੋਕ ਮਰਨ ਵਾਲੇ ਨੂੰ ਪੂਰਾ ਹੋ ਗਿਆ ਕਹਿੰਦੇ ਹਨ। ਬਾਹਰੀ ਤੌਰ ਤੇ ਮੌਤ ਸਰੀਰ ਦੀ ਸਮਾਪਤੀ ਕਰ ਦਿੰਦੀ ਹੈ, ਪਰੰਤੂ ਰੂਹ ਉਪਰ ਕੋਈ ਅਸਰ ਨਹੀਂ ਹੁੰਦਾ ਕਿਉਂਕਿ ਰੂਹ (ਆਤਮਾ) ਸਦਾ ਅਮਰ ਹੈ। ਸੋ ਮੌਤ ਭੌਤਿਕ ਸਰੀਰ ਦੀ ਸਮਾਪਤੀ ਅਤੇ ਰੂਹਾਨੀਅਤ ਦਾ ਕੇਂਦਰ ਬਿੰਦੂ ਹੈ।

ਬਾਬਾ ਫ਼ਰੀਦ ਮਹਾਨ ਗਿਆਨੀ ਸਨ। ਆਪ ਜਾਣਦੇ ਸਨ ਕਿ ਇਹ ਸਰੀਰ ਨਾਸ਼ਵਾਨ ਹੈ, ਅਤੇ ਇਕ ਸੀਮਤ ਸਮੇਂ ਤੱਕ ਬਰਕਰਾਰ ਰਹਿ ਸਕਦਾ ਹੈ। ਮਨੁੱਖ ਦੀ ਰੂਹ ਅਮਰ ਹੈ। ਜਦ ਤਕ ਰੂਹ ਅਤੇ ਸਰੀਰ ਦਾ ਸੰਪਰਕ ਬਣਿਆ ਹੋਇਆ ਹੈ ਇਸ ਸਰੀਰ ਤੋਂ ਜ਼ਿਆਦਾ ਮਾਨਵਤਾ ਦੇ ਲਾਭ ਲਈ ਕੰਮ ਲੈਣਾ ਚਾਹੀਦਾ ਹੈ। ਆਪ ਮੌਤ ਨੂੰ ਕੇਵਲ ਸਰੀਰ ਦਾ ਸਮਾਪਤੀ-ਬਿੰਦੂ ਖਿਆਲ ਨਹੀਂ ਕਰਦੇ ਸਨ, ਸਗੋਂ ਰੂਹਾਨੀਅਤ ਦਾ ਕੇਂਦਰੀ ਬਿੰਦੂ ਮੰਨਦੇ ਹਨ। ਮੌਤ ਫ਼ਰੀਦ ਬਾਣੀ ਵਿਚ ਉਹ ਕੇਂਦਰ-ਬਿੰਦੂ ਹੈ ਜਿਸ ਦੇ ਇਕ ਸਿਰੇ ਤੇ ਸਰੀਰਕ ਅਵੱਸਥਾ ਹੈ- ਇਸ ਲੋਕ ਵਿਚ ਮੌਜੂਦ ਹੈ ਤੇ ਦੂਜੇ ਸਿਰ ਤੇ ਅਧਿਆਤਮਵਾਦ-ਪਰਲੋਕ ਹੈ, ਜਿਸ ਵਿਚ ਰੂਹ ਨੇ ਸਰੀਰ ਦੇ ਤਿਆਗ ਕਰਕੇ ਇਲਾਹੀ ਜ਼ਾਤ ਨਾਲ ਮਿਲ ਕੇ ਰੱਬਤਾ ਪ੍ਰਾਪਤੀ ਕਰਨੀ ਹੈ। ਮੌਤ ਵਾਸਤਵ ਵਿਚ ਬਾਬਾ ਫ਼ਰੀਦ ਦਾ ਪ੍ਰੇਰਣਾ ਸਰੋਤ ਹੈ। ਜਿਸ ਦੇ ਆਧਾਰ ਤੇ ਆਪ ਨੇ ਆਪਣੇ ਕਾਵਿ ਦੀ ਸਿਰਜਣਾ ਕੀਤੀ ਹੈ ਤੇ ਇਸ ਵਿਚ ਸਾਹਿਤਿਕ ਛੋਹ ਦੇ ਕੇ ਆਪਣੇ ਜ਼ਜਬਿਆਂ ਦਾ ਰੰਗ ਭਰਿਆ ਹੈ। ਮੌਤ ਨੂੰ ਇਕ ਯਕੀਨੀ ਅਮਲ ਖਿਆਲ ਕਰਕੇ, ਇਸ ਨੂੰ ਇਕ ਚੇਤਾਵਨੀ ਦੇ ਤੌਰ ਤੇ ਪ੍ਰਯੋਗ ਕਰਕੇ ਮਨੁੱਖ ਦੀ ਸੁੱਤੀ ਹੋਈ ਭਾਵਨਾ, ਰੂਹਾਨੀ ਰੁਚੀ ਨੂੰ ਹਲੂਣਿਆ ਹੈ, ਝੰਜੋੜਿਆ ਹੈ ਤੇ ਟੁੰਬਿਆ ਹੈ ਅਤੇ ਇਸ (ਮੌਤ) ਨੂੰ ਪ੍ਰਕਾਸ਼-ਬਿੰਦੂ ਬਣਾ ਕੇ ਮਨ ਦੀ ਅਗਿਆਨ ਅਵੱਸਥਾ (ਜਹਾਲਤ) ਵਿਚ ਰੋਸ਼ਨੀ ਕੀਤੀ ਹੈ ਅਤੇ ਭੁੱਲੇ ਭਟਕੇ ਇਨਸਾਨ ਨੂੰ ਇਸ ਅਟੱਲ ਸੱਚਾਈ ਦੀ ਯਾਦ ਦਿਲਵਾਈ ਹੈ ਕਿ ਇਹ ਸੁੰਦਰ, ਸੁਣੱਖਾ ਤੇ ਕੋਮਲ ਸਰੀਰ ਸਦਾ ਨਹੀਂ ਰਹੇਗਾ।

ਮੌਤ ਸਰੀਰ ਦਾ ਇਕ ਯਕੀਨੀ ਤੇ ਅਨਿੱਖੜਵਾਂ ਅੰਗ ਹੈ। ਇਹ ਨਾਸ਼ਵਾਨ ਸਰੀਰ ਕੇਵਲ ਖਾਣ-ਪੀਣ ਪ੍ਰਾਪਤੀ ਨਹੀਂ ਹੈ, ਇਨਸਾਨੀ ਜੀਵਨ ਦੇ ਪਰਮ ਲਕਸ਼ (ਟੀਚਾ) ਪਰਮਾਤਮਾ ਨੂੰ ਪ੍ਰਾਪਤ ਕਰਨਾ ਹੈ। ਸਰੀਰ ਕੇਵਲ ਪਾਲਣ-ਪੋਸ਼ਣ ਲਈ ਹੀ ਨਹੀਂ, ਸਗੋਂ ਇਹ ਕਰਤੱਵਾਂ ਦਾ ਪਾਲਣ ਲਈ ਹੈ, ਸਮਾਂ ਥੋੜਾ ਹੈ, ਮੌਤ ਹਰ ਵੇਲੇ ਇਸ ਦੇ ਉਪਰ ਮੰਡਰਾ ਰਹੀ ਹੈ। ਮੌਤ ਸਾਰੇ ਸੰਸਾਰ ਉਪਰ ਵਿਆਪਤ ਹੈ। ਇਸ ਦੀ ਪਕੜ ਤੋਂ ਕੋਈ ਚੀਜ਼ ਸੁਤੰਤਰ ਨਹੀਂ ਹੈ। ਫ਼ਰੀਦ ਜੀ ਬਾਕੀ ਸੰਤਾਂ, ਭਗਤਾਂ, ਸੂਫ਼ੀਆਂ ਆਦਿ ਵਾਂਗ ਉਸ 'ਸੱਚ' ਨੂੰ ਪਾਉਣ ਲਈ ਪ੍ਰਯਤਨਸ਼ੀਲ ਹਨ, ਜੋ ਸਾਰੇ ਸੰਸਾਰ ਦਾ ਸੋਮਾ ਹੈ ਅਤੇ ਏਕਤਾ ਤੋਂ ਅਨੇਕਤਾ ਦੇ ਰੰਗ ਵਿਚ ਪਸਰਿਆ ਹੋਇਆ ਹੈ। ਆਪ ਸਰਬ ਵਿਆਪੀ ਵਿਸ਼ਵ-ਆਤਮਾ ਦੀ ਖੋਜ ਵਿਚ ਹਨ, ਪਰ ਸਹਾਰਾ ਆਪ ਨੇ ਮੌਤ ਦਾ ਲਿਆ ਹੋਇਆ ਹੈ। ਬਾਬਾ ਫ਼ਰੀਦ ਮੌਤ ਤੋਂ ਡਰਦੇ ਨਹੀਂ ਅਤੇ ਨਾ ਹੀ ਇਸ ਰਾਹੀਂ ਕੋਈ ਨਿਰਾਸ਼ਾ ਪੈਦਾ ਕਰਦੇ ਹਨ ਪਰ ਫੇਰ ਵੀ ਸੁਆਸ-ਸੁਆਸ ਮੌਤ ਨੂੰ ਯਾਦ ਕਰੀ ਜਾਂਦੇ ਹਨ ਤਾਂਕਿ ਆਪ ਅਸਲੀਅਤ ਨੂੰ ਭੁਲਕੇ ਸੰਸਾਰ ਦੀਆਂ ਭੁੱਲ ਭੁਲੱਈਆਂ ਵਿਚ ਭਟਕ ਨਾ ਜਾਣ। ਇਕ ਸਲੋਕ ਵਿਚ ਫਰਮਾਉਂਦੇ ਹਨ :-

ਫ਼ਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ।।
ਸਰਪਰ ਮੈਥੋਂ ਆਪਣਾ ਮਰਣਹੁ ਨ ਡਰਿਆਹੁ।। (93)

ਬਾਬਾ ਫ਼ਰੀਦ ਸੂਫ਼ੀ ਸਨ ਇਸ ਲਈ ਆਪਦੀ ਬਾਣੀ ਰਹੱਸਵਾਦੀ ਹੈ। ਮੌਤ ਦੇ ਪ੍ਰਤੀਕ ਰਾਹੀਂ ਆਪ ਆਪਣੇ ਪ੍ਰੀਤਮ ਦੀ ਯਾਦ ਵਿਚ ਲੀਨ ਹਨ ਤੇ ਦੁਨੀਆਦਾਰਾਂ ਨੂੰ ਮੌਤ ਦੇ ਪਰਦੇ ਥੱਲੇ ਕਰਤੱਵਾਂ ਦੇ ਪਾਲਣਾ ਦੀ ਪ੍ਰੇਰਣਾ ਦਿੰਦੇ ਹਨ। ਮੌਲਾਨਾ ਰੂਮੀ ਜੀ ਇਕ ਥਾਂ ਤੇ ਪ੍ਰੀਤਮ ਦੀ ਯਾਦ ਬਾਰੇ ਇਸ ਤਰ੍ਹਾਂ ਫਰਮਾਉਂਦੇ ਹਨ -

ਖੁਸਤਰ ਆਂ ਬਾਸ਼ਦ ਕਿ ਸਰੇ ਦਿਲਬਰਾਂ।।
ਗੁਫਤਾ ਹਾਯ ਦਰ ਹਦੀਸੇ ਦੀਗਰਾਂ।।

ਜੇ ਅਸੀਂ ਰੂਪਕ ਤੇ ਪ੍ਰਤੀਕ ਦੇ ਝਰੋਖੇ ਵਿਚੋਂ ਫ਼ਰੀਦ ਬਾਣੀ ਦੀ ਪਰਖ ਕਰੀਏ ਅਤੇ ਰਹੱਸਵਾਦੀ-ਚੋਖਟੇ ਵਿਚ ਇਸ ਤਸਵੀਰ ਨੂੰ ਜੋੜ ਕੇ ਦੇਖੀਏ ਤਦ ਸਾਨੂੰ ਪਤਾ ਚਲਦਾ ਹੈ ਕਿ ਮੌਤ ਆਪ ਦਾ ਪ੍ਰੇਰਣਾ ਸ੍ਰੋਤ ਹੈ। ਨਿਰਾਸ਼ਾਵਾਦ ਦਾ ਸੋਮਾ ਨਹੀਂ, ਭਾਵੇਂ ਬਾਹਰੀ ਤੌਰ ਤੇ ਮੌਤ ਦਾ ਜ਼ਿਕਰ ਆਉਣ ਤੇ ਨਿਰਾਸ਼ਾਵਾਦ ਦਾ ਮਾਹੌਲ ਉਭਰਦਾ ਦਿਖਾਈ ਦਿੰਦਾ ਹੈ। ਉਪਰੋਕਤ ਕਸੌਟੀ ਮੁੱਖ ਰੱਖਕੇ ਅਸੀਂ ਫ਼ਰੀਦ ਬਾਣੀ ਵਿਚੋਂ ਉਹਨਾਂ ਦੇ ਕੁਝ ਸਲੋਕ ਉਦਾਹਰਣ ਵਜੋਂ ਲੈ ਕੇ, ਉਹਨਾਂ ਦੇ ਮੌਤ ਦੇ ਸੰਕਲਪ ਨੂੰ ਘੋਖਾਂਗੇ, ਪਰਖਾਂਗੇ ਤੇ ਇਸ ਸਿੱਟੇ ਤੇ ਪੁੱਜਾਂਗੇ ਕਿ ਬਾਬਾ ਫਰੀਦ ਦਾ ਮੌਤ ਦਾ ਸੰਕਲਪ ਨਿਰਾਸ਼ਾਵਾਦੀ ਹੈ ਜਾਂ ਆਸ਼ਾਵਾਦੀ ਹੈ। ਮੌਤ ਉੱਤੇ ਹੋਰ ਭਗਤਾਂ, ਦਰਵੇਸ਼ਾਂ ਸੰਤਾਂ ਨੇ ਆਪਣੇ ਆਪਣੇ ਵਿਚਾਰ ਦਿੱਤੇ ਹਨ। ਇਹ ਇਕ ਹਕੀਕਤ ਹੈ ਕਿ ਗੁਰਬਾਣੀ ਆਸ਼ਾਵਾਦੀ ਹੈ, ਪਰ ਗੁਰੂ ਸਾਹਿਬਾਨ ਨੇ ਵੀ ਇਨਸਾਨੀ ਕਲਸ਼ ਦੀ ਪ੍ਰਾਪਤੀ ਲਈ ਮੌਤ ਦੀ ਯਾਦ ਜ਼ਰੂਰ ਦਿਲਵਾਈ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ -

ਸਭਨਾ ਮਰਨਾ ਆਇਆ ਵੇਛੋੜਾ ਸਭਨਾਹ (595)

ਬਾਬਾ ਫ਼ਰੀਦ ਦੀ ਕਵਿਤਾ ਕੁਝ ਦੂਜੇ ਸੰਤਾਂ ਨਾਲੋਂ ਵਿਲੱਖਣਤਾ ਰੱਖਦੀ ਹੈ, ਜਿਸ ਵਿਚ ਸੰਸਾਰ ਦੀ ਨਾਸ਼ਮਾਨਤਾ ਵੱਲ ਸੰਕੇਤ ਦੇ ਦਿੱਤੇ ਗਏ ਹਨ। ਇਹ ਠੀਕ ਹੈ ਕਿ ਨਾਸ਼ਮਾਨਤਾ ਬਾਰੇ ਫ਼ਰੀਦ-ਕਵਿਤਾ ਵਿਚ ਆਮ ਇਸ਼ਾਰੇ ਮਿਲਦੇ ਹਨ, ਪਰ ਡੂੰਘੀਆਂ ਨਜ਼ਰਾਂ ਨਾਲ ਦੇਖਿਆਂ ਮੌਤ ਇਕ ਆਗੂ ਤੇ ਪ੍ਰੇਰਣਾ ਸ੍ਰੋਤ ਦੇ ਰੂਪ ਵਿਚ ਹੀ ਪੇਸ਼ ਕੀਤੀ ਗਈ ਹੈ। ਬਾਬਾ ਫ਼ਰੀਦ ਇਸ ਅਸਲੀਅਤ ਨੂੰ ਭਲੀ ਪ੍ਰਕਾਰ ਜਾਣਦੇ ਸਨ ਕਿ ਇਹ ਸੰਸਾਰ ਨਾਸ਼ਵਾਨ (ਫ਼ਾਨੀ) ਹੈ। ਬਚਪਨ ਤੋਂ ਉਹਨਾਂ ਦਾ ਪਾਲਣ ਪੋਸ਼ਣ ਧਾਰਮਿਕ ਮਾਹੌਲ ਵਿਚ ਹੋਇਆ ਸੀ, ਦੂਜੇ ਲੋਕਾਂ ਨੂੰ ਇਸ ਅਸਥਿਰਤਾ ਦੀ ਚੇਤਾਵਨੀ ਦਿੰਦੇ ਹਨ ਕਿ ਉਹ ਲੋਕ ਆਪਣੀ ਗਫ਼ਲਤ, ਅਣਗਹਿਲੀ ਤੇ ਅਗਿਆਨ ਤੋਂ ਛੁਟਕਾਰਾ ਪਾ ਕੇ ਆਪਣੇ ਕਰਤੱਵਾਂ ਨੂੰ ਪਛਾਨਣ। ਮੌਤ ਦੀ ਯਾਦ ਫ਼ਰੀਦ ਜੀ ਇਨ੍ਹਾਂ ਸ਼ਬਦਾਂ ਵਿਚ ਦਿਲਵਾਉਂਦੇ ਹਨ- ਹੇ ਇਨਸਾਨ ਕਦੀ ਤੂੰ ਮੌਤ ਨੂੰ ਯਾਦ ਕੀਤਾ ਈ? ਤੇਰੇ ਮਾਪੇ, ਤੈਨੂੰ ਤੇਰੇ ਮਾਪਿਆਂ ਦੀ ਮੌਤ ਵੇਖ ਕੇ ਵੀ ਅਨੁਭਵ ਨਹੀਂ ਹੋਇਆ ਕਿ ਇਕ ਦਿਨ ਤੈਨੂੰ ਵੀ, ਉਥੇ ਜਾਣਾ ਪਵੇਗਾ, ਜਿਥੇ ਉਹ ਗਏ ਹਨ। ਦੂਸਰਿਆਂ ਦੀ ਮੌਤ ਤੋਂ ਕੋਈ ਸਿੱਖਿਆ ਹਾਸਲ ਕਰਨੀ ਚਾਹੀਦੀ ਹੈ-

ਫ਼ਰੀਦਾ ਕਿਥੇ ਤੈਡੇ ਮਾਪਿਆਂ, ਜਿਨ੍ਹੀ ਤੂ ਜਣਿਓਹਿ।।
ਤੈ ਪਾਸਹੁ ਓਇ ਲਦਿ ਗਏ, ਤੂ ਅਜੈ ਨ ਪਤੀਣੋਇ।। (73)

ਘਰੋਗੀ ਵਾਤਾਵਰਨ ਵਿਚੋਂ ਪ੍ਰਤੀਕ ਚੁਣ ਕੇ ਫ਼ਰੀਦ ਜੀ ਕਹਿੰਦੇ ਹਨ ਕਿ ਹੇ ਬੰਦੇ ਤੂੰ ਘੱਟੋ ਘੱਟ ਇਸ ਸੱਚਾਈ ਤੋਂ ਕੋਈ ਸਿੱਖਿਆ ਹਾਸਿਲ ਕਰ ਕਿ ਤੇਰੇ ਮਾਪੇ ਅੱਜ ਕਿਥੇ ਨੇ? ਆਖਰ ਤੂੰ ਵੀ ਉਥੇ ਜਾਣਾ ਹੈ। ਸੰਸਾਰ ਦੀ ਹਰ ਚੀਜ਼ ਵਿਚ ਤਬਦੀਲੀ ਹੈ, ਜੋ ਕੁਝ ਵੀ ਦ੍ਰਿਸ਼ਟੀਮਾਨ ਹੈ ਉਹ ਸਦਾ ਇਸ ਪ੍ਰਕਾਰ ਦਾ ਨਹੀਂ ਰਹੇਗਾ। ਕੁਦਰਤ ਦੀ ਖੇਡ ਨੂੰ ਦੇਖੋ ਕਿ ਸਾਲ ਵਿਚ ਕਈ ਰੁੱਤਾਂ ਆਉਂਦੀਆਂ ਹਨ ਤੇ ਚਲੀਆਂ ਜਾਂਦੀਆਂ ਹਨ। ਕੋਈ ਰੁੱਤ ਸਥਿਰ ਨਹੀਂ ਰਹਿੰਦੀ, ਕਦੀ ਸਰਦੀ ਹੈ ਤੇ ਕਦੀ ਗਰਮੀ ਹੈ, ਜਿਥੇ ਜੰਗਲ ਸਨ ਉਥੇ ਆਬਾਦੀ ਹੈ, ਸ਼ਹਿਰ ਵੀ ਜੰਗਲ ਹੋ ਜਾਂਦੇ ਹਨ। ਮਤਲਬ ਇਹ ਹੈ ਕਿ ਕੁਦਰਤ ਦੀਆਂ ਤਬਦੀਲੀਆਂ ਤੋਂ ਇਹ ਸਮਝਣਾ ਚਾਹੀਦਾ ਹੈ ਕਿ ਇਨਸਾਨ ਦੀ ਹਾਲਤ ਵੀ ਸਦਾ ਇਕੋ ਜਿਹੀ ਨਹੀਂ ਰਹਿ ਸਕਦੀ ਬਾਲ-ਪਲ ਤੋਂ ਜਵਾਨੀ ਤੋਂ ਬੁਢਾਪਾ ਤੇ ਆਖਰ ਮੌਤ ਆ ਜਾਂਦੀ ਹੈ। ਇਹ ਹਕੀਕਤ ਵਲੋਂ ਕਦੀ ਅਣਗਹਿਲੀ ਨਹੀਂ ਕਰਨੀ ਚਾਹੀਦੀ।

ਫ਼ਰੀਦਾ ਰੁਤਿ ਫਿਰੀ ਵਣੁ ਕੰਬਿਆ, ਪਤ ਝੜੇ ਝੜਿ ਪਾਇ।
ਚਾਰੇ ਕੁੰਡਾ ਢੂੰਢੀਆਂ ਰਹਣ ਕਿਥਾਹੂ ਨਾਹਿ।। (102)

ਇਹ ਦੇਖਿਆ ਜਾਂਦਾ ਹੈ ਕਿ ਮਨੁੱਖ ਦੀ ਸਰੀਰਕ ਸੁੰਦਰਤਾ, ਹੁਸਨ ਤੇ ਜਮਾਲ ਉਸ ਦੇ ਦਿਮਾਗ ਵਿਚ ਹੰਕਾਰ ਭਰ ਦਿੰਦੇ ਹਨ ਅਤੇ ਉਹ ਮੌਤ ਨੂੰ ਭੁੱਲ ਕੇ ਅਸਲੀਅਤ ਤੋਂ ਦੂਰ ਹੋ ਜਾਂਦਾ ਹੈ।

1. ਸ਼ਾਹ ਹੁਸੈਨ ਕਹਿੰਦਾ ਹੈ :

ਕਿਉਂ ਗੁਮਾਲ ਜਿੰਦੂ ਨੀ, ਆਖਾਰ ਮਾਟੀ ਸਿਉ ਰਲ ਜਾਣਾ।।
ਮਾਟੀ ਸਿਉਂ ਰਲਿ ਜਾਣਾ ਹੈ ਤੇ ਸਰ ਪਰ ਦੁਨੀਆ ਜਾਣਾ।। ਰਹਾਉ ।।
ਮੀਰ ਖਲਕੁ ਪਾਤਿਸਾਹੁ ਸ਼ਹਿਜਾਦੇ, ਚੋਆ ਚੰਦਨ ਲਾਂਦੇ।।

ਖੁਸ਼ੀਆਂ ਵਿਚ ਰਹਿਣ ਮਤਵਾਲ, ਨੰਗੇ ਪੈਰੀ ਜਾਂਦੇ।।

ਫਰੀਦ ਜੀ ਬੰਦੇ ਦੇ ਇਸ ਹੰਕਾਰ ਨੂੰ ਤੋੜਨ ਲਈ ਕਹਿੰਦੇ ਹਨ ਕਿ ਇਹ ਸਰੀਰ ਸਦਾ ਇਕੋ ਜਿਹਾ ਨਹੀਂ ਰਹਿਣਾ, ਇਸ ਲਈ ਇਹ ਮਾਣ ਝੂਠੇ ਹਨ :-

ਫ਼ਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈਂ ਡਿਠੁ।।
ਕਜਲ ਰੇਖ ਸਹਦਿਆ ਸੇ ਪਖੀ ਸੂਇ ਬਹਿਠੁ।। (14)

ਬਾਬਾ ਫ਼ਰੀਦ ਸਰੀਰ ਦੀ ਨਾਸ਼ਵਾਨਤਾ ਤੇ ਸਥਿਰਤਾ ਨੂੰ ਸਮਝਾਉਣ ਵਾਸਤੇ ਕੁਦਰਤ ਵਿਚੋਂ ਇਕ ਪ੍ਰਤੀਕ ਚੁਣਦੇ ਹਨ, ਇਸ ਰਾਹੀਂ ਇਕ ਤਸਵੀਰ ਪੇਸ਼ ਕਰਦੇ ਹਨ, ਜਿਸ ਨੂੰ ਦੇਖ ਇਨਸਾਨੀ ਜੀਵਨ ਦਾ ਚਿੱਤਰ, ਅੱਖਾਂ ਗੋਚਰ ਹੋ ਜਾਂਦਾ ਹੈ। ਆਪ ਫੁਰਮਾਉਂਦੇ ਹਨ ਕਿ ਹੇ ਬੰਦੇ! ਤੇਰੀ ਉਮਰ ਜਾਂ ਜੀਵਨ ਉਸ ਰੁੱਖ ਵਾਂਗ ਹੈ, ਜੋ ਨਦੀ ਦੇ ਕੰਢੇ ਉਪਰ ਖੜਾ ਹੋਵੇ, ਇਕ ਦਿਨ ਨਦੀ ਵਿਚ ਹੜ੍ਹ ਆਵੇਗਾ, ਪਾਣੀ ਦੀਆਂ ਕਾਂਗਾ ਨਦੀ ਵਿਚ ਰੁੜ ਜਾਣਗੀਆਂ। ਠੀਕ ਇਸੇ ਪ੍ਰਕਾਰ ਮਨੁੱਖ ਦਾ ਜੀਵਨ ਹੈ, ਜੋ ਮੌਤ ਰੂਪੀ ਨਦੀ ਦੇ ਕਿਨਾਰੇ ਖੜਾ ਹੈ, ਇਕ ਦਿਨ ਬੰਦੇ ਨੂੰ ਸਰੀਰ ਛੱਡਣਾ ਪਵੇਗਾ। ਸੋ ਇਸ ਰੁੱਖ ਤੋਂ ਨਸੀਅਤ ਹਾਸਲ ਕਰਨੀ ਚਾਹੀਦੀ ਹੈ। ਅਲਪ ਆਯੂ ਨੂੰ ਧਿਆਨ 'ਚ ਰੱਖ ਕੇ, ਮੌਤ ਨੂੰ ਅੱਖਾਂ ਸਾਹਮਣੇ ਰੱਖ ਕੇ, ਜੋ ਵੀ ਨੇਕੀਆਂ ਇਨਸਾਨ ਕਰ ਸਕੇ ਉਹ ਕਰੇ :-

ਕੰਧੀ ਉਤੇ ਰੁਖੜਾ ਕਿਚਰਕੁ ਬੰਨੇ ਧੀਰ।।
ਫ਼ਰੀਦਾ ਕਚੈ ਭਾਂਡੈ ਰਖੀਐ ਕਿਚੁਰ ਤਾਂਈ ਨੀਰੁ।। (96)

ਬਾਬਾ ਫਰੀਦ ਜੀ ਨੇ ਇਸ ਸਰੀਰ ਨੂੰ ਕੱਚੇ ਭਾਂਡੇ ਨਾਲ ਉਪਮਾ ਦੇ ਕੇ ਮੌਤ ਰਾਹੀਂ ਇਕ ਸਚਾਈ ਪੇਸ਼ ਕੀਤੀ ਹੈ ਤੇ ਮਨੁੱਖ ਨੂੰ ਗਫ਼ਲਤ ਦੀ ਨੀਂਦ ਤੋਂ ਜਗਾਇਆ ਹੈ। ਇਸ ਭਾਵ ਨੂੰ ਹੋਰ ਸਪਸ਼ਟ ਕਰਨ ਲਈ ਆਪਣੇ ਸਰੀਰ ਦੇ ਕੰਨਾਂ, ਅੱਖਾਂ ਅਤੇ ਦੰਦਾਂ ਦੀ ਅਸਥਿਰਤਾ ਨੂੰ ਪੇਸ਼ ਕਰਕੇ ਮੌਤ ਦੀ ਯਾਦ ਇਸ ਪ੍ਰਕਾਰ ਦਿਵਾਉਂਦੇ ਹਨ -

ਚਬਣ ਚਲਣ ਰਤੰਨ, ਸੇ ਸੁਣੀਅਰ ਬਹਿ ਗਏ।।
ਹੇੜੇ ਮੁੜੀ ਧਾਹ, ਸੇ ਜਾਨੀ ਚਲਿ ਗਏ।। (77)

ਇਨਸਾਨ ਨੂੰ ਆਪਣੀ ਸ਼ਾਨੋ ਸ਼ੋਕਤ ਦਾ ਮਾਣ ਹੋ ਜਾਂਦਾ ਹੈ। ਰਾਜਿਆਂ ਨੂੰ ਫੌਜਾਂ, ਤਾਜ ਅਤੇ ਤਖ਼ਤ ਦਾ ਹੰਕਾਰ ਹੋ ਜਾਂਦਾ ਹੈ। ਬਾਬਾ ਫਰੀਦ ਜੀ ਫਰਮਾਉਂਦੇ ਹਨ ਕਿ ਇਸ ਸੰਸਾਰ ਵਿਚ ਸਭ ਰਾਜੇ ਸੁਲਤਾਨ ਆਖਰ ਮੌਤ ਦੇ ਮੂੰਹ ਵਿਚ ਜਾ ਪੈਂਦੇ ਹਨ। ਰਾਵਣ ਵਰਗੇ ਹੰਕਾਰੀ, ਫਰਹਊਨ ਤੇ ਨਮਰੂਦ ਵਰਗੇ ਮਗਰੂਰ ਇਸ ਸੰਸਾਰ ਵਿਚ ਨਹੀਂ ਰਹੇ, ਇਸ ਲਈ ਆਮ ਬੰਦੇ ਦਾ ਤੇ ਕਹਿਣਾ ਹੀ ਕੀ?

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ।।
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗੱਡ।। (45)

ਰਾਜ-ਮਾਲ, ਧਨ ਦੌਲਤ, ਲਸ਼ਕਰ ਤੇ ਖ਼ਜ਼ਾਨਿਆਂ ਦੇ ਮਾਣ, ਤਕੱਬਰ ਅਤੇ ਅਹੰਕਾਰ ਨਿਰਾਰਥਕ ਹਨ। ਫ਼ਰੀਦ ਜੀ ਇਸ਼ਾਰਾ ਕਰਦੇ ਹਨ ਕਿ ਇਸ ਸੰਸਾਰ ਵਿਚ ਵੱਡੇ ਵੱਡੇ ਰਾਜੇ, ਸੁਲਤਾਨ ਬਾਦਸ਼ਾਹ ਤੇ ਅਮੀਰ ਹੋ ਗੁਜ਼ਰੇ ਹਨ, ਪਰੰਤੂ ਮੌਤ ਤੋਂ ਕਿਸੇ ਨੂੰ ਛੁਟਕਾਰਾ ਨਹੀਂ ਮਿਲਿਆ ਤੇ ਮੌਤ ਨੇ ਰਾਵਣ ਆਦਿ ਅਹੰਕਾਰੀ ਰਾਜਿਆਂ ਨੂੰ ਮਿੱਟੀ ਵਿਚ ਮਿਲਾ ਦਿੱਤਾ, ਫੇਰ ਹੋਰ ਕਿਸੇ ਦੀ ਕੀ ਗਿਣਤੀ ਹੈ।

ਬਾਬਾ ਫ਼ਰੀਦ ਮਨੁੱਖੀ ਜੀਵਨ ਦੀਆਂ ਸਮੱਸਿਆਵਾਂ ਨੂੰ ਬੜੇ ਹੀ ਨੇੜਿਉਂ ਹੋ ਕੇ ਦੇਖਦੇ ਹਨ ਅਤੇ ਇਹਨਾਂ ਤੋਂ ਛੁਟਕਾਰਾ ਦਿਵਾਉਣ ਲਈ 'ਮੌਤ' ਦੀ ਯਾਦ ਨੂੰ ਮਾਧਿਅਮ ਬਣਾਉਂਦੇ ਹਨ। ਫ਼ਰੀਦ ਕੇਵਲ ਮਨੁੱਖੀ ਸਰੀਰ ਨੂੰ ਨਾਸ਼ਵਾਨ ਨਹੀਂ ਦਸਦੇ, ਸਗੋਂ ਸੰਸਾਰ ਦੀ ਹਰ ਚੀਜ਼ (ਬੇਜ਼ਾਨ ਜਾਂ ਜਾਨਦਾਰ) ਨੂੰ (ਨਾਸ਼ਵਾਨ) ਨਸ਼ਵਰ ਮੰਨਦੇ ਹਨ - ਭਾਵ ਸਿਵਾਇ ਪਰਮਾਤਮਾ ਦੇ ਸਾਰਾ ਸੰਸਾਰ ਨਾਸ਼ਵਾਨ ਹੈ (ਅੰਡਜ, ਜੇਰਜ ਸੇਤਜ, ਉਤਭੁਜ ਚਾਰੇ ਖਾਣੀਆਂ-ਜਮਾਦਾਤ, ਨਬਾਤਾਤ ਤੇ ਹੈਵਾਨਾਤ)। ਜਮਾਦਾਤ (ਬੇਜਾਨ ਚੀਜਾਂ), ਨਬਾਤਾਤ (ਸਬਜੀਆਂ, ਵੇਲਾਂ, ਬੂਟੇ, ਰੁੱਖ ਅਤੇ ਝਾੜੀਆਂ ਆਦਿ), ਹੈਵਾਨਾਤ (ਪਸ਼ੂ, ਪੰਛੀ ਅਤੇ ਮਨੁੱਖ ਜਾਤੀ) ਆਦਿ ਸਭ ਕਿ ਦਿਨ ਨਾਸ਼ ਹੋ ਜਾਣਗੇ। ਇਹ ਸੰਸਾਰ ਜਿਥੇ ਨਾਸ਼ਵਾਨ ਹੈ, ਉਥੇ ਛਿਣ ਭੰਗਰ ਵੀ ਹੈ। ਪਤਾ ਨਹੀਂ ਮੌਤ ਕਿਸ ਵੇਲੇ ਆ ਜਾਣੀ ਹੈ, ਮੌਤ ਦਾ ਕੋਈ ਨਿਸ਼ਚਿਤ ਸਮਾਂ ਨਹੀਂ। ਇਸ ਲਈ ਬੰਦੇ ਦਾ ਧਰਮ ਹੈ ਕਿ ਉਹ ਮੌਤ ਨੂੰ ਹਰ ਵੇਲੇ ਸਿਰ ਤੇ ਖੜੀ ਦੇਖੇ ਤੇ ਆਪਣੇ ਇਨਸਾਨੀ ਫ਼ਰਜ਼, ਮੌਤ ਤੋਂ ਪਹਿਲਾਂ ਪੂਰਾ ਕਰਨ ਦੀ

ਕੋਸ਼ਿਸ਼ ਕਰੇ।

ਸ਼ੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ।।
ਜਿਸ ਆਸਣਿ ਹਮ ਬੈਠੇ ਕੇਤੇ ਬੈਸ ਗਇਆ।।
ਚਲੇ ਚਲਣਹਾਰ ਵਿਚਾਰਾ ਲੇਇ ਮਨੋ।।
ਗੰਢੇਦਿਆ ਛਿ ਮਾਹ ਤੁੜੇਦਿਆਂ ਹਿਕੁ ਖਿਨੋ। (488)
ਫ਼ਰੀਦ ਗੋਰ ਨਿਮਾਣੀ ਸਡ ਕਰੇ ਨਿਘਰਿਆ ਘਰਿ ਆਓ।। (93)

ਮਤਲਬ ਇਹ ਕਿ ਦਮ ਦਾ ਕੋਈ ਵਸਾਹ ਨਹੀਂ, ਦਮ ਆਉਂਦਾ ਰਿਹਾ ਤਦ ਜੀਵਨ ਕਾਇਮ ਰਹੇਗਾ, ਦਮ ਆਉਣਾ ਬੰਦ ਹੋਇਆ, ਇਨਸਾਨ ਦਾ ਜੀਵਨ ਖ਼ਤਮ ਹੋਇਆ। ਸਰੀਰ ਦੀ ਛਿਣ ਭੰਗਤਰਤਾ ਨੂੰ ਵੇਖ ਕੇ ਸਤਿਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ

ਹਮ ਆਦਮੀ ਹਾ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ।।
ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ। (660)

ਬਾਬਾ ਫਰੀਦ ਕਹਿੰਦੇ ਹਨ ਕਿ ਜਿਥੇ ਇਨਸਾਨ ਦਾ ਸਰੀਰ ਅਸਥਿਰ, ਨਾਸ਼ਮਾਨ ਅਤੇ ਛਿਣ-ਭੰਗਰ ਹੈ, ਉਥੇ ਇਸ ਸੰਸਾਰ ਦਾ ਵੀ ਇਹੋ ਹਾਲ ਹੈ। ਇਸ ਲਈ ਫ਼ਾਨੀ (ਨਾਸ਼ਮਾਨ) ਦੁਨੀਆ ਵਿਚ ਚਿਤ ਲਗਾਉਣਾ ਸਖਤ ਗਲਤੀ ਹੈ। ਕੇਵਲ ਮੂਲ-ਸ਼ਕਤੀ ਹੀ ਪਾਇਦਾਰ ਤੇ ਸਦਾ ਰਹਿਣ ਵਾਲੀ ਹੈ। ਇਸ ਲਈ ਉਸ ਮੂਲ-ਸੋਮੇ ਨੂੰ ਕਿਸੇ ਹਾਲਤ ਵਿਚ ਭੁਲਣਾ ਨਹੀਂ ਚਾਹੀਦਾ।

ਬੁਲ੍ਹੇ ਸ਼ਾਹ ਆਪਦੇ ਰੰਗ ਵਿਚ ਮੌਤ ਦੀ ਯਾਦ ਵਿਚ ਇਸ ਪ੍ਰਕਾਰ ਦਿਵਾਉਂਦੇ ਹਨ :

ਉਠ ਜਾਗ ਘੁਰਾੜੇ ਮਾਰ ਨਹੀਂ।।
ਇਹ ਸੌਣ ਤੇਰੇ ਦਰਕਾਰ ਨਹੀਂ।।
ਇਕ ਰੋਜ਼ ਜਹਾਨੋਂ ਜਾਣਾ ਏ, ਜਾ ਕਬਰੇ ਵਿਚ ਸਮਾਣਾ ਏ,
ਤੇਰਾ ਗੋਸ਼ਤ ਕੀੜਿਆ ਖਾਣਾ ਏ, ਕਰ ਚੇਤਾ ਮਗਰ ਵਿਸਾਰ ਨਹੀਂ।।
ਉੱਠ ਜਾਗ ਘੁਰਾੜੇ ਮਾਰ ਨਹੀਂ।।
ਕਿਥੇ ਹੇ ਸੁਲਤਾਨ ਸਿਕੰਦਰ, ਮੌਤ ਨ ਛੱਡੇ ਪੀਰ ਪੈਗੰਬਰ,
ਸਭੇ ਛੱਡ ਛੱਡ ਗਏ ਅਡੰਬਰ, ਕੋਈ ਏਥੇ ਪਾਇਦਾਰ ਨਹੀਂ।।
ਉਠ ਜਾਗ ਘੁਰਾੜੇ ਮਾਰ ਨਹੀਂ।।

ਫ਼ਰੀਦ ਜੀ ਦਾ ਕਥਨ ਹੈ :-

ਚਲਿ ਚਲਿ ਗਈਆਂ ਪੰਧੀਆ ਜਿੰਨੀ ਵਸਾਹੇ ਤਲ।।
ਫ਼ਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ।। (66)

ਜਿਥੇ ਪੰਛੀ ਨਾਸ਼ਵਾਨ ਹਨ, ਉਥੇ ਉਹ ਤਲਾ ਤੇ ਬੂਟੇ ਵੀ ਛਿਣ-ਭੰਗਰ ਹਨ, ਜਿਨ੍ਹਾਂ ਉਪਰ ਆ ਕੇ ਪੰਛੀ ਬਸੇਰਾ ਕਰਦੇ ਹਨ।

ਫ਼ਰੀਦ ਜੀ ਦੁਨੀਆਂ ਤੇ ਦੁਨੀਆਦਾਰਾਂ ਨੂੰ ਬਹੁਤ ਹੀ ਨੇੜਿਓ ਹੋ ਕੇ ਦੇਖਦੇ ਹਨ, ਲੋਕ ਐਸ਼ ਇਸ਼ਰਤ ਲਈ ਮਹੱਲ ਮਾੜੀਆਂ, ਚੋਬਾਰੇ ਤੇ ਕਿਲੇ ਬਣਾਉਂਦੇ ਹਨ। ਉਨ੍ਹਾਂ ਵਿਚ ਵਸ ਕੇ ਆਪਣੇ ਗਰੀਬ ਭਰਾਵਾਂ ਨੂੰ ਭੁਲ ਜਾਂਦੇ ਹਨ ਤੇ ਉਹਨਾਂ ਦੀਆਂ ਤਕਲੀਫਾਂ ਵਲੋਂ ਅਣਗਹਿਲੀ ਵਰਤਦੇ ਹਨ। ਖੁਦ ਵਿਸ਼ੇ-ਵਿਕਾਰਾਂ ਵਿਚ ਫਸ ਜਾਂਦੇ ਹਨ, ਅਭਿਮਾਨ ਦਾ ਸ਼ਿਕਾਰ ਹੋ ਜਾਂਦੇ ਹਨ ਤੇ ਇਸ ਅਮੋਲ ਜੀਵਨ ਨੂੰ ਕੌਡੀ ਬਦਲੇ ਹਾਰ ਜਾਂਦੇ ਹਨ -

ਫ਼ਰੀਦਾ ਕੋਠੇ ਮੰਡਪ ਮਾੜੀਆਂ ਏਤੁ ਨ ਲਾਏ ਚਿਤੁ।।
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ।। (57)
ਫ਼ਰੀਦਾ ਮੰਡਪ ਮਾਲ ਨ ਲਾਇ ਮਰਗ ਸਤਾਣੀ ਚਿਤੁ ਧਰਿ।।
ਸਾਈ ਜਾਇ ਸਮਾਲਿ ਜਿਥੇ ਹੀ ਤਉ ਵੰਞਣਾ।।

ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਸੰਸਾਰ ਦੇ ਲਾਉ ਲਸ਼ਕਰ ਨਿਰਾਰਥਕ ਹਨ। ਮੌਤ ਤੋਂ ਕੋਈ

ਪੱਲਾ ਨਹੀਂ ਛੁਡਾ ਸਕਦਾ :

ਕਹਾਂ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ।।
ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ।।
ਕਹਾ ਸੁ ਆਰਸੀਆ ਮੁਹ ਬੰਕੇ ਐਥੇ ਦਿਸਹਿ ਨਾਹੀ।।
ਇਹ ਜਗੁ ਤੇਰਾ ਤੂ ਗੋਸਾਈ।। (417)

ਫ਼ਰੀਦ ਜੀ ਮੌਤ ਨੂੰ ਇਕ ਉਹ ਚੌਰਾਹਾ ਮੰਨਦੇ ਹਨ, ਜਿਥੇ ਸਾਰੇ ਰਾਹ ਆ ਕੇ ਇਸ ਤਰ੍ਹਾਂ ਮਿਲ ਜਾਂਦੇ ਹਨ, ਜਿਵੇਂ ਨਦੀਆਂ ਸਾਗਰ ਵਿਚ ਆ ਰਲਦੀਆਂ ਹਨ। ਮੌਤ ਕਿਸੇ ਗਰੀਬ-ਅਮੀਰ, ਰਾਜਾ-ਰੰਕ, ਬੁੱਢਾ-ਨੱਢਾ, ਇਸਤਰੀ-ਪੁਰਖ, ਕੁੜੀ-ਮੁੰਡਾ, ਜਾਹਲ-ਆਲਮ, ਚੰਗਾ-ਮੰਦਾ, ਸੋਹਣਾ-ਕੋਝਾ, ਨੇਕ-ਬਦ, ਬਲਵਾਨ-ਕਾਇਰ ਆਦਿ ਨੂੰ ਨਹੀਂ ਛੱਡਦੀ - ਭਾਵ ਮੌਤ ਕੋਲੋਂ ਕੋਈ ਨਹੀਂ ਬਚ ਸਕਦਾ, ਮੌਤ ਸਾਹਵੇਂ ਸਭ ਬਰਾਬਰ ਹਨ, ਕਿਸੇ ਅੰਗਰੇਜ਼ ਕਵੀ ਨੇ ਇਹ ਠੀਕ ਹੀ ਕਿਹਾ ਹੈ - Death is the leveller - ਭਾਵ ਮੌਤ ਸਭ ਨੂੰ ਇਕ ਸਮਾਨ ਕਰਨ ਵਾਲੀ ਹੈ। ਇਕ ਉਰਦੂ ਸ਼ਾਇਰ ਮੌਤ ਬਾਰੇ ਵਿਚਾਰ ਇਸ ਤਰ੍ਹਾਂ ਦਿੰਦਾ ਹੈ ;

ਕਿਤਨੇ ਮੁਫਲਿਸ[1] ਹੋ ਗਏ ਕਿਤਨੇ ਤਅੱਗਰ[2] ਹੋ ਗਏ।।
ਖ਼ਾਕ ਮੇਂ ਜਬ ਮਿਲ ਗਏ ਤੇ ਸਭ ਬਰਾਬਰ ਹੋ ਗਏ।।

ਇਨਸਾਨ ਦੀ ਜਹਾਲਤ, ਗਫ਼ਲਤ ਤੇ ਅਣਗਹਿਲੀਆਂ ਨੂੰ ਦੇਖ ਕੇ ਬਾਬਾ ਫ਼ਰੀਦ ਕਰੜੀ ਚੇਤਾਵਨੀ ਦਿੰਦੇ ਹਨ ਤੇ ਫੁਰਮਾਉਂਦੇ ਹਨ - ਹੇ ਮਨੁੱਖ, ਮਨੁੱਖਾ ਜਨਮ ਬੜਾ ਹੀ ਅਮੋਲ ਹੈ ਮੁੜ ਇਹ ਸਮਾਂ ਨਹੀਂ ਆਉਂਦਾ, ਇਸ ਲਈ ਇਸ ਕੀਮਤੀ ਸਮੇਂ ਦੀ ਕਦਰ ਕਰ ਅਤੇ ਫਜ਼ੂਲ ਗੱਲਾਂ, ਵਿਸ਼ੇ-ਵਿਕਾਰਾਂ ਤੇ ਐਸ਼ੋ-ਇਸ਼ਰਤ ਵਿਚ ਸਮਾਂ ਨਾ ਗਵਾ। ਇਸ ਹੀਰੇ ਵਰਗੇ ਜਨਮ ਨੂੰ ਵਿਸ਼ਿਆਂ ਦੀ ਕੋਡੀ ਬਦਲੇ ਨਾ ਲੁਟਾ। ਮੌਤ ਇਕ ਕਾਲਾ ਨਾਗ ਹੈ ਜਿਸ ਦਾ ਡੰਗ ਇੰਨਾ ਜਿਆਦਾ ਜ਼ਹਿਰੀਲਾ ਹੈ ਕਿ ਇਸ ਦਾ ਕੋਈ ਇਲਾਜ ਹੀ ਨਹੀਂ। ਗੁਰੂ-ਪੀਰ, ਸ਼ੇਖ-ਮਸਾਹਿਕ, ਸਿਧ-ਸਾਧ, ਸੂਫ਼ੀ-ਦਰਵੇਸ਼, ਰਿਸ਼ੀ-ਮੁਨੀ, ਨਬੀ-ਪੈਗੰਬਰ ਅਵਤਾਰ ਆਦਿ ਕੋਈ ਵੀ ਸਰੀਰ ਧਾਰੀ ਪਾਇਦਾਰ ਨਹੀਂ, ਸਭ ਨੂੰ ਏਥੋਂ ਚਲਣਾ ਹੀ ਪੈਂਦਾ ਹੈ - ਭਾਵ ਸਰੀਰ ਛੱਡਣਾ ਹੀ ਪੈਂਦਾ ਹੈ। ਸਰੀਰ ਦਾ ਕੋਈ ਵਸਾਹ ਨਹੀਂ :-

ਫ਼ਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨਾ ਕਾਈ ਮੇਖ।।
ਵਾਰੀ ਆਪੋ ਆਪਣੀ ਚਲੈ ਮਸਾਇਕ ਸੇਖ।। (47)

ਫ਼ਰੀਦ ਜੀ ਮੌਤ ਨੂੰ ਇਕ ਡਾਕੂ, ਲੁਟੇਰੇ ਨਾਲ ਉਪਮਾ ਦਿੰਦੇ ਹੋਏ ਕਹਿੰਦੇ ਹਨ, ਮੌਤ ਦਾ ਲੁਟੇਰਾ ਇੰਨਾ ਵੱਡਾ, ਨਿਡਰ ਤੇ ਨਿਰਭਉ ਲੁਟੇਰਾ ਹੈ ਕਿ ਇਨ੍ਹਾਂ ਦੋਹਾਂ ਅੱਖਾਂ ਦੇ ਦੀਵਿਆਂ ਦੇ ਬਲਦਿਆਂ-ਬਲਦਿਆਂ (ਜਗਦਿਆਂ) ਮਨੁੱਖ ਦੀ ਕੀਮਤੀ ਜਾਨ ਨੂੰ ਸਰੀਰ ਦੇ ਕਿਲ੍ਹੇ ਵਿਚੋਂ ਲੁਟ ਲੈ ਜਾਂਦਾ ਹੈ। ਇਨ੍ਹਾਂ ਸ਼ਬਦਾਂ ਵਿਚ ਫ਼ਰੀਦ ਜੀ ਦਾ ਇਹ ਸੰਦੇਸ਼ ਛੁਪਿਆ ਹੋਇਆ ਹੈ ਕਿ ਮੌਤ ਲਾਜ਼ਮੀ ਹੈ, ਇਸ ਲਈ ਸਦਾਚਾਰ ਦੀ ਦੌਲਤ ਜਿੰਨੀ ਜ਼ਿਆਦਾ ਕਮਾਈ ਜਾ ਸਕੇ ਕਮਾ ਲਵੋ, ਕਿਉਂਕਿ ਲੰਮਾ ਸਫ਼ਰ ਕਰਨਾ ਹੈ ਤੇ ਖਰਚ ਦੀ ਲੋੜ ਪਵੇਗੀ।

ਫ਼ਰੀਦਾ ਦੁਹ ਦੀਵੀ ਬਲੰਦਿਆਂ ਮਲਕ ਬਹਿਠ ਆਇ।।
ਗੜ੍ਹ[3] ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ।। (48)

ਇਕ ਹੋਰ ਸਥਲ ਤੇ ਮੌਤ ਦੇ ਸ਼ਿਕਾਰ ਦਾ ਜ਼ਿਕਰ ਇੰਞ ਕਰਦੇ ਹਨ -

ਫ਼ਰੀਦਾ ਦਰੀਆਵੈ ਕੰਨੈ ਬਗਲਾ ਬੈਠਾ ਕੇਲ ਕਰੇ।।
ਕੇਲ ਕਰੇਂਦੇ ਹੰਝ ਨੂੰ ਅਚਿੰਤੇ ਬਾਜ ਪਏ।।
ਬਾਜ ਪਏ ਤਿਸੁ ਰੱਬ ਦੇ ਕੇਲਾਂ ਵਿਸਰੀਆਂ।।
ਜੋ ਮਨ ਚਿਤਿ ਨ ਚੇਤ ਸਨ ਸੋ ਗਾਲੀ ਰੱਬ ਕੀਆ।।

---

1. ਗ਼ਰੀਬ
2. ਅਮੀਰ
3. ਕਿਲ੍ਹ ਕੋਟ

ਪੰਜਾਬੀ ਲੋਕ ਗੀਤ ਤੇ ਇਕ ਪੰਜਾਬੀ ਆਖਾਣ ਮੌਤ ਤੇ ਸ਼ਿਕਾਰੀ ਦਾ ਜ਼ਿਕਰ ਕਿੰਨੇ ਸੁਹਣੇ ਤੇ ਅਸਰਦਾਰ ਢੰਗ ਨਾਲ ਕਰਦੇ ਹਨ –

– ਕਾਲੀ ਤਿਤਰੀ ਕਮਾਦੋਂ ਨਿਕਲੀ
ਤੇ ਉਡਦੀ ਨੂੰ ਬਾਜ ਪੈ ਗਿਆ।

– ਚਿੜੀਏ ਚੋਜ ਚੁਗੇਂਦੀਏ
ਤੈਨੂੰ ਫਟ ਗੁਲੇਲੇ ਦੀ ਪਈ।

– ਪਾਣੀ ਦਿਆ ਬੁਲਬਲਿਆ
ਕੀ ਮੁਨਿਆਦਾ ਤੇਰੀਆਂ।

ਬਾਬਾ ਫਰੀਦ ਵੇਖਦੇ ਹਨ ਕਿ ਅਮੀਰ ਲੋਕ ਮਹਲ ਤੇ ਅਟਾਰੀਆਂ ਉਸਾਰਦੇ ਹਨ ਤਾਂ ਕਿ ਉਹਨਾਂ ਵਿਚ ਰਹਿਣ ਤੇ ਜੀਵਨ ਦਾ ਜ਼ਿਆਦਾ ਤੋਂ ਜ਼ਿਆਦਾ ਮਜ਼ਾ ਲੈ ਸਕਣ, ਐਸਾ ਕਰਨ ਵਿਚ ਉਹ ਆਪਣੀ ਮੌਤ ਭੁੱਲ ਜਾਂਦੇ ਹਨ। ਬਾਬਾ ਫਰੀਦ ਜੀ ਉਹਨਾਂ ਨੂੰ ਮੌਤ ਦੀ ਯਾਦ ਦਿਵਾ ਕੇ ਕਰਤੱਵ ਪਾਲਣ ਲਈ ਅਗ੍ਰਸਰ ਕਰਦੇ ਹਨ :-

ਫ਼ਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ।।
ਆਖੀ ਸੇਖਾ ਬੰਦਗੀ ਚਲਣੁ ਅਜੁ ਕਲਿ।।

ਫਰੀਦ ਜੀ ਕਹਿੰਦੇ ਹਨ ਕਿ ਹੇ ਗਾਫ਼ਲ ਬੰਦੇ ! ਤੂੰ ਆਪਣੀ ਅਸਲੀਅਤ ਅਤੇ ਹਕੀਕਤ ਵੱਲ ਦੇਖ। ਇਕ ਦਿਨ ਤੈਨੂੰ ਇਹ ਸੁੰਦਰ ਤੇ ਬਲਵਾਨ ਸਰੀਰ ਤਿਆਗਣਾ ਪਵੇਗਾ ਤੇ ਤੇਰਾ ਵਾਸਾ ਕਬਰ ਵਿਚ ਹੋਵੇਗਾ। ਪੋਲੇ ਤੇ ਨਰਮ ਸਰਹਾਣਿਆਂ ਦੀ ਥਾਂ ਇੱਟ ਤੇਰੇ ਸਿਰ ਥਲੇ ਹੋਵੇਗੀ। ਇਹ ਤੇਰਾ ਗੁਲ-ਬਦਨ ਜਿਸ ਨੂੰ ਤੂੰ ਸੁਗੰਧੀਆਂ ਨਾਲ ਸਾਰਾਬੋਰ ਕਰਦਾ ਹੈ, ਜਿਸ ਨੂੰ ਪਾਲਣ ਲਈ ਤੂੰ ਛੱਤੀ ਪ੍ਰਕਾਰ ਦੇ ਭੋਜਨ ਖਾਂਦਾ ਹੈ, ਇਸ ਸਰੀਰ ਨੂੰ ਮਿੱਟੀ ਵਿਚ ਕੀੜੇ ਲੱਗ ਜਾਣਗੇ ਤੇ ਇਸੇ ਤਰ੍ਹਾਂ ਜੁਗ ਬੀਤ ਜਾਣਗੇ ਏਥੋਂ ਤਕ ਕਿ ਤੇਰੀਆਂ ਹੱਡੀਆਂ ਵੀ ਮਿੱਟੀ ਵਿਚ ਮਿਲਕੇ ਮਿੱਟੀ ਹੋ ਜਾਣਗੀਆਂ। ਹੇ ਇਨਸਾਨ ਦਿਲ, ਗਿਆਨ ਦੀਆਂ ਅੱਖਾਂ ਖੋਲ੍ਹ ਤੇ ਦੇਖ ਕਿ ਸਰੀਰ ਦਾ ਮਾਣ ਕਰਨਾ ਇਕ ਭੁਲ ਹੈ।

ਫ਼ਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ।।
ਕੇਤੜਿਆਂ ਜੁਗ ਵਾਪਰੇ ਇਕਤੁ ਪਇਆਂ ਪਾਸਿ।। (67)

ਬੁਲ੍ਹੇ ਸ਼ਾਹ ਬਾਬਾ ਫ਼ਰੀਦ ਦੇ ਉਪਰੋਕਤ ਵਿਚਾਰ ਦੀ ਪੁਸ਼ਟੀ ਇਸ ਤਰ੍ਹਾਂ ਕਰਦੇ ਹਨ –

ਇਕ ਰੋਜ਼ ਜਹਾਨੋਂ ਜਾਣਾ ਏ,
ਜਾ ਕਬਰੇ ਵਿਚ ਸਮਾਣਾ ਏ,
ਤੇਰਾ ਗੋਸ਼ਤ ਕੀੜਿਆਂ ਖਾਣਾ ਏ,
ਕਰ ਚੇਤਾ ਮਗਰ ਵਿਸਾਰ ਨਹੀਂ

ਫ਼ਰੀਦ ਜੀ ਦੇਖਦੇ ਹਨ ਕਿ ਲੋਕ ਦੂਜਿਆਂ ਨੂੰ ਮਾਰਦੇ ਹਨ, ਕਬਰ ਵਿਚ ਦਫ਼ਨਾਏ ਜਾਣ ਵਾਲਿਆਂ ਨੂੰ ਦੇਖਦੇ ਹਨ, ਪਰ ਆਪਣੇ ਅੰਤ ਵੱਲ ਕੋਈ ਵੀ ਧਿਆਨ ਨਹੀਂ ਮਾਰਦਾ। ਮਨੁੱਖ ਨੂੰ ਨਾ ਤੇ ਮੌਤ ਦੀ ਯਾਦ ਆਉਂਦੀ ਹੈ ਤੇ ਨਾ ਹੀ ਉਸ ਦਾ ਅਗਿਆਨ ਦੂਰ ਹੁੰਦਾ ਹੈ। ਖੁਦ ਨੂੰ ਅਟੱਲ ਤੇ ਅਚੱਲ ਸਮਝ ਕੇ ਦੁਨੀਆਂ ਦੇ ਸੁੱਖਾਂ ਦੀ ਪ੍ਰਾਪਤੀ ਲਈ ਰੁੱਝਾ ਰਹਿੰਦਾ ਹੈ। ਇਨਸਾਨ ਵਡਿਆਈਆਂ ਤੇ ਇੱਜ਼ਤ ਨੂੰ ਸੰਭਾਲੀ ਰੱਖਣ ਲਈ ਕਈ ਜਾਇਜ਼ ਨਜਾਇਜ਼ ਕੰਮ ਕਰਦਾ ਹੈ। ਇਨ੍ਹਾਂ ਭੁਲੇਖਿਆਂ ਵਿਚ ਇਨਸਾਨ ਆਪਣੀ ਅਨਮੋਲ ਜ਼ਿੰਦਗੀ ਖ਼ਤਮ ਕਰ ਲੈਂਦਾ ਹੈ। ਇਨਸਾਨ ਆਪਣਾ ਨੱਕ ਰੱਖਣ ਲਈ ਸਿਰ ਦੀ ਪਗੜੀ ਸੰਭਾਲਣ ਦਾ ਪੂਰਾ ਯਤਨ ਕਰਦਾ ਰਹਿੰਦਾ ਹੈ ਪਰੰਤੂ ਇਸ ਹਕੀਕਤ ਨੂੰ ਭੁੱਲ ਜਾਂਦਾ ਹੈ ਕਿ ਇਹ ਸਿਰ ਕਬਰ ਵਿਚ ਮਿੱਟੀ ਦੇ ਥੱਲੇ ਹੋਵੇਗਾ।

ਫ਼ਰੀਦਾ ਮੈਂ ਭੋਲਾਵਾ ਪਗ ਦਾ ਮਤੁ ਮੈਲੀ ਹੋ ਜਾਇ।।
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ।। (26)

ਮਨੁੱਖ ਦੀਆਂ ਅਣਗਹਿਲੀਆਂ, ਗਫ਼ਲਤਾਂ, ਜਹਾਲਤਾਂ, ਭੁਲੇਖਿਆਂ ਤੇ ਅਗਿਆਨਤ-ਅੰਧਕਾਰ ਦੂਰ ਕਰਨ ਲਈ ਬਾਬਾ ਫ਼ਰੀਦ ਆਪਣੀ ਕਵਿਤਾ ਵਿਚ ਹਰ ਕਦਮ ਤੇ ਮੌਤ ਦੀ ਯਾਦ ਦਿਵਾਉਂਦੇ ਹਨ। ਬਾਬਾ ਫ਼ਰੀਦ ਐਕਸ-ਰੇਈ ਨਜ਼ਰਾਂ ਨਾਲ ਦੁਨੀਆਂ ਤੇ ਦੁਨੀਆਦਾਰਾਂ ਦਾ ਜਾਇਜ਼ਾ ਲੈਂਦੇ ਹਨ ਅਤੇ ਇਸ ਸਿੱਟੇ ਉਪਰ ਪੁੱਜਦੇ ਹਨ ਕਿ ਰਾਤ-ਦਿਨ, ਹਰ ਘੜੀ

ਪਲ ਆਵਾਜਾਈ ਲੱਗੀ ਹੋਈ ਹੈ ਕੋਈ ਜੰਮਦਾ ਹੈ ਤੇ ਕੋਈ ਮਰਦਾ ਹੈ, ਤੋਰੀ ਤੋਰਾ ਨਿਰੰਤਰ ਜਾਰੀ ਹੈ ਹਰੇਕ ਨੂੰ ਆਪਣਾ ਆਪਣਾ ਫ਼ਿਕਰ ਲੱਗਾ ਹੋਇਆ ਹੈ, ਆਪਣੀ ਚਿੰਤਾ ਵਿਚ ਹਰ ਕੋਈ ਡੁੱਬਿਆ ਹੈ, ਦੂਸਰਿਆਂ ਦੀਆਂ ਤਕਲੀਫ਼ਾਂ ਵੱਲ ਕੋਈ ਧਿਆਨ ਨਹੀਂ ਦਿੰਦਾ। ਆਪਣੇ ਆਪਣੇ ਸਵਾਰਥ ਦੇ ਜਾਲ ਵਿਚ ਸਭ ਫਸੇ ਹੋਏ ਹਨ ਤੇ ਉਮਰ ਦੇ ਥੋੜ੍ਹੇ ਜਿਹੇ ਵਕਤ ਵਿਚ ਐਸ਼ਾਂ ਤੇ ਇਸ਼ਰਤਾਂ ਦੀ ਪ੍ਰਾਪਤੀ ਵਿਚ ਜੁਟੇ ਹੋਏ ਹਨ। ਬਾਬਾ ਜੀ ਫਰਮਾਉਂਦੇ ਹਨ ਕਿ ਸਾਨੂੰ ਜੋ ਗਿਆਨ ਆਪਣੇ ਮੁਰਸ਼ਦ (ਗੁਰੂ) ਪਾਸੋਂ ਮਿਲਿਆ ਹੈ ਉਸ ਅਨੁਸਾਰ ਮੈਨੂੰ ਇਹ ਅਹਿਸਾਸ ਹੋਇਆ ਹੈ ਕਿ ਮੇਰਾ ਸਰੀਰ ਨਾਸ਼ਵਾਨ ਹੈ, ਇਸ ਸਰੀਰ ਰਾਹੀਂ ਕੀਤੇ ਕੁਕਰਮਾਂ ਤੇ ਸ਼ੁਭ ਕਰਮਾਂ ਦਾ ਫਲ ਜ਼ਰੂਰ ਭੋਗਣਾ ਪਵੇਗਾ। ਇਹੋ ਕਾਰਨ ਹੈ ਕਿ ਮੈਂ ਰਾਤ ਦਿਨ ਬੰਦਗੀ, ਨੇਕੀ, ਨਾਮ-ਸਿਮਰਨ, ਕਰਤੱਵ ਪਾਲਣ ਵਿਚ ਲੱਗਾ ਰਹਿਣਾ ਚਾਹੁੰਦਾ ਹਾਂ। ਇਹੋ ਮੇਰਾ ਪੈਗਾਮ ਜਨ ਸਮੂਹ ਲਈ ਹੈ।

ਏਨੀ ਲੋਇਣੀ ਦੇਖਦਿਆਂ ਕੇਤੀ ਚਲਿ ਗਈ।।
ਫ਼ਰੀਦਾ ਲੋਕਾ ਆਪੋ ਆਪਣੀ ਮੈ ਆਪਣੀ ਪਈ।। (94)

ਇਹ ਸਰੀਰ ਨੂੰ ਨਾਸ਼ਵਾਨ ਮੰਨ ਕੇ, ਮੌਤ ਨੂੰ ਸਦਾ ਹਾਜ਼ਰ-ਨਾਜ਼ਰ ਕਰਕੇ, ਫ਼ਰੀਦ ਜੀ ਪ੍ਰਭੂ-ਪ੍ਰੇਮ ਵਿਚ ਡੁੱਬੇ ਰਹਿਣਾ ਚਾਹੁੰਦੇ ਹਨ ਅਤੇ ਉਸ ਦੇ ਬਿਰਹਾ ਵਿਚ ਮਨ ਦੇ ਖੋਟ ਨੂੰ ਦੂਰ ਕਰਕੇ ਕੁੰਦਨ ਬਣ ਜਾਣਾ ਚਾਹੁੰਦੇ ਹਨ। ਉਹ ਪ੍ਰੀਤਮ ਨੂੰ ਪਾਉਣ ਖਾਤਰ ਤਾਪ ਤਪੱਸਿਆ, ਜ਼ੂਹਦ, ਇਬਾਦਤ ਕਰਦੇ ਹਨ ਤੇ ਕਈ ਪ੍ਰਕਾਰ ਦੀਆਂ ਕੁਰਬਾਨੀਆਂ ਦਿੰਦੇ ਹਨ। ਇਸੇ ਲਗਨ ਵਿਚ ਉਹਨਾਂ ਦਾ ਸਰੀਰ ਸੁਕ ਕੇ ਹੱਡਾਂ ਦਾ ਪਿੰਜਰ ਬਣ ਜਾਂਦਾ ਹੈ, ਪਰ ਆਪ ਆਪਣੀ ਬਦਕਿਸਮਤੀ ਦਾ ਅਫ਼ਸੋਸ ਕਰਦੇ ਹਨ ਕਿ ਇਨ੍ਹਾਂ ਯਤਨਾਂ ਦੇ ਬਾਵਜੂਦ ਪ੍ਰੀਤਮ ਨੇ ਦਰਸ਼ਨ ਨਹੀਂ ਦਿੱਤੇ, ਪਤਾ ਨਹੀਂ ਮੇਰੀ ਭਗਤੀ ਵਿਚ ਕੀ ਤਰੁੱਟੀਆਂ ਰਹਿ ਗਈਆਂ ਹਨ। ਦੂਜੇ ਪਾਸੇ ਆਪ ਦੁਨੀਆਦਾਰਾਂ ਨੂੰ ਵਿਸ਼ੇ ਵਿਕਾਰਾਂ ਦੀ ਅੱਗ ਵਿਚ ਭਸਮ ਹੋ ਰਹੇ ਦੇਖਦੇ ਹਨ, ਜਿਨ੍ਹਾਂ ਦੇ ਸਰੀਰ ਸੁਕ ਕੇ ਕੰਡਾ ਹੋ ਗਏ ਹਨ। ਪਰ ਇਹ ਨਿਰਭਾਗੇ ਲੋਕ ਇੰਨਾ ਹੋਣ ਤੇ ਵੀ ਮੌਤ ਨੂੰ ਵਿਸਾਰੀ ਬੈਠੇ ਹਨ, ਪ੍ਰੀਤਮ ਦੇ ਦਰਸ਼ਨਾਂ ਨੂੰ ਨਹੀਂ ਲੋਚਦੇ। ਬਾਹਰੀ ਤੌਰ ਤੇ ਦਿਖਾਵੇ ਤੇ ਨੁਮਾਇਸ਼ੀ ਭਗਤੀ ਵੀ ਕਰਦੇ ਹਨ, ਭਲਾ ਇਨ੍ਹਾਂ ਫਰੇਬਾਂ ਵਿਚ ਰੱਬ, ਘਟ-ਘਟ ਤੇ ਪਟ-ਪਟ ਦਾ ਜਾਣਨਹਾਰ, ਕਿਵੇਂ ਫਸ ਜਾਵੇਗਾ। ਉਸ ਪ੍ਰਭੂ ਦੀ ਭਗਤੀ ਸੱਚੇ ਦਿਲ ਨਾਲ ਕਰਨੀ ਚਾਹੀਦੀ ਹੈ।

ਫ਼ਰੀਦਾ ਤਨੁ ਸੁਕਾ ਪਿੰਜਰ ਥੀਆ ਤਲੀਆ ਖੂੰਡਹਿ ਕਾਗ।।
ਅਜੈ ਸੁ ਰੱਬ ਨ ਬਹੁੜਿਓ ਦੇਖੁ ਬੰਦੇ ਕੇ ਭਾਗ।। (90)

ਸਾਈਂ ਲੋਕ ਅਨੁਭਵ ਕਰਦੇ ਹਨ ਕਿ ਸਰੀਰ ਇੰਨਾ ਬੇਕਾਰ ਤੇ ਨਿਕੰਮਾ ਹੋ ਗਿਆ ਹੈ, ਫੇਰ ਵੀ ਸਾਨੂੰ ਮੌਤ ਦੀ ਸੋਝੀ ਨਹੀਂ ਆਉਂਦੀ, ਹੇ ਫ਼ਰੀਦ, ਮਨ ਦੀਆਂ ਅੱਖਾਂ ਖੋਲ੍ਹ ਕੇ ਦੇਖ ਤੇਰੇ ਗੁਆਂਢ ਵਿਚ ਕਿਸੇ ਸੁੰਦਰ, ਸਜੀਲੇ ਤੇ ਬਾਂਕੇ ਸਰੀਰ ਦਾ ਅੰਤ ਹੋ ਗਿਆ ਹੈ। ਇਸ ਘਟਨਾ ਤੋਂ ਮੇਰੇ ਮਨ ! ਤੂੰ ਸਿਖਿਆ ਪ੍ਰਾਪਤ ਕਰਕੇ ਗਲਫ਼ਤ ਦੀ ਨੀਂਦ ਤੋਂ ਜਾਗ ਅਤੇ ਆਈ 'ਮੌਤ' ਨੂੰ ਯਕੀਨੀ ਸਮਝ। ਇਕ ਦਿਨ ਅਜਰਾਈਲ ਫ਼ਰਿਸ਼ਤਾ ਤੈਨੂੰ ਵੀ ਲੈ ਜਾਵੇਗਾ। ਸੋ ਮੌਤ ਦੀ ਘੜੀ ਤੋਂ ਪਹਿਲੋਂ ਹੀ ਤੂੰ ਇਕ ਸੱਚਾ ਇਨਸਾਨ ਬਣ ਆਪਣੀਆਂ ਜ਼ਿੰਮੇਵਾਰੀਆਂ ਸਮਝ, ਅਪਦੇ ਕਰਤੱਵਾਂ ਦਾ ਪਾਲਣ ਕਰਕੇ ਉਸ ਵਿਸ਼ਵ-ਵਿਆਪੀ ''ਸਚਾਈ'' ਦੀ ਖੋਜ ਵਿਚ ਗੁਲਤਾਨ ਹੋ ਜਾ ਤੇ ਜੀਵਨ-ਲਕਸ਼ ਦੀ ਪ੍ਰਾਪਤੀ ਕਰ।

ਫ਼ਰੀਦਾ ਭੰਨੀ ਘੜੀ ਸਵੰਨਵੀ ਤੂਟੀ ਨਾਗਰ ਲਜ।।
ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ।। (68)

ਆਪ ਦਾ ਇਹ ਦ੍ਰਿੜ ਵਿਸ਼ਵਾਸ਼ ਹੈ ਕਿ ਇਹ ਸੁੰਦਰ ਸਰੀਰ ਜ਼ਰੂਰ ਢਹਿ ਢੇਰਿ ਹੋ ਜਾਵੇਗਾ। ਇਸ ਲਈ ਇਸ ਸਰੀਰ ਉਪਰ ਮਾਣ ਕਰਨਾ ਆਪਣੀ ਜ਼ਮੀਰ ਨੂੰ ਧੋਖਾ ਦੇਣਾ ਹੈ। ਇਸ ਨਾਸ਼ਵਾਨ ਸਰੀਰ ਨੂੰ ਧੋਖਿਆਂ ਤੇ ਫਰੇਬਾਂ ਨਾਲ ਕਮਾਏ ਧਨ ਨਾਲ ਪਾਲਣਾ ਬੇਕਾਰ ਹੈ। ਇਸ ਦੇ ਉਲਟ ਨੇਕ ਕਮਾਈ ਕਰਕੇ ਇਸ ਸਰੀਰ ਨੂੰ ਬਚਾਈ ਰੱਖਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਸਰੀਰ ਨਾਲ ਹੀ ਤੇ ਅਸੀਂ ਸ਼ੁਭ ਤੇ ਦੈਵੀ ਕਰਮ ਕਰ ਸਕਦੇ ਹਾਂ, ਬੰਦਿਆਂ ਦੀ ਸੇਵਾ ਕਰਦੇ ਹਾਂ :-

ਕਹੈ ਫ਼ਰੀਦੁ ਸਹੇਲੀਹੋ ਸਹੁ ਅਲਾਏਸੀ।।
ਹੰਸੁ ਚੱਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ।। (794)

ਮੌਤ ਨੂੰ ਹਰ ਘੜੀ, ਹਰ ਪਲ, ਹਰ ਛਿਣ ਆਪਣੇ ਆਸੇ-ਪਾਸੇ ਹਾਜ਼ਰ-ਨਾਜ਼ਰ ਮਹਿਸੂਸ ਕਰਕੇ ਬਾਬਾ ਫ਼ਰੀਦ ਇਕ ਬੇਮਿਸਾਲ ਤਰੀਕੇ ਨਾਲ ਮਨੁੱਖ ਨੂੰ ਸਿਖਿਆ ਦਿੰਦੇ ਹਨ ਤੇ ਕਹਿੰਦੇ ਹਨ ਕਿ ਇਸ ਸੰਸਾਰ ਵਿਚ ਮਨੁੱਖ ਬੜਾ ਲਾਚਾਰ

ਹੈ ਅਤੇ ਬੇਬਸ ਵੀ ਹੈ ਕਿਉਂਕਿ ਪਰਮਾਤਮਾ ਨੇ ਬੰਦੇ ਦਾ ਇਮਤਿਹਾਨ ਲੈਣ ਲਈ ਇਸ ਦੇ ਚਾਰ ਬੰਨੇ (ਪਾਸੇ) ਖ਼ਜੂਰਾਂ, ਮਾਖਿਓ ਤੇ ਕੱਚੇ ਦੁੱਧ ਨਾਲੋਂ ਵੀ ਅਧਿਕ ਮਿੱਠੇ, ਰਸੀਲੇ ਤੇ ਸ਼ੀਰੀ ਵਿਸ਼ੇ-ਵਿਕਾਰਾਂ ਦੇ ਰਸ ਫ਼ੈਲਾ ਰੱਖੇ ਹਨ, ਇਨ੍ਹਾਂ ਰਸਾਂ ਦੇ ਕਾਲ ਵਿਚ ਇਨਸਾਨ ਭੋਲੇ ਪੰਛੀ ਵਾਂਗ ਐਸ਼ਾਂ ਦੇ ਚੋਗੇ ਚੁਗਣ ਤੇ ਆਹਰ ਵਿਚ ਫਸ ਜਾਂਦਾ ਹੈ ਤੇ ਮੌਤ ਨੂੰ ਵਿਸਾਰ ਦਿੰਦਾ ਹੈ। ਬਾਬਾ ਫ਼ਰੀਦ ਇਸ ਭੁਲੀ ਯਾਦ ਦਾ ਚੇਤਾ ਇੰਝ ਦਵਾਉਂਦੇ ਹਨ—

ਫ਼ਰੀਦਾ ਰੱਬ ਖਜੂਰੀ ਪੱਕੀਆਂ ਮਾਖਿਆ ਨਈ ਵਹੱਨਿ।<br>
ਜੋ ਜੋ ਵੰਞੈ ਡੀਹੜਾ ਸੋ ਉਮਰ ਹਕ ਪਵੰਨਿ।। (89)

ਫ਼ਰੀਦ ਜੀ ਬਾਣੀ ਦੇ ਅਧਿਐਨ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਮੌਤ ਨੂੰ ਹਰ ਵੇਲੇ ਯਾਦ ਰੱਖਣਾ ਚਾਹੀਦਾ ਹੈ ਤਾ ਕਿ ਰੂਹਾਨੀਅਤ ਦੀ ਪ੍ਰਾਪਤੀ ਕੀਤੀ ਜਾ ਸਕੇ, ਜੋ ਸਰੀਰ ਨਾਲੋਂ ਬਹੁਤ ਉੱਚੀ ਹੈ। ਜੋ ਅਸੀਂ ਇਨਸਾਨੀ ਜ਼ਿੰਦਗੀ ਉਪਰ ਡੂੰਘੀ ਝਾਤ ਮਾਰੀਏ ਤਦ ਇਹ ਅਟੱਲ ਸਚਾਈ ਸਾਹਮਣੇ ਆਉਂਦੀ ਹੈ ਕਿ ਮਨੁੱਖ ਦੀਆਂ ਮੁਸੀਬਤਾਂ, ਔਕੜਾਂ ਤੇ ਤਕਲੀਫ਼ਾਂ ਭਰੀ ਮੌਤ ਦੀ ਗੰਢ ਬਹੁਤ ਪੀਡੀ ਹੈ, ਜਿਸ ਦੇ ਸੁਲਝਾਉਣ ਲਈ ਉਸਨੂੰ ਜੂਝਣਾ ਪੈਂਦਾ ਹੈ। ਕਾਲ ਦਾ ਚੱਕਰ ਨਿਰੰਤਰ ਚਲਦਾ ਰਹਿੰਦਾ ਹੈ। ਇਸ ਚੱਕਰ ਤੋਂ ਕੋਈ ਰਾਜਾ-ਰਾਣਾ, ਪੀਰ-ਪੈਗੰਬਰ, ਅਮੀਰ-ਗਰੀਬ, ਇਸਤਰੀ-ਮਰਦ ਕੋਈ ਨਹੀਂ ਬਚ ਸਕਦਾ। ਇਸ ਲਈ ਸਾਂਈ ਲੋਕ ਮੌਤ ਦੇ ਮਸਲੇ ਬਾਰੇ ਆਪਦੇ ਵਿਚਾਰ ਦੇ ਕੇ ਮਨੁੱਖ ਦੀਆਂ ਮੁਸ਼ਕਲਾਂ ਦਾ ਹੱਲ ਪੇਸ਼ ਕਰਦੇ ਹਨ।

ਬਾਬਾ ਫ਼ਰੀਦ ਆਪਣੀ ਬਾਣੀ ਰਾਹੀਂ ਉਪਮਾ ਅਤੇ ਰੂਪਕ ਦੇ ਆਧਾਰ ਤੇ ਕਹਿੰਦੇ ਹਨ ਕਿ ਜਿੰਦ ਜਾਲ ਵਿਆਹੀ ਜਾਣ ਵਾਲੀ ਕੁਆਰੀ ਕੁੜੀ ਹੈ, ਜੋ ਵਿਆਹੁਣ ਮਗਰੋਂ ਵਹੁਟੀ ਬਣੇਗੀ। ਮੌਤ ਦਾ ਫਰਿਸ਼ਤਾ (ਮੌਤ ਖੁਦ) ਇਸ ਵਹੁਟੀ ਨੂੰ ਵਿਆਹੁਣ ਵਾਲਾ ਲਾੜਾ (ਗੱਭਰੂ, ਨੀਂਗਰ) ਹੈ। ਇਹ ਲਾੜਾ ਜਿੰਦ ਰੂਪੀ ਵਹੁਟੀ ਨੂੰ ਜਰੂਰ ਵਿਆਹ ਕੇ ਲੈ ਜਾਏਗਾ, ਜਿੰਦ ਨਿਕਲਦਿਆਂ ਸਰੀਰ ਬੇਕਾਰ ਹੋ ਜਾਏਗਾ ਤੇ ਫਿਰ ਕਰਤੱਵਾਂ ਦੀ ਪਾਲਣਾ ਨਹੀਂ ਕਰ ਸਕੇਗਾ। ਫ਼ਰੀਦ ਜੀ ਖੁਦ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਪਰਲੋਕ ਵਿਚ ਇਹ ਪੁਲਸਰਾਤ ਹੈ ਜੋ ਵਾਲ ਤੋਂ ਅਧਿਕ ਬਰੀਕ ਤੇ ਤਲਵਾਰ ਦੀ ਧਾਰ ਨਾਲੋਂ ਜ਼ਿਆਦਾ ਤਿੱਖਾ ਹੈ। ਜੀਵ ਨੂੰ ਇਸ ਪੁਲ ਨੂੰ ਪਾਰ ਕਰਨਾ ਪਵੇਗਾ, ਜੇ ਉਸ ਸੰਭਲ ਨਾ ਸਕਿਆ, ਤਦ ਨਰਕਾਂ ਦੀ ਭੱਠੀ ਵਿਚ ਸੜਨਾ, ਭੁਜਣਾ ਪਵੇਗਾ। ਇਸ ਵੇਲੇ ਜੀਵ ਪਾਪੀਆਂ ਦੀਆਂ ਚੀਕਾਂ ਤੇ ਵਿਲਕਣੀਆਂ ਵੀ ਸੁਣੇਗਾ। ਇਸ ਤਸਵੀਰ ਨੂੰ ਅੱਖਾਂ ਗੋਚਰ ਰੱਖਕੇ ਜੀਵਨ ਸਮੇਂ ਇਨਸਾਨ ਨੂੰ ਕਾਰ ਵਿਹਾਰ ਕਰਨਾ ਚਾਹੀਦਾ ਹੈ ਤੇ ਕੌਡੀ ਬਦਲੇ ਜੀਵਨ ਨੂੰ ਨਾ ਲੁਟਾਇਆ ਜਾਵੇ।

ਆਪ ਸੰਸਾਰ ਦਾ ਨਕਸ਼ਾ ਇਸ ਤਰ੍ਹਾਂ ਪੇਸ਼ ਕਰਦੇ ਹਨ ਕਿ ਇਹ ਦੁਨੀਆ ਇਕ ਅਥਾਹ ਸਾਗਰ ਹੈ ਜਿਸ ਵਿਚ ਵਿਸ਼ੇ ਵਿਕਾਰਾਂ ਦੀਆਂ ਲਹਿਰਾਂ ਉਠ ਰਹੀਆਂ ਹਨ, ਖਾਹਸ਼ਾਂ ਦੇ ਤੂਫਾਨ ਖੜੇ ਹੋ ਜਾਂਦੇ ਹਨ, ਅਗਿਆਨ ਦੀਆਂ ਕਾਂਗਾ ਉਭਰ ਆਉਂਦੀਆਂ ਹਨ, ਕਾਮ-ਵਾਸ਼ਨਾਵਾਂ ਦੇ ਹੜ੍ਹ ਆ ਜਾਂਦੇ ਹਨ, ਇਨ੍ਹਾਂ ਤੂਫਾਨਾਂ ਵਿਚੋਂ ਪਾਰ ਲੰਘਣ ਦਾ ਕੇਵਲ ਇਕ ਹੀ ਉਪਾਅ ਹੈ ਅਤੇ ਉਹ ਹੈ, 'ਸੱਚੀ ਦਰਵੇਸ਼ੀ' ਜਿਸ ਵਿਚ ਨੇਕੀਆਂ, ਸ਼ੁਭ ਤੇ ਦੈਵੀ ਕਰਮ, ਬੰਦਗੀ ਅਤੇ ਸੇਵਾ ਭਾਵ ਸ਼ਾਮਿਲ ਹਨ। ਮਤਲਬ ਇਹ ਹੈ ਕਿ ਨੇਕੀਆਂ ਦਾ ਬੇੜਾ ਤੈਨੂੰ ਪਾਰ ਲੰਘਾ ਦੇਵੇਗਾ, ਪਰ ਦਰਵੇਸ਼ੀ ਕਮਾਉਣਾ ਕੋਈ ਖਾਲਾ ਜੀ ਦਾ ਘਰ ਨਹੀਂ। ਦਰਵੇਸ਼ ਨੇ ਮੌਤ ਨੂੰ ਸਦਾ ਸਾਹਮਣੇ ਖੜੀ ਦੇਖਣਾ ਹੈ ਤੇ ਫਰਜ਼ਾਂ ਦੀ ਅਦਾਇਗੀ ਵਿਚ ਕੋਈ ਅਣਗਹਿਲੀ ਨਹੀਂ ਵਰਤਣੀ। ਆਪ ਫਰਮਾਉਂਦੇ ਹਨ :

ਜਿਤੁ ਦਿਹਾੜੇ ਧਨਵਰੀ ਸਾਹੇ ਲਏ ਲਿਖਾਇ।।<br>
ਮਲਕੁ ਕਿ ਕੰਨੀ ਸੁਣੀਦਾ ਮੁਹੁ ਦਿਖਾਲੇ ਆਇ।।<br>
ਜਿੰਦੁ ਨਿਮਾਣੀ ਕਢੀਐ ਹਡਾ ਕੁ ਕੜਕਾਹਿ।।<br>
ਸਾਹੇ ਲਿਖੇ ਨਾ ਚਲਨੀ ਜਿੰਦੂ ਕੂੰ ਸਮਝਾਇ।।<br>
ਆਪਣਾ ਹਥੀ ਜੋਲਿ ਕੇ, ਕੈ ਗਲਿ ਲੱਗੇ ਧਾਇ।।

ਫ਼ਰੀਦ ਜੀ ਨੇ ਆਪਣੀ ਕਵਿਤਾ ਵਿਚ ਮੌਤ ਦਾ ਨਕਸ਼ਾ ਕਈ ਪ੍ਰਕਾਰ ਤੇ ਕਈ ਰੰਗਾਂ ਵਿਚ ਪੇਸ਼ ਕਰਕੇ ਇਨਸਾਨ ਨੂੰ ਗਫ਼ਲਤ ਦੀ ਨੀਂਦ ਤੋ ਜਗਾਇਆ ਹੈ—

\- ਚਬਣ ਚਲਣ ਰਤੰਨ ਸੇ ਸੁਨੀਅਰ ਬਹਿ ਗਏ।।<br>
ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ।। (77)

- ਬੁਢਾ ਹੋਇਆ ਸ਼ੇਖ ਫ਼ਰੀਦੁ ਕੰਬਿਣ ਲਗੀ ਦੇਹ।।
  ਸੋ ਸਉ ਵਰ੍ਹਿਆਂ ਜੀਵਣਾ ਭੀ ਤਨੁ ਹੋਸੀ ਖੇਹ।। (41)
- ਫ਼ਰੀਦਾ ਜਾ ਤਉ ਖਟਣ ਵੇਲ, ਤਾ ਤੂ ਰਤਾ ਦੁਨੀ ਸਿਉ।।
  ਮਗਰ ਸਵਾਈ ਨੀਹਿ, ਜਾ ਭਰਿਆ ਤਾ ਲਦਿਆ।। (8)
- ਦੇਖ ਫ਼ਰੀਦ ਜ ਥੀਆ ਦਾੜੀ ਹੋਈ ਭੂਰ।।
  ਅਗਹੁ ਨੇੜਾ ਆਇਆ, ਪਿੱਛਾ ਰਹਿਆ ਦੂਰ।। (9)
- ਫ਼ਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ।।
  ਜੀਵਦਿਆ ਪੈਰਾਂ ਤਲੇ ਮੋਇਆ ਉਪਰ ਹੋਇ।। (17)

ਉਪਰੋਕਤ ਵਿਚਾਰ ਪਿਛੋਂ ਇਹ ਸਿੱਟਾ ਨਿਕਲਦਾ ਹੈ ਕਿ ਫ਼ਰੀਦ ਜੀ ਬਾਣੀ ਵਿਚ ਅਨੇਕ ਵਾਰ ਮੌਤ ਦਾ ਜ਼ਿਕਰ ਆਇਆ ਹੈ, ਹੋ ਸਕਦਾ ਹੈ ਫ਼ਰੀਦ ਜੀ ਮੌਤ ਦਾ ਡਰ ਦੇ ਕੇ ਨਿਰਾਸ਼ਵਾਦ ਦਾ ਪ੍ਰਚਾਰ ਕਰ ਰਹੇ ਹਨ। ਇਸੇ ਲਈ ਕਈ ਵਿਦਵਾਨਾਂ ਦਾ ਇਹ ਵਿਚਾਰ ਬਣ ਗਿਆ ਹੈ ਕਿ ਫ਼ਰੀਦ ਜੀ ਨੇ ਬਾਰ ਬਾਰ ਰਚਨਾ ਵਿਚ ''ਮੌਤ'' ਦਾ ਜ਼ਿਕਰ ਕਰਕੇ ਅਤੇ ''ਮੌਤ'' ਦੀਆਂ ਵੱਖ ਵੱਖ ਤਸਵੀਰਾਂ ਖਿੱਚ ਕੇ ਇਕ ਪ੍ਰਕਾਰ ਦਾ ਡਰ ਤੇ ਨਿਰਾਸ਼ਾ ਦਾ ਮਾਹੌਲ ਪੈਦਾ ਕੀਤਾ ਹੈ। ਸਾਡੇ ਵਿਚਾਰ ਵਿਚ ਫ਼ਰੀਦ ਬਾਣੀ ਨੂੰ ਨਿਰਾਸ਼ਵਾਦੀ ਕਹਿਣਾ ਨਿਰਮੂਲ ਤੇ ਨਿਰਾਧਾਰ ਹੈ ਕਿਉਂਕਿ ਫ਼ਰੀਦ ਜੀ ਇਕ ਖ਼ੁਦਾ ਰਸੀਦਾ (ਰੱਬ ਨੂੰ ਪੁਜੇ ਹੋਏ) ਸੂਫ਼ੀ ਦਰਵੇਸ਼ ਸਨ, ਇਸ ਲਈ ਉਹਨਾਂ ਨੇ ਮਨ ਵਿਚ ਨਾ ਤੇ ਮੌਤ ਦਾ ਡਰ ਸੀ ਤੇ ਨਾ ਹੀ ਆਪ ਨਿਰਾਸ਼ਾ ਦੇ ਉਪਾਸ਼ਕ ਸਨ। ਆਪ ਵਿਆਨ ਦੇ ਪੁੰਜ ਸਨ। ਸ਼ਰੀਅਤ, ਤਰੀਕਤ, ਮਾਰਫਤ ਦੀਆਂ ਮੰਜ਼ਿਲਾਂ ਪਾਰ ਕਰਕੇ ਹਕੀਕਤ ਤੇ ਪੁੱਜਕੇ ਖੁਦ ਨੂੰ ਮਿਟਾ ਚੁਕੇ ਸਨ ਤੇ ਬੂੰਦ ਤੋਂ ਸਾਗਰ ਰੂਪ ਹੋ ਗਏ ਸਨ। ਆਪ ਇਲਾਹੀ ਮਸਤੀ ਦਾ ਆਨੰਦ ਮਾਣ ਚੁੱਕੇ ਸਨ ਜਿਸ ਵਿਚ ਗਾਫ਼ਲ ਦੁਨੀਆਦਾਰਾਂ ਨੂੰ ਸ਼ਾਮਿਲ ਕਰਨਾ ਚਾਹੁੰਦੇ ਸਨ ਕਿਉਂਕਿ ਆਪ ਵੰਡ ਛੱਕਣ ਦੇ ਕਾਇਲ ਸਨ। ਫ਼ਕੀਰ ਖ਼ੁਦਗਰਜ਼ ਨਹੀਂ ਹਨ, ਉਹ ਤੇ ਦੂਸਰਿਆਂ ਦਾ ਭਲਾ ਚਾਹੁੰਦੇ ਹਨ। ਸ਼ਾਹ ਹੁਸੈਨ ਕਹਿੰਦਾ ਹੈ —

ਇਸ਼ਕੇ ਦੀ ਸਿਰ ਖਾਰੀ ਚਾਈਆ,
ਦਰ ਦਰ ਦੇਨੀਆਂ ਹੋਕਾ, ਵੇ ਲੋਕਾ।।

ਸੋ ਬਾਬਾ ਫ਼ਰੀਦ ਨੇ ਦੁਨੀਆਦਾਰਾਂ ਨੂੰ ਸਿੱਧੇ ਰਸਤੇ ਲਾਉਣ ਲਈ 'ਮੌਤ' ਨੂੰ ਆਪਣਾ 'ਪ੍ਰੇਰਣਾ ਸ੍ਰੋਤ' ਬਣਾਇਆ ਤੇ ਇਸ ਰੋਸ਼ਨੀ ਦੀ ਅਗਵਾਈ ਹੇਠ ਦੁਨੀਆਦਾਰਾਂ ਨੂੰ ਸਮਝਾਇਆ ਕਿ 'ਮੌਤ' ਤੇ ਕੋਈ ਦੇਹਧਾਰੀ ਛੁਟਕਾਰਾ ਨਹੀਂ ਪਾ ਸਕਦਾ, ਉਮਰ ਬੜੀ ਥੋੜ੍ਹੀ ਹੁੰਦੀ ਹੈ ਤੇ ਮਨੁੱਖਾ ਜਨਮ ਵੀ ਬੜਾ ਅਮੋਲ ਹੁੰਦਾ ਹੈ, ਇਸ ਲਈ ਥੋੜ੍ਹਾ ਜਿਹਾ ਜੋ ਸਮਾਂ ਪਰਮਾਤਮਾ ਨੇ ਬਖਸ਼ਿਆ ਹੈ, ਉਸ ਤੋਂ ਅਧਿਕ ਤੋਂ ਅਧਿਕ ਲਾਭ ਉਠਾਉਣਾ ਚਾਹੀਦਾ ਹੈ। 'ਮੌਤ' ਦਾ ਸੰਕਲਪ ਨਿਰਾਸ਼ਾ ਨਹੀਂ ਪੈਦਾ ਕਰਦਾ ਬਲਕਿ 'ਆਸ' ਦਾ ਨੂਰ ਹੈ। ਇਹ ਇਕ ਹਕੀਕਤ ਹੈ ਕਿ ਗੁਰਮਤਿ ਵਿਚਾਰਧਾਰਾ ਆਸ਼ਾਵਾਦੀ ਹੈ। ਸ੍ਰੀ ਗੁਰੂ ਅਰਜਨ ਦੇਵੀ ਜੀ ਨੇ ਗੁਰੂਆਂ ਤੋਂ ਇਲਾਵਾ, ਉਹਨਾਂ ਸੰਤਾਂ ਸੂਫ਼ੀਆਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਯੋਗ ਸਥਾਨ ਦਿੱਤਾ ਹੈ, ਜੋ ਗੁਰਬਾਣੀ ਨਾਲ ਮੇਲ ਖਾਂਦੀ ਹੈ ਤੇ ਵਿਰੋਧਤਾ ਦਾ ਪ੍ਰਚਾਰ ਨਹੀਂ ਕਰਦੀ। ਸੂਫ਼ੀਆਂ ਦੀ ਰਚਨਾ ਰਹੱਸਵਾਦੀ ਹੁੰਦੀ ਹੈ, ਜਿਸ ਦੇ ਅਰਥ ਬਾਹਰੀ ਤੌਰ ਤੇ ਕੁਝ ਹੋਰ ਹੁੰਦੇ ਹਨ, ਤੇ ਅੰਦਰੂਨੀ ਤੌਰ ਤੇ ਹੋਰ। ਸੋ ਫ਼ਰੀਦ ਰਚਨਾ ਆਸ਼ਾ ਦੀਆਂ ਕਿਰਨਾਂ ਨਾਲ ਭਰਪੂਰ ਸੂਰਜ ਹੈ :

ਜ਼ਿੰਦਗੀ ਕਿਆ ਹੈ ਅਨਾਸਾਰ ਮੇਂ ਜਹੂਰੇ ਤਰਤੀਬ।।
ਮੌਤ ਕਿਆ ਹੈ ਇਨਹੀ ਅਜ਼ਜ਼ਾਂ ਦਾ ਪਰੇਸਾ ਹੋਨਾ।।

ਪਾਠ ਨੰਬਰ : 2.6

## ਫ਼ਰੀਦ ਜੀ ਦੀ ਕਾਵਿ-ਕਲਾ

ਇਸ ਪਾਠ ਵਿਚ ਫ਼ਰੀਦ ਦੀ ਕਾਵਿ ਕਲਾ ਅਤੇ ਭਾਸ਼ਾ ਸੰਬੰਧੀ ਵਿਚਾਰ ਕੀਤਾ ਜਾਏਗਾ। ਕਾਵਿ ਕਲਾ ਅਤੇ ਭਾਸ਼ਾ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਪੰਜਾਬ ਦੇ ਅਧਿਆਤਮਿਕ ਇਤਿਹਾਸ ਦਾ ਸੰਖੇਪ ਰੂਪ ਵਿਚ ਜ਼ਿਕਰ ਕੀਤਾ ਜਾਏਗਾ ਤਾਂ ਜੋ ਉਨ੍ਹਾਂ ਬਾਰੇ ਵੀ ਕੁਝ ਜਾਣਕਾਰੀ ਪ੍ਰਾਪਤ ਹੋ ਸਕੇ। ਪਾਠ ਦੇ ਪਹਿਲੇ ਭਾਗ ਵਿਚ ਫ਼ਰੀਦ ਜੀ ਦੀ ਕਵਿਤਾ ਵਿਚਲੇ ਛੰਦ, ਰਸ, ਅਲੰਕਾਰ, ਸ਼ਬਦ ਸ਼ਕਤੀ, ਸ਼ਬਦ-ਚੋਣ, ਸੰਖੇਪਤਾ, ਨਵੀਨਤਾ, ਭਾਵ, ਬੁੱਧੀ, ਕਲਪਨਾ ਆਦਿ ਤੱਤਾਂ ਦਾ ਭਰਪੂਰ ਨਿਰੂਪਣ ਕੀਤਾ ਜਾਏਗਾ। ਦੂਜੇ ਭਾਗ ਵਿਚ ਪੰਜਾਬੀ ਭਾਸ਼ਾ ਦੀ ਉਤਪੱਤੀ ਤੇ ਵਿਕਾਸ ਦਾ ਸੰਖੇਪ ਵਰਣਨ ਕਰਦੇ ਹੋਏ ਫ਼ਰੀਦ ਦੀ ਭਾਸ਼ਾ ਦਾ ਸਰੂਪ ਨਿਰੂਪਣ ਕਰਨ ਦਾ ਯਤਨ ਕੀਤਾ ਜਾਏਗਾ। ਇਸ ਤੋਂ ਇਲਾਵਾ ਫ਼ਰੀਦ ਬਾਣੀ ਵਿਚੋਂ ਉਦਾਹਰਣਾਂ ਦੇਕੇ ਉਨ੍ਹਾਂ ਦੀ ਭਾਸ਼ਾ ਦੇ ਕਈ ਪੱਖਾਂ ਦਾ ਭਰਪੂਰ ਵਿਵੇਚਨ ਪ੍ਰਸਤੁਤ ਕਰਨ ਦਾ ਯਤਨ ਕੀਤਾ ਜਾਏਗਾ।

**ਰੂਪ ਰੇਖਾ**

ਪੰਜਾਬ ਦਾ ਅਧਿਆਤਮਿਕ ਇਤਿਹਾਸ... ਫ਼ਰੀਦ ਦੀ ਕਾਵਿ ਕਲਾ (ਛੰਦ/ਰਸ/ਅਲੰਕਾਰ/ਸ਼ਬਦ ਸ਼ਕਤੀ/ ਸ਼ਬਦ ਚੋਣ/ ਸੰਖੇਪਤਾ/ਨਵੀਨਤਾ/ ਭਾਵ ਤੱਤ /ਬੱਧੀ ਤੱਤ/ ਕਲਪਨਾ ਤੱਤ)... ਫ਼ਰੀਦ ਬੋਲੀ.... ਪੰਜਾਬੀ ਭਾਸ਼ਾ ਦਾ ਮੁੱਢ ਤੇ ਵਿਕਾਸ.. ਫ਼ਰੀਦ ਬਾਣੀ ਵਿਚ ਲਹਿੰਦੀ ਟਕਸਾਲੀ ਸ਼ਬਦ... ਖੜੀ ਬੋਲੀ ਦੀ ਹੋਂਦ...ਡਾ. ਅਸੀਰੀ, ਮੌਲਵੀ ਅਬਦੁਲ ਹੱਕ ਤੇ ਪ੍ਰੋ. ਮੁਹੰਮਦ ਹੁਸੈਨ ਆਜ਼ਾਦ ਦੇ ਵਿਚਾਰ... ਖੜੀ ਬੋਲੀ ਅਰਬੀ ਫ਼ਾਰਸੀ ਦੀ ਸ਼ਬਦਾਵਲੀ-ਹਿੰਦੀ, ਗੁਜਰਾਤੀ, ਮਹਾਰਾਸ਼ਟਰੀ, ਬੰਗਾਲੀ, ਅਵਧੀ, ਆਸਾਮੀ, ਉੜੀਸਾ ਆਦਿ ਭਾਸ਼ਾਵਾਂ ਦੀ ਸ਼ਬਦਾਵਲੀ... ਸਾਧੂਕੜੀ ਸ਼ਬਦਾਵਲੀ ਦੀਆਂ ਉਦਾਹਰਣਾਂ :

**ਪੰਜਾਬ ਦਾ ਅਧਿਆਤਮਿਕ ਇਤਿਹਾਸ :**

ਪੰਜਾਬ ਦੇ ਅਧਿਆਤਮਿਕ ਇਤਿਹਾਸ ਨੂੰ ਚਾਰ ਕਾਲਾਂ-ਵੈਦਿਕ, ਨਾਥਯੋਗੀ, ਸੂਫ਼ੀ ਤੇ ਗੁਰਮਤਿ ਵਿਚ ਵੰਡ ਸਕਦੇ ਹਾਂ। ਭਾਰਤ ਦੇ ਜਿਸ ਉੱਤਰ-ਪੱਛਮੀ ਭੂ-ਖੰਡ ਨੂੰ ਪੰਜਾਬ ਦਾ ਨਾਮ ਦਿੱਤਾ ਜਾਂਦਾ ਹੈ ਉਸ ਦੀ ਸ੍ਰੇਸ਼ਟਾ ਤੇ ਉੱਚਤਾ ਇਸ ਵਿਚ ਹੈ ਕਿ ਵੈਦਿਕ ਵਿਚਾਰਧਾਰਾ ਦੇ ਰੂਪ ਵਿਚ ਇਸ ਨੇ ਸਾਰੇ ਸੰਸਾਰ ਨੂੰ ਸਭ ਤੋਂ ਪਹਿਲਾਂ ਅਧਿਆਤਮਿਕ ਵਿਚਾਰ-ਧਾਰਾ ਦੀ ਰੂਪ-ਰੇਖਾ ਪੇਸ਼ ਕੀਤੀ ਹੈ। ਪੰਜਾਬ ਦਾ ਅਧਿਆਤਮਿਕ ਇਤਿਹਾਸ ਰਿਗਵੇਦ ਦੀ ਰਚਨਾ ਨਾਲ ਸ਼ੁਰੂ ਹੁੰਦਾ ਹੈ। ਰਿਗਵੇਦ ਦੀਆਂ ਰਚਨਾਵਾਂ ਭਾਰਤੀ ਆਰੀਆ ਲੋਕਾਂ ਦੇ ਮਨਾਂ ਵਿਚ ਹੋਈ ਤੀਬਰ ਤੀਖਣ ਧਾਰਮਿਕ, ਅਧਿਆਤਮਿਕ ਤੇ ਕਲਪਨਾਤਮਕ ਵਿਚਾਰਧਾਰਾ ਨੂੰ ਰੂਪਮਾਨ ਕਰਦੀਆਂ ਹਨ। ਹਿੰਦੂ-ਧਰਮ ਜਦ ਬਹੁਤ ਹੀ ਗੁੰਝਲਦਾਰ ਬਣ ਗਿਆ ਤਦ ਭਾਰਤ ਵਿਚ ਪ੍ਰਤਿਕਰਮ ਵਜੋਂ ਜੈਨ ਤੇ ਬੁੱਧ ਮੱਤ ਦਾ ਉਭਾਰ ਹੋਇਆ, ਪਰ ਇਹ ਦੋਵੇਂ ਮਤ ਨਾ ਤੇ ਪੰਜਾਬ ਦੀ ਦੇਣ ਹਨ ਅਤੇ ਨਾ ਹੀ ਇਨ੍ਹਾਂ ਦਾ ਇਸ ਭੂ-ਖੰਡ ਉਪਰ ਪ੍ਰਭਾਵ ਪਿਆ। ਬੁੱਧਮੱਤ, ਜਦ ਭਾਰਤ ਵਿਚ ਪਤਲਾ ਪੈ ਗਿਆ, ਤਦ ਨਾਥ ਯੋਗ ਮਤ ਨੇ ਪੰਜਾਬ ਦੇ ਅਧਿਆਤਮਿਕ ਜੀਵਨ ਨੂੰ ਬਹੁਤ ਜਿਆਦਾ ਪ੍ਰਭਾਵਿਤ ਕੀਤਾ।

ਵੈਦਿਕ ਅਤੇ ਨਾਥਪੰਥੀ ਅਧਿਆਤਮਿਕਤਾ ਪਿਛੋਂ ਪੰਜਾਬ ਦੀ ਅਧਿਆਤਮਿਕ ਇਤਿਹਾਸ ਵਿਚ ਅਗਲਾ ਸਥਾਨ ਸੂਫ਼ੀਮਤ ਦਾ ਹੈ। ਸੂਫ਼ੀ ਮਤ ਦੇ ਨਾਲ ਹੀ ਗੁਰਮਤਿ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ, ਜੋ ਆਪਣੀ ਪੂਰਣਤਾ ਕਾਰਣ ਪੂਰੀ ਤਰ੍ਹਾਂ ਪੰਜਾਬ ਦੇ ਜਨ-ਜੀਵਨ ਉਪਰ ਛਾ ਗਿਆ ਤੇ ਹਿੰਦੂ ਮੱਤ ਦਾ ਸਿਤਾਰਾ ਮੱਧਮ ਪੈ ਗਿਆ। ਸੂਫ਼ੀਮਤ ਦਾ ਨਿਕਾਸ ਅਤੇ ਵਿਕਾਸ ਅਰਬ ਵਿਚ ਹੋਇਆ। ਭਾਰਤ ਵਿਚ ਸੂਫ਼ੀਆਂ ਦਾ ਆਗਮਨ ਉੱਤਰੀ ਭਾਰਤ ਦੀ ਮੁਸਲਿਮ ਜਿੱਤ ਦੇ ਪਿਛੋਂ ਸ਼ੁਰੂ ਹੋਇਆ। ਭਾਰਤ ਵਿਜੈ ਵਿਚ ਸ਼ਾਸ਼ਕਾਂ ਦਾ ਇਕ ਉਦੇਸ਼ ਇਸਲਾਮ ਦਾ ਪ੍ਰਚਾਰ ਸੀ ਜਿਸ ਨੂੰ ਉਨ੍ਹਾਂ ਤਲਵਾਰ ਦੀ ਨੋਕ ਦੀ ਸਹਾਇਤਾ ਨਾਲ ਪੂਰਾ ਕੀਤਾ। ਸੂਫ਼ੀ ਸੰਤ ਉਨ੍ਹਾਂ ਦੇ ਇਸ ਪ੍ਰਚਾਰ ਵਿਚ ਸਹਾਇਕ ਸਾਬਤ ਹੋਏ, ਪਰੰਤੂ ਉਨ੍ਹਾਂ ਦਾ ਪ੍ਰਚਾਰ ਢੰਗ ਸ਼ਾਸ਼ਕਾਂ ਦੇ ਉਲਟ ਤੇ ਹਮਦਰਦੀ ਭਰਪੂਰ ਸੀ। ਗਜ਼ਨੀ-ਰਾਜ ਦੇ ਸਮੇਂ ਪ੍ਰਸਿੱਧ ਸੂਫ਼ੀ-ਕਵੀ ਅਲੀ ਹੁਜਵੀਰੀ ਦਾਤਾ-ਗੰਜ ਬਖ਼ਸ਼, ਲਾਹੌਰ ਆਏ ਤੇ ਉਨ੍ਹਾਂ ਨੇ ਆਪਣੇ ਜ਼ਜ਼ਬਾਤ ਫ਼ਾਰਸੀ ਜ਼ੁਬਾਨ

ਵਿਚ ਪ੍ਰਗਟ ਕੀਤੇ ਤੇ ਇਕ ਪੁਸਤਕ ਵਿਚ ਉਨ੍ਹਾਂ ਨੇ ਆਪਣੇ ਵਿਚਾਰ ਲਿਖੇ, ਜਿਸ ਦਾ ਨਾਮ 'ਕਸਫ਼ਲ ਮਹਜੂਬ' ਹੈ। ਇਨ੍ਹਾਂ ਪਿਛੋਂ ਬਾਬਾ ਫ਼ਰੀਦ ਗੰਜ ਸ਼ੱਕਰ (1173-1256 ਈ.) ਹੋਏ ਆਪ ਅਰਬੀ ਅਤੇ ਫ਼ਾਰਸੀ ਦੇ ਉੱਘੇ ਤੇ ਬੁਲੰਦ-ਪਾਇਆ ਸ਼ਾਇਰ ਸਨ। ਕਿਆਸ ਹੈ ਕਿ ਇਸ ਵੇਲੇ ਲੋਕ-ਬੁਲ੍ਹਾਂ ਉਪਰ ਪੰਜਾਬੀ ਸਾਹਿਤ ਦੀ ਰਚਨਾ ਰਹੀ ਸੀ। ਜੋ ਹਰਮਨ-ਪਿਆਰੀ ਹੋ ਗਈ ਸੀ। ਬਾਬਾ ਫ਼ਰੀਦ ਲੋਕਾਂ ਦੀ ਇਸ ਰੁਚੀ ਤੋਂ ਪ੍ਰਭਾਵਿਤ ਜ਼ਰੂਰ ਹੋਏ ਹੋਣਗੇ। ਕੁਦਰਤੀ ਤੌਰ ਤੇ ਉਨ੍ਹਾਂ ਨੇ ਸੂਫ਼ੀ ਵਿਚਾਰਾਂ ਨੂੰ ਸਥਾਨਕ ਬੋਲੀ ਵਿਚ ਪ੍ਰਗਟ ਕਰਨਾ ਠੀਕ ਸਮਝਿਆ। ਆਪ ਜੀ ਦਾ ਦਰਵੇਸ਼ੀ ਦਰਬਾਰ ਆਮ ਲੋਕਾਂ ਲਈ (ਹਿੰਦੂਆਂ, ਮੁਸਲਮਾਨਾਂ) ਖੁਲਾ ਸੀ। ਅਨਪੜ੍ਹ ਲੋਕ ਵੀ ਹਾਜ਼ਰ ਹੁੰਦੇ ਸਨ, ਜੋ ਫ਼ਾਰਸੀ-ਅਰਬੀ ਤੋਂ ਬਿਲਕੁੱਲ ਅਣਜਾਣ ਸਨ। ਸੋ ਬਾਬਾ ਫ਼ਰੀਦ ਨੇ ਮਾਂ-ਬੋਲੀ ਪੰਜਾਬੀ (ਮੁਲਤਾਨੀ) ਨੂੰ ਫ਼ਾਰਸੀ ਉੱਪਰ ਤਰਜੀਹ ਦਿੱਤੀ ਅਤੇ ਆਪਣੀ ਕਵਿਤਾ ਵਿਚ ਅਰਬੀ ਫ਼ਾਰਸੀ ਛੰਦਾਂ ਦੀ ਥਾਂ ਪੁਰਾਤਨ ਭਾਰਤੀ ਛੰਦ ਹੀ ਵਰਤਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੇ 112 ਸਲੋਕ ਸੰਕਲਿਤ ਹਨ ਤੇ ਚਾਰ ਸ਼ਬਦ ਵੀ। ਅਸੀਂ ਏਥੇ ਫ਼ਰੀਦ ਜੀ ਦੀ ਬਾਣੀ ਨੂੰ ਪਰਖਣ ਲਈ ਇਸੇ ਨੂੰ ਦੋ ਭਾਗਾਂ ਵਿਚ ਵੰਡਦੇ ਹਾਂ —

ਫ਼ਰੀਦ ਦੀ ਕਾਵਿ ਕਲਾ —

ਬਾਬਾ ਫ਼ਰੀਦ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਆਪਣੇ ਸਲੋਕਾਂ ਤੇ ਸ਼ਬਦਾਂ ਵਿਚ ਅਰਬੀ-ਫ਼ਾਰਸੀ ਦੇ ਛੰਦਾਂ (ਬਹਿਰਾਂ) ਦੀ ਵਰਤੋਂ ਨਹੀਂ ਕੀਤੀ ਸਗੋਂ ਪੁਰਾਤਨ ਭਾਰਤੀ ਛੰਦਾਂ ਦਾ ਹੀ ਪ੍ਰਯੋਗ ਕੀਤਾ ਹੈ। ਸੋ ਫ਼ਰੀਦ ਜੀ ਦੇ ਸਲੋਕ ਆਪਣੇ ਆਪ ਵਿਚ ਪੁਰਾਤਨ ਪੰਜਾਬੀ ਸਾਹਿਤ ਦਾ ਰੂਪ ਹਨ। ਸਲੋਕਾਂ ਦਾ ਰੂਪ ਸੰਸਕ੍ਰਿਤ ਦੇ ਸੋਮੇ ਤੋਂ ਨਿਕਲ ਕੇ ਪ੍ਰਾਕ੍ਰਿਤ ਤੇ ਅਪਭ੍ਰੰਸ਼ ਸਾਹਿਤਾਂ ਵਿਚੋਂ ਵਿਕਾਸ ਕਰਦੇ ਹੋਏ, ਆਧੁਨਿਕ ਪੰਜਾਬੀ ਦੇ ਮੁਢਲੇ ਸਰੂਪ ਵਿਚ ਨਜ਼ਰ ਆਉਂਦਾ ਹੈ, ਇਹਨਾਂ ਦੀ ਪ੍ਰਾਚੀਨਤਾ ਕਾਰਨ ਹੀ ਫ਼ਰੀਦ ਸ਼ੱਕਰ ਗੰਜ ਨੂੰ ਭਾਰਤੀ ਸਾਹਿਤ ਦਾ ਪਹਿਲਾ ਮੌਲਿਕ ਕਵੀ (ਸਾਹਿਤਕਾਰ) ਤੇ ਮੀਲ-ਪੱਥਰ ਮੰਨਿਆ ਜਾਂਦਾ ਹੈ। ਠੀਕ ਇਸੇ ਤਰ੍ਹਾਂ 'ਸ਼ਬਦ' ਵੀ 'ਭਾਰਤੀ ਸਾਹਿਤ-ਰੰਗ' ਦੇ ਹਨ ਜਿਨ੍ਹਾਂ ਨੂੰ ਹਿੰਦੂ-ਨਾਥ ਜੋਗੀ ਵਰਤਦੇ ਸਨ। ਬਹੁਤਾ ਕਰਕੇ ਫ਼ਰੀਦ ਜੀ ਵਲੋਂ ਦੋਹਾ ਜਾਂ ਦੋਹਰਾ ਛੰਦ ਦੀ ਵਰਤੋਂ ਕੀਤੀ ਗਈ। ਭਾਰਤੀ ਕਾਵਿ ਸ਼ਾਸ਼ਤਰ ਅਨੁਸਾਰ ਅਸੀਂ ਫ਼ਰੀਦ ਜੀ ਦੀ ਕਾਵਿ ਕਲਾ ਨੂੰ ਪਰਖਣ ਦਾ ਯਤਨ ਕਰਾਂਗੇ। ਕਿਹਾ ਜਾਂਦਾ ਹੈ ਕਿ ਕਾਵਿ ਦੇ ਸ਼ਬਦ ਉਸ ਦਾ ਸਰੀਰ ਹਨ ਤੇ ਵਿਸ਼ਾ ਪੱਖ ਕਾਵਿ ਦੀ ਆਤਮਾ ਹੈ ਸੋ ਇਨ੍ਹਾਂ ਦੋਹਾਂ ਪੱਖਾਂ ਨੂੰ ਪਰਖਣ ਲਈ ਅਸੀਂ ਹੇਠ ਲਿਖੀਆਂ ਕਸਵੱਟੀਆਂ ਉਪਰ ਜਾਂਚਾਂਗੇ।

1. ਛੰਦ, 2. ਰਸ 3. ਅਲੰਕਾਰ 4. ਸ਼ਬਦ-ਸ਼ਕਤੀ 5. ਸ਼ਬਦ-ਚੋਣ 6. ਸੰਖੇਪਤਾ 7. ਨਵੀਨਤਾ 8. ਭਾਵ-ਤੱਤ 9. ਬੁੱਧੀ-ਤੱਤ 10. ਕਲਪਨਾ ਤੱਤ ਆਦਿ।

1. **ਛੰਦ** :- ਫ਼ਰੀਦ ਜੀ ਦੇ ਸਮੇਂ ਅਪਭ੍ਰੰਸ਼ ਸਾਹਿਤ ਵਿਚੋਂ ਆਇਆ ਦੋਹਾ ਜਾਂ ਦੋਹਰਾ ਛੰਦ ਪ੍ਰਚਲਿਤ ਸੀ। ਦੋਹਰੇ ਦੀ ਉਦਾਹਰਣ ਪੇਸ਼ ਹੈ —

ਕਵਣ ਸੁ ਅਖਰ ਕਵਣ ਗੁਣ, ਕਵਣ ਸੁ ਮਣੀਆਂ ਮੰਤ।।
ਕਵਣ ਸੁ ਵੇਸੋ ਹਉ ਕਰੀ, ਜਿਤ ਵਸਿ ਆਵੈ ਕੰਤ।।

ਉਪਰੋਕਤ ਸਲੋਕ ਵਿਚ ਦੋਹਰਾ ਛੰਦ ਹੈ ਜੋ 13+11 ਮਾਤਰਾ ਦਾ ਹੈ। ਇਹਨਾਂ ਸਮਿਆਂ ਵਿਚ ਕਵੀ ਪੂਰੀ ਤਰਾਂ ਪਿੰਗਲ (ਆਰੂਜ) ਦੇ ਪਾਬੰਦ ਨਹੀਂ ਸਨ। ਇਸ ਲਈ ਫ਼ਰੀਦ ਜੀ ਨੇ ਖੁਲ੍ਹ ਵਰਤ ਲਈ ਹੈ। ਸਾਡੇ ਵਿਚਾਰ ਵਿਚ ਬਾਬਾ ਫ਼ਰੀਦ ਦੇ ਸਲੋਕਾਂ ਵਿਚ ਆਮ ਤੌਰ ਤੇ 'ਫ਼ਰੀਦ' ਪਦ ਛੰਦ ਦੀਆਂ ਮਾਤਰਾ ਤੋਂ ਵਾਧੂ ਆਉਂਦਾ ਹੈ। ਜੋ ਫ਼ਰੀਦ ਪਦ ਨੂੰ ਪੜ੍ਹਨ ਵਿਚ ਸ਼ਾਮਿਲ ਨਾ ਕਰੀਏ ਤਦ ਤੋਲ ਵਜ਼ਨ ਠੀਕ ਜਾਪਦਾ ਹੈ। (ਅਜਿਹਾ ਕਰਨਾ ਕਾਵਿ ਸਿੱਧਾਂਤਾਂ ਅਨੁਸਾਰ ਉਚਿਤ ਹੈ)। ਬਾਬਾ ਫ਼ਰੀਦ ਨੇ ਵਿਸ਼ੇ ਨੂੰ ਪ੍ਰਾਥਮਿਕਤਾ (ਪਹਿਲ) ਦਿੱਤੀ ਹੈ, ਛੰਦ ਦੀ ਪਰਵਾਹ ਘੱਟ ਕੀਤੀ ਹੈ। ਪਦ ਵੱਧ ਘੱਟ ਵਰਤ ਲਏ ਹਨ। ਹੇਠਲੇ ਦੋਹਰੇ ਨੂੰ ਦੇਖੋ।

(ਫ਼ਰੀਦਾ) ਰੋਟੀ ਮੇਰੀ ਕਾਠ ਕੀ ਲਾਵਣ ਮੇਰੀ ਭੁਖ।। 13+10
ਜਿਨ੍ਹਾਂ ਖਾਧੀ ਚੋਪੜੀ ਘਣੇ ਸਹਿਣਗੇ ਦੁਖ।।

ਉਪਰੋਕਤ ਛੰਦ ਵਿਚੋਂ ਜੇ ਫ਼ਰੀਦ ਪਦ ਕੱਢ ਦੇਈਏ ਤਦ ਬਾਕੀ ਮਾਤਰਾ ਵਿਚ 13+10 ਰਹਿ ਜਾਂਦੀਆਂ ਹਨ ਜਦ ਕਿ ਦੋਹਰਾ ਛੰਦ ਵਿਚ 13+11 ਮਾਤਰਾ ਹੋਣੀਆਂ ਚਾਹੀਦੀਆਂ ਹਨ।

ਚੋਪਈ ਵਿਚ 14 ਜਾਂ 15 ਮਾਤਰਾ ਹੁੰਦੀਆਂ ਹਨ ਤੇ ਕਈ ਵਾਰ 16 ਵੀ ਹੋ ਜਾਂਦੀਆਂ ਹਨ। ਫ਼ਰੀਦ ਜੀ ਨੇ ਚੋਪਈ

ਛੰਦ ਦੀ ਵਰਤੋਂ ਵੀ ਕਰ ਲਈ ਹੈ :

ਫ਼ਰੀਦਾ ਥੀਉ ਪਵਾਹੀ ਦਭੁ।। (5)
ਜੇ ਸਾਂਈ ਲੋੜਹਿ ਸਭੁ।।
ਇਕ ਛਿਜਹਿ ਬਿਆ ਲਿਤਾੜੀਆਹਿ।।
ਤਾਂ ਸਾਈ ਦੈ ਦਰਿ ਵਾਡੀਅਹਿ।।

**2. ਰਸ :-**

ਭਾਰਤੀ ਕਾਵਿ-ਸ਼ਾਸ਼ਤਰ ਦੇ ਕਈ ਨਿਰਮਾਤਮਾ ਰਿਸ਼ੀਆਂ ਨੇ ਕਾਵਿ ਰੂਪੀ ਸਰੀਰ ਦੀ ਆਤਮਾ 'ਰਸ' ਨੂੰ ਮੰਨਿਆਂ ਹੈ। ਰਸ ਬਿਨ ਕਾਵਿ ਨੀਰਸ ਹੈ। ਬਾਬਾ ਫ਼ਰੀਦ ਦੀ ਬਾਣੀ ਵਿਚ ਸ਼ਾਂਤ ਰਸ ਤੇ ਭਗਤੀ ਦੀ ਪ੍ਰਧਾਨਤਾ ਹੈ, ਪਰ ਗੌਣ ਵਿਚ ਕੁਝ ਦੂਜੇ ਰਸਾਂ ਦਾ ਵੀ ਸ਼ਮਾਵੇਸ਼ ਹੋ ਗਿਆ ਹੈ :

(ੳ) ਸ਼ਾਂਤ ਰਸ ਤੇ ਭਗਤੀ ਰਸ :

ਸਭਨਾ ਮਲ ਮਾਣਿਕ ਠਾਹੁਣ ਮੂਲ ਮਚਾਂਗਵਾ।।
ਜੇ ਤਉ ਪਿਰੀਆ ਦੀ ਸਿਕ ਹਿਆਵੂ ਨ ਠਾਹੇ ਕਹੀਦਾ।
(ਏਥੇ ਫ਼ਰੀਦ ਜੀ ਨੇ ਸੋਰਠਾ ਛੰਦ ਦੀ ਵਰਤੋਂ ਕੀਤੀ ਹੈ)

(ਅ) ਸ਼ਿੰਗਾਰ ਰਸ (ਵਿਯੋਗ) :

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜ ਜਾਏ।।
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣ ਵਿਹਾਇ।।

**3. ਅਲੰਕਾਰ :-**

ਫ਼ਰੀਦ ਜੀ ਦੀ ਰਚਨਾ ਵਿਚ ਅੰਲਕਾਰਾਂ ਦੀ ਵਰਤੋਂ ਇਸ ਤਰ੍ਹਾਂ ਸੁਚੱਜੇ ਢੰਗ ਨਾਲ ਹੋਈ ਹੈ ਕਿ ਗੁੰਝਲਦਾਰ ਮਸਲੇ ਸਾਫ਼ ਤੇ ਸਪੱਸ਼ਟ ਹੋ ਗਏ ਹਨ। ਫ਼ਰੀਦ ਜੀ ਨੇ ਅਲੰਕਾਰ ਆਮ ਜੀਵਨ ਵਿਚੋਂ ਚੁਣੇ ਹਨ, ਇਹੋ ਕਾਰਨ ਹੈ ਕਿ ਇਹ ਅਲੰਕਾਰ ਆਮ ਸੂਝ-ਬੂਝ ਦੇ ਲੋਕਾਂ ਨੂੰ ਸਮਝ ਆ ਜਾਂਦੇ ਹਨ। ਰੂਪਕ ਤੇ ਉਪਮਾ ਅਲੰਕਾਰ ਦੀ ਵਰਤੋਂ ਵਿਚ ਆਪ ਨੇ ਕਮਾਲ ਕਰ ਦਿਖਾਇਆ ਹੈ।

ਫ਼ਰੀਦ ਜੀ ਨੇ ਰੂਪਕ ਅਲੰਕਾਰ ਸਥਾਨਕ ਰੰਗ ਵਿਚ ਪੇਸ਼ ਕੀਤੇ ਹਨ :

1. ਕੰਧੀ ਉਤੇ ਰੁਖੜਾ ਕਿਚਰਕ ਬੰਨੇ ਧੀਰ।।
   ਫ਼ਰੀਦਾ ਕੱਚੇ ਭਾਂਡੇ ਰਖੀਐ, ਕਿਚਰਕੁ ਤਾਈ ਨੀਰ।।
2. ਫ਼ਰੀਦਾ ਏ ਵਿਸੁ ਗੰਦਲਾਂ ਧਰੀਆਂ ਖੰਡੁ ਲਿਵਾੜਿ।।
3. ਹੇੜਾ ਜਲੈ ਮਜੀਠ ਜਿਉ ਉਪਰ ਅੰਗਾਰਾ।।

ਉਪਮਾ ਅਲੰਕਾਰ ਦੀ ਵਰਤੋਂ ਵਿਚ ਘਰੋਗੀ ਸਥਾਨਕ ਰੰਗ ਭਰਿਆ ਹੈ ਜਿਵੇਂ :

ਕੰਚਨ ਵੰਨੇ ਵਾਸੇ/ਧੁਖਾਂ ਜਿਉ ਮਾਲੀਹ

ਸਕਰ ਖੰਡ-ਨਵਾਤ-ਵੂੜ-ਮਾਖਿਉ-ਮਾਝਾ ਦੁਧ ਆਦਿ ਉਪਮਾ ਅਲੰਕਾਰ ਹਨ :

ਵਿਕਾਰਮਈ ਜੀਵਨ ਨੂੰ ਬਾਬਾ ਫ਼ਰੀਦਾ ਨੇ ਛੱਪੜੀ ਦੇ ਰੂਪ ਰਾਹੀਂ ਪੇਸ਼ ਕੀਤਾ ਹੈ —

ਕਲਰ ਕੇਰੀ ਛੱਪੜੀ ਆਏ ਉਲਥੇ ਹੰਝ।
ਚਿੰਜੂ ਬੋੜਿ ਨ ਪੀਵਹੀ, ਉਡਣ ਸੰਦੀ ਡੰਝ।।

ਅਲੰਕਾਰ ਦੇ ਸੰਦਰਭ ਵਿਚ ਫ਼ਰੀਦ ਜੀ ਦੇ ਸ਼ਬਦ ਚ੍ਰਿਤ, ਨਾਦ ਚ੍ਰਿਤ ਤੇ ਭਾਵ ਚਿਤ੍ਰਾਂ ਨੂੰ ਦੇਖੋ :

**ਸ਼ਬਦ ਚਿਤ੍ਰ :**

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ।।
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ।।

**ਨਾਦ ਚਿਤ੍ਰ :**

ਫ਼ਰੀਦਾ ਕੂਕੇਦਿਆਂ ਚਾਕੇਦਿਆਂ ਮਤੀ ਦੇਦਿਆਂ ਨਿਤ।। (15)

**ਭਾਵ ਚਿਤ੍ਰ :**

ਤਨੁ ਤਪੈ ਤਨੂਰ ਜਿਉ ਬਾਲਨ ਹਡਿ ਬਲੰਨਿ।।
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ।।

ਫ਼ਰੀਦ ਬਾਣੀ ਦੇ ਅਧਿਐਨ ਤੋਂ ਇਹ ਸੱਚਾਈ ਸਪੱਸ਼ਟ ਹੁੰਦੀ ਹੈ ਕਿ ਫ਼ਰੀਦ ਜੀ ਨੇ ਟੁੱਟੀ ਨਾਗਰ ਲੱਜ, ਖਿੰਥੜਿਆ ਮੇਖਾਂ ਅਗਲੀਆ, ਗੜੁ ਲੀਤਾ, ਘਟੁ ਲੁਟਿਆ ਦੀਵੜੇ ਗਇਆ ਬੁਝਾਇ ਆਦਿ-ਰੂਪਕਾਂ ਰਾਹੀਂ ਆਪਣੇ ਦਿਲੀ ਜਜ਼ਬਿਆਂ ਤੇ ਆਸ਼ਿਆਂ ਨੂੰ ਸ਼ਪੱਸ਼ਟ ਕੀਤਾ ਹੈ।

**ਬਿੰਬ :**

ਫ਼ਰੀਦ ਜੀ ਦੇ ਸਮੇਂ ਬਿੰਬ ਨੂੰ ਕੋਈ ਨਹੀਂ ਸੀ ਜਾਣਦਾ, ਪਰ ਕੁਦਰਤੀ ਤੌਰ ਤੇ ਫ਼ਰੀਦ ਬਾਣੀ ਵਿਚ ਬਿੰਬ ਦੀ ਹੋਂਦ ਕਾਇਮ ਹੋ ਗਈ ਹੈ :

ਕਤਿਕ ਕੂੰਜਾਂ ਚੇਤਿ ਡਉ ਸਾਵਣੁ ਬਿਜੁਲੀਆਂ।।
ਸ਼ੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ।। (488)

## 4. ਸਬਦ ਸ਼ਕਤੀ :-

ਵਿਦਵਾਨਾਂ ਨੇ ਸ਼ਬਦ ਦੀਆਂ ਤਿੰਨ ਸ਼ਕਤੀਆਂ ਦੱਸੀਆਂ ਹਨ। ਜਦ ਸ਼ੇਰ ਨੂੰ ਉਸ ਦੇ ਅਸਲੀ ਅਰਥਾਂ ਵਿਚ ਵਰਤੀਏ ਤਦ 'ਅਭਿਧਾ' ਸ਼ਕਤੀ ਦਾ ਪ੍ਰਯੋਗ ਹੁੰਦਾ ਹੈ, ਜੇ ਕਿਸੇ ਸੂਰਮੇ ਨੂੰ 'ਸ਼ੇਰ' ਕਹੀਏ ਤਦ 'ਲਕਸ਼ਣਾ' ਸ਼ਕਤੀ ਦੀ ਵਰਤੋਂ ਹੋਵੇਗੀ ਤੇ ਜੇ ਵਿਅੰਗ ਰੂਪ ਵਿਚ ਇਸ ਦੇ ਅਰਥ ਲਏ ਜਾਣ ਤਦ ਵਿਅੰਜਨ ਸ਼ਕਤੀ ਦਾ ਪ੍ਰਯੋਗ ਸਮਝਿਆ ਜਾਵੇਗਾ। ਫ਼ਰੀਦ ਬਾਣੀ ਵਿਚ ਇਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਹੋਇਆ ਹੈ ਲਕਸ਼ਣਾ ਦੀ ਉਦਾਹਰਣ ਫ਼ਰੀਦ ਬਾਣੀ ਵਿਚ ਦੇਖੋ : ਕਾਠ ਦੇ ਅਸਲੀ ਅਰਥ-ਅਭਿਧਾ ਸ਼ਕਤੀ ਅਨੁਸਾਰ ਲਕੜੀ ਦੇ ਹਨ, ਪਰ ਫ਼ਰੀਦ ਜੀ ਨੇ ਸੁੱਕੇ ਤੇ ਖੁਸ਼ਕ ਦੇ ਅਰਥ ਲਏ ਹਨ - ਕਾਠ ਦੀ ਰੋਟੀ ਕਹਿਕੇ ਦਸਾਂ ਨੋਹਾਂ ਦੀ ਕਮਾਈ ਨਾਲ ਪਕਾਈ ਸੁੱਕੀ ਰੋਟੀ ਤੋਂ ਭਾਵ ਲਿਆ ਹੈ। ਇਸ ਲਈ ਇਥੇ ਸ਼ਬਦ ਦੀ ਲਕਸ਼ਣਾ ਸ਼ਕਤੀ ਤੋਂ ਕੰਮ ਲਿਆ ਗਿਆ ਹੈ —

ਫ਼ਰੀਦਾ ਰੋਟੀ ਮੇਰੀ ਕਾਠ ਕੀ ਲਾਵਣ ਮੇਰੀ ਭੁਖ।।
ਜਿਨ੍ਹਾਂ ਖਾਧੀ ਚੋਪੜੀ ਘਣੇ ਸਹਿਣਗੇ ਦੁਖ।।

## 5. ਸ਼ਬਦ ਚੋਣ :-

ਵਿਦਵਾਨਾਂ ਦਾ ਵਿਚਾਰ ਹੈ ਕਿ ਮਹਾਨ ਕਵੀ ਕਵਿਤਾ ਰਚਨ ਸਮੇਂ 'ਸ਼ਬਦ' ਦੀ ਚੋਣ ਬੜੇ ਧਿਆਨ ਨਾਲ ਕਰਦਾ ਹੈ। ਸ਼ਬਦ ਕਵਿਤਾ ਵਿਚ ਇਸ ਤਰ੍ਹਾਂ ਜੜੇ ਜਾਂਦੇ ਹਨ ਕਿ ਜੇ ਸ਼ਬਦ ਨੂੰ ਉਥੋਂ ਕੱਢ ਕੇ ਉਸ ਦੀ ਜਗ੍ਹਾ ਉਪਰ ਕੋਈ ਦੂਸਰਾ ਸਮਾਨਅਰਥਕ ਸ਼ਬਦ ਜੋੜ ਦਿੱਤਾ ਜਾਏ ਤਦ ਸਾਰਾ ਸ਼ਿਅਰ ਹੀ ਬੇਕਾਰ ਹੋ ਜਾਏ। ਫ਼ਰੀਦ ਬਾਣੀ ਵਾਚਿਆ ਘੋਖਿਆ ਅਤੇ ਪਰਖਿਆ ਇਹ ਸਾਫ਼ ਪਤਾ ਚਲ ਜਾਂਦਾ ਹੈ ਕਿ ਫ਼ਰੀਦ ਜੀ ਦੀ ਸ਼ਬਦ-ਚੋਣ ਕਮਾਲ ਦਰਜੇ ਦੀ ਹੈ। ਸ਼ਬਦਾਂ ਦੀ ਮਿਠਾਸ ਉੱਚੇ ਦਰਜੇ ਦੀ ਹੈ। ਸੰਸਾਰ ਅੰਦਰ ਬਹੁਤ ਸਾਰੀਆਂ ਚੀਜ਼ਾਂ ਮਿੱਠੀਆਂ ਹਨ, ਪਰ ਫ਼ਰੀਦ ਜੀ ਕਹਿੰਦੇ ਹਨ ਕਿ ਰੱਬ ਜਾਂ ਰੱਬ ਦਾ ਨਾਮ ਇਤਨਾ ਮਿੱਠਾ ਹੈ ਕਿ ਦੁਨੀਆ ਦੀ ਕੋਈ ਵੀ ਵਸਤੂ ਉਸ ਦੀ ਬਰਾਬਰੀ ਨਹੀਂ ਕਰ ਸਕਦੀ। ਇਸ ਆਸ਼ੇ ਨੂੰ ਪ੍ਰਗਟ ਕਰਨ ਲਈ ਮਹਾਨ ਕਵੀ ਫ਼ਰੀਦ ਜੀ ਨੇ ਜੋ ਸ਼ਬਦ ਚੁਣੇ ਹਨ, ਉਥੇ ਕਮਾਲ ਦਿਖਾਇਆ ਹੈ :

ਫ਼ਰੀਦਾ ਸਕਰ ਖੰਡੁ ਨਿਵਾੜ ਗੁੜੁ ਮਾਖਿਉ ਮਾਝਾ ਦੁਧੁ।।
ਸਭੇ ਵਸਤੂ ਮਿਠੀਆ ਰਬ ਨ ਪੁਜਨਿ ਤੁਧੁ।।

ਫ਼ਰੀਦ ਜੀ ਨੇ ਆਪਣੀ ਕਵਿਤਾ ਨੂੰ ਸੰਵਾਰਨ ਤੇ ਸੁੰਦਰ ਬਣਾਉਣ ਲਈ ਕਮਾਲ ਦਰਜੇ ਦੇ ਸਮਾਸ ਘੜੇ ਹਨ। ਐਸੇ ਸ਼ਬਦਾਂ ਦੇ ਪ੍ਰਯੋਗ ਕਾਰਣ ਫ਼ਰੀਦ ਬਾਣੀ ਰੰਗ-ਬਿਰੰਗੇ ਫੁਲਾਂ ਦਾ ਗੁਲਦਸਤਾ ਬਣ ਗਈ ਹੈ। ਬਾਬਾ ਫ਼ਰੀਦ ਦੀ ਸ਼ਬਦ-ਘਾੜਨ ਦੀ ਕਲਾ ਨੂੰ ਦੇਖੋ :

| | | | |
|---|---|---|---|
| ਸੰਮਿ | (ਸੋਕੇ) | ਰੰਗਾਵਲਾ | (ਰੰਗੀਲਾ) |

| | | | |
|---|---|---|---|
| ਦਰਵੇਸਾਵੀ | (ਦਰਵੇਸ਼ਾ ਵਾਲੀ) | ਹੋਕੜੇ | (ਇਕੱਲਾ) |
| ਖਟਣ ਵੇਲ | (ਖਟਣ ਦਾ ਵੇਲਾ) | ਨਿਸਖਣ | (ਬਿਲਕੁੱਲ ਸਖਣਾ) |
| ਨਿਦੋਸਾ | (ਨਿਰਦੋਸ਼) | ਕਾਲੀ | (ਕਾਲੇ ਕੇਸਾਂ) |
| ਮਰਣ | (ਮੌਤ) | ਧਉਲੀ | (ਚਿੱਟੇ ਵਾਲਾਂ) |
| ਚਬਣ | (ਦੰਦ) | ਪਾਸੁ | (ਪਾਸੋਂ) |
| ਚਲਣ | (ਲੱਤਾਂ) | ਮਚਾਂਗਵਾ | (ਚੰਗਾ ਨਹੀਂ) |
| ਵਿਛਾਵਣ | (ਬਿਸਤਰ) | ਗਾਲਾਇ | (ਬੋਲ) |
| | | ਖਵਣੁ | (ਸਹਿਣ) |

ਫ਼ਰੀਦ ਜੀ ਨੇ ਲੋੜ ਅਨੁਸਾਰ ਮਿਥਿਹਾਸਕ ਸ਼ਬਦਾਂ ਨੂੰ ਆਪਣੀ ਰਚਨਾ ਵਿਚ ਬੜੇ ਹੀ ਕਲਾਤਮਕ ਢੰਗ ਨਾਲ ਵਰਤਿਆ ਹੈ ਤੇ ਇਸ ਵਿਧੀ ਨਾਲ ਆਪਣੇ ਆਸ਼ਿਆਂ ਨੂੰ ਸਪੱਸ਼ਟ ਕੀਤਾ ਹੈ।

| | | |
|---|---|---|
| ਪੁਰਸਲਾਤ (ਪੁਲਿ ਸਰਾਤ) | : | ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ।। (1) |
| ਦੋਜਕ (ਦੋਜ਼ਖ) | : | ਅਗੈ ਮੂਲ ਨ ਆਵਸੀ ਦੋਜਕ ਸੰਦੀ ਭਾਹਿ।। (4) |
| ਸੈਤਾਨਿ (ਸ਼ੈਤਾਨ) | : | ਜੋ ਸੈਤਾਨਿ ਵਞਾਇਆ ਸੇ ਕਿਤ ਫੇਰਹਿ ਚਿਤ।। (5) |
| ਅਜਰਾਈਲ (ਅਜ਼ਰਾਇਲ) | : | ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ।। (68) |
| ਮਲਕਤੁ ਮਉਤ | : | ਮੁਲਕੁਤ ਮਉਤ ਜਾ ਆਵਸੀ ਸਭ ਦਰਵਾਜੇ ਭੰਨਿ।। (100) |

## 6. ਸੰਖੇਪਤਾ :-

ਸਿਆਣਿਆ ਦਾ ਕਥਨ ਹੈ ਕਿ ਸ਼ਾਇਰ ਦੀ ਕਾਵਿ-ਕਲਾ ਉਥੇ ਜਿਆਦਾ ਉਘੜਦੀ ਤੇ ਨਿੱਖਰਦੀ ਹੈ, ਜਿਥੇ ਉਹ ਵੱਡੇ ਮਜ਼ਮੂਨਾਂ ਨੂੰ ਥੋੜੇ ਜਿਹੇ ਸ਼ਬਦਾਂ ਵਿਚ ਪ੍ਰਗਟ ਕਰ ਦੇਵੇ। ਸਾਡੇ ਵਿਚਾਰ ਵਿਚ ਹਿੰਦੀ ਦੇ ਮਹਾਨ ਕਵੀ ਬਿਹਾਰੀ ਵਾਂਗ, ਫਰੀਦ ਜੀ ਦੇ ਸਲੋਕ ਅਜੇਹੇ ਤੀਰ ਹਨ ਜੋ ਚੋਭ ਦਾ ਅਸਰ ਬਹੁਤ ਹੀ ਤੀਖਣ ਰੱਖਦੇ ਹਨ। ਬਾਬਾ ਫ਼ਰੀਦ ਨੇ ਵਾਸਤਵ ਵਿਚ ਬਹੁਤ ਹੀ ਸੰਖੇਪਤਾ ਤੋਂ ਕੰਮ ਲਿਆ ਹੈ —

ਪਰਮਾਤਮਾ ਦੀ ਹੋਂਦ, ਉਸ ਦੀ ਵਿਸ਼ਵ-ਵਿਆਪਕਤਾ, ਇਨਸਾਨੀਅਤ ਦਾ ਪ੍ਰਚਾਰ, ਪਰਮਾਤਮਾ ਦੀ ਏਕਤਾ ਆਦਿ ਵੱਡੇ ਵੱਡੇ ਮਜ਼ਮੂਨਾਂ ਨੂੰ ਫ਼ਰੀਦ ਜੀ ਨੇ ਚੰਦ-ਇਕ ਸ਼ਬਦਾਂ ਵਿਚ ਪ੍ਰਗਟਾਇਆ ਹੈ :

ਸਭਨਾ ਮਨ ਮਾਣਕ ਠਹੁਣ ਮੂਲ ਮਚਾਂਗਵਾ
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ।। (130)
... ..... ..... .... .... .... .. .... .... ... ... ... ... ..
ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ।।
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ।। (129)

## 7. ਨਵੀਨਤਾ :

ਸੰਸਾਰ ਦੀ ਨਾਸ਼ਮਾਨਤਾ ਨੂੰ ਬਾਬਾ ਫਰੀਦ ਜੀ ਨੇ ਕਈ ਇਕ ਨਵੇਂ ਢੰਗ ਨਾਲ ਪ੍ਰਗਟ ਕੀਤਾ ਹੈ -

ਫ਼ਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈਂ ਡਿਠੁ।
ਕਜਲ ਰੇਖ ਨ ਸਹਦਿਆਂ ਸੇ ਪੰਖੀ ਸੁਇ ਬਹਿਠੁ।। (14)

ਬਾਬਾ ਫਰੀਦ ਜੀ ਸਬਰ ਦੀ ਸਿੱਖਿਆ ਇੰਜ ਨਵੇਂ ਰੰਗ ਵਿਚ ਦਿੰਦੇ ਹਨ —

ਰੁਖੀ ਸੁਖੀ ਖਾਇ ਕੇ ਠੰਡਾ ਪਾਣੀ ਪੀਉ।
ਫ਼ਰੀਦਾ ਦੇਖਿ ਪਰਾਇ ਚੋਪੜੀ ਨ ਤਰਸਾਈ ਜੀਉ।। (29)

ਫ਼ਰੀਦ ਜੀ ਦੇ ਹਰ ਸਲੋਕ ਦਾ ਭਾਵ ਰੂਹਾਨੀ ਤੱਤਾਂ ਨੂੰ ਸੰਭਾਲੀ ਬੈਠਾ ਹੈ। ਮਤਲਬ ਇਹ ਕਿ ਫ਼ਰੀਦ ਬਾਣੀ ਵਿਚ ਉੱਤਮ ਭਾਵਾਂ ਦਾ ਸੁਮੇਲ ਹੈ :

ਫ਼ਰੀਦਾ ਜਿੰਨੀ ਕੰਮੀ ਨਾਹਿ ਗੁਣ ਸੇ ਕਮੜੇ ਵਿਸਾਰਿ।
ਮਤ ਸਰਮਿੰਦਾ ਥੀਵਹੀ ਸਾਂਈ ਦੇ ਦਰਬਾਰਿ।। (59)

**9. ਬੁਧੀ ਤੱਤ :**

ਫ਼ਰੀਦ ਜੀ ਨੇ ਆਪਣੇ ਆਸ਼ੇ ਨੂੰ ਦਲੀਲ ਤੇ ਦ੍ਰਿਸ਼ਟਾਂਤ ਦੇਕੇ ਜਿਥੇ ਸਮਝਾਇਆ ਹੈ, ਉਥੇ ਹੀ ਬੁੱਧੀ ਤੱਤ ਤੋਂ ਵੀ ਕੰਮ ਲਿਆ ਗਿਆ ਹੈ :

ਫ਼ਰੀਦਾ ਵੇਖੁ ਕਪਾਹੈ ਕਿ ਥੀਆ, ਤਿਲਾਹ।।
ਕਮਾਦੈ ਅਰ ਕਾਗਦੈ ਕੁੰਨੇ ਕੋਇਲਿਆਹ।।
ਮੰਦੇ ਅਮਲ ਕਰੇਦਿਆਂ ਇਹ ਸਜਾਇ ਤਿਨਾਹ।। (49)

**10. ਕਲਪਨਾ ਤੱਤ :**

ਫ਼ਾਰਸੀ ਤੇ ਉਰਦੂ ਸ਼ਾਇਰੀ ਪਰਖਣ ਲਈ ਦੋ ਵੱਡੀਆਂ ਕਸਵੱਟੀਆਂ ਹਨ ਜਿਨ੍ਹਾਂ ਵਿਚ ਤਖੱਈਅਲ (ਕਲਪਨਾ) ਨੂੰ ਵਧੇਰੇ ਮਹੱਤਤਾ ਦਿੱਤੀ ਗਈ ਹੈ। ਸ਼ਾਇਰ ਕਲਪਨਾ ਸ਼ਕਤੀ ਦੇ ਆਧਾਰ ਤੇ ਬਹੁਤ ਉਚੀਆਂ ਉਡਾਰੀਆਂ ਲਾਉਂਦਾ ਹੈ ਤੇ ਉੱਚ ਕੋਟੀ ਦੇ ਮਜ਼ਮੂਨ ਬੰਨ੍ਹਦਾ ਹੈ। ਬਿਨ੍ਹਾਂ ਕਲਪਨਾ ਸ਼ਕਤੀ ਦੇ ਸ਼ਾਇਰ ਬਿਨ ਖੰਭਾਂ ਦਾ ਪੰਛੀ ਹੈ। ਫ਼ਰੀਦ ਬਾਣੀ ਵਿਚ ਕਲਪਨਾ ਦੀਆਂ ਕਾਫ਼ੀ ਉਡਾਰੀਆਂ ਮੌਜੂਦ ਹਨ :

ਫ਼ਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ।।
ਗੜ੍ਹਲੀਤਾ, ਘਟੁ ਲੁਟਿਆ ਦੀਵੜੇ ਗਇਆ ਬੁਝਾਇ।। (48)

ਪ੍ਰੋਫ਼ੈਸਰ ਸ਼ਿਬਲੀ ਕਾਵਿ ਗੁਣਾਂ ਬਾਰੇ ਬਹਿਸ ਕਰਦੇ ਹੋਏ ਦਸਦੇ ਹਨ ਕਿ ਕਵਿਤਾ ਨੂੰ ਸੰਗੀਤ ਬਹੁਤ ਹੀ ਅਸਰਦਾਰ ਬਣਾਉਂਦਾ ਹੈ। ਸੰਗੀਤਮਈ ਕਾਵਿ, ਪੁਰ-ਅਸਰ ਹੋਣ ਕਰਕੇ ਸਿੱਧਾ ਮਨ ਉੱਪਰ ਅਸਰ ਕਰਦਾ ਹੈ। ਇਹੋ ਕਾਰਣ ਹੈ ਕਿ ਸੂਫ਼ੀਆਂ ਦੀ ਬਾਣੀ ਸਰੋਦੀ ਹੈ। ਸਿਆਣਿਆਂ ਨੇ ਸਰੋਦੀ ਰਚਨਾ ਦੇ ਮੁੱਖ ਲੱਛਣ ਇਹ ਦੱਸੇ ਹਨ :

1. ਅਨੁਭਵ ਦੀ ਤੀਖਣਤਾ 2. ਦਾਰਸ਼ਨਿਕ ਡੂੰਘਾਈ 3. ਪ੍ਰਗਟਾ ਦਾ ਮੁਹਰਾਪਨ 4. ਰੂਪ ਦੀ ਸੁੰਦਰਤਾ

ਫ਼ਰੀਦ ਬਾਣੀ ਉਪਰੋਕਤ ਗੁਣਾਂ ਵਾਲੀ ਹੈ ਤੇ ਉੱਤਮ ਸਰੋਦੀ ਰਚਨਾ ਹੈ। ਮਹਾਂ ਕਵੀ ਫ਼ਰੀਦ ਦੀ ਇਹ ਸਿਫ਼ਤ ਹੈ ਕਿ ਉਹ ਆਪਣੇ ਰੂਹਾਨੀ ਵਿਚਾਰਾਂ ਨੂੰ ਭਾਵਾਤਮਕ ਬਣਾ ਕੇ ਵਲਵਲੇ ਅਤੇ ਅਨੁਭਵ ਕੀਤੇ ਜਜ਼ਬਿਆਂ ਵਿਚ ਰੰਗ ਕੇ ਪੇਸ਼ ਕਰਦਾ ਹੈ :

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ।।
ਬਾਵਲਿ ਹੋਈ ਸੋ ਸਹੁ ਲੋਰਉ।।
ਤੈ ਸਹਿ ਮਨ ਮਹਿ ਕੀਆ ਰੋਸੁ।।
ਮੁਝ ਅਗਵਨ ਸਹ ਨਾਹੀ ਦੋਸੁ।। (794)

ਉਪਰੋਕਤ ਸ਼ਬਦ ਉੱਤਮ ਸਰੋਦੀ ਕਵਿਤਾ ਦਾ ਨਮੂਨਾ ਹਨ ਕਿਉਂਕਿ ਇਹ ਦਿਲ ਵਿਚੋਂ ਨਿਕਲੇ ਹਨ। ਇਸ ਲਈ ਫ਼ਰੀਦ ਜੀ ਦੇ ਕੁਝ ਸਲੋਕ ਜੋ ਵੈਰਾਗਪੂਰਨ ਹਨ ਉਹਨਾਂ ਵਿਚ ਇਕ ਖਾਸ ਕਿਸਮ ਦੀ ਮਿਠਾਸ ਹੈ, ਜਜ਼ਬੇ ਦੀ ਬਹੁਲਤਾ ਹੈ ਜਿਸਨੇ ਇਨ੍ਹਾਂ ਸਲੋਕਾਂ ਨੂੰ ਉਚ ਕੋਟੀ ਦੇ ਸਰੋਦੀ ਬਣਾ ਦਿੱਤਾ ਹੈ। ਇਹ ਸੰਗੀਤ ਦਾ ਚਸ਼ਮਾ ਵੀ ਹਨ ਤੇ ਕ੍ਰਿਸ਼ਮਾ ਵੀ :

(1) ਕੰਧੀ ਉਤੇ ਰੁਖੜਾ ਕਿਚਰਕੁ ਬੰਨੈ ਧੀਰ।।
ਫ਼ਰੀਦਾ ਕੱਚੇ ਭਾਂਡੇ ਰਖੀਏ ਕਿਚਰੁ ਤਾਈ ਨੀਰੁ।।

ਉਪਰ ਅਸਾਂ ਫ਼ਰੀਦ ਬਾਣੀ ਨੂੰ ਕਾਵਿ ਕਲਾ ਦੇ ਪੱਖੋਂ ਪਰਖਿਆ ਹੈ। ਹੁਣ ਅਸੀਂ ਫ਼ਰੀਦ ਬਾਣੀ ਦੀ ਬੋਲੀ ਬਾਰੇ ਵਿਚਾਰ ਕਰਾਂਗੇ।

**ਫ਼ਰੀਦ ਬੋਲੀ :**

ਪੰਜਾਬੀ ਭਾਸ਼ਾ ਤੇ ਪੰਜਾਬੀ ਸਾਹਿਤ ਦੇ ਅਧਿਐਨ ਤੋਂ ਇਹ ਹਕੀਕਤ ਸਪੱਸ਼ਟ ਹੁੰਦੀ ਹੈ ਕਿ ਪੰਜਾਬੀ ਭਾਸ਼ਾ ਜਾਂ ਕੇਂਦਰੀ ਪੰਜਾਬੀ (ਮਾਝੀ) ਦੇ ਆਧੁਨਿਕ ਰੰਗ ਵਿਚ ਵਿਕਾਸਸ਼ੀਲ ਹੋਣ ਤੋਂ ਪਹਿਲਾਂ ਇਸ ਦੀ ਉਪ ਭਾਸ਼ਾ ਲਹਿੰਦੀ ਵਿਕਾਸਸ਼ੀਲ ਹੋਈ ਸੀ, ਕਿਉਂਕਿ ਅਰਬਾਂ ਦੇ ਕਬਜ਼ੇ ਨਾਲ ਹੀ 712 ਈ: ਵਿਚ ਮੁਲਤਾਨ ਸਿੰਧ ਪ੍ਰਾਂਤ ਦੀ ਰਾਜਧਾਨੀ ਬਣਿਆ ਜਿਸ ਨੂੰ ਉਨ੍ਹਾਂ ਤਲਵਾਰ ਦੇ ਜ਼ੋਰ ਨਾਲ ਅਰਬੀ ਇਲਾਕੇ ਵਿਚ ਸ਼ਾਮਿਲ ਕਰ ਲਿਆ। ਫਲਸਰੂਪ ਇਥੋਂ

ਲਹਿੰਦੀ ਉਪ ਭਾਸ਼ਾ ਤੇ ਕੇਂਦਰੀ ਪੰਜਾਬੀ ਨਾਲੋਂ ਅਰਬੀ ਫ਼ਾਰਸੀ ਦਾ ਅਸਰ ਪਹਿਲਾਂ ਪੈਣਾ ਆਰੰਭ ਹੋਇਆ। ਅਜਿਹਾ ਜਾਪਦਾ ਹੈ ਕਿ ਇਸ ਵੇਲੇ ਸ਼ਾਇਦ ਇਸੇ ਨੂੰ ਹੀ ਪੰਜਾਬੀ ਕਿਹਾ ਜਾਂਦਾ ਹੋਵੇ ਅਤੇ ਮਿਆਰੀ ਬੋਲੀ ਖਿਆਲ ਕੀਤੀ ਜਾਂਦੀ ਹੋਵੇ। ਪਿਛੋਂ ਸੋਲਵ੍ਹੀਂ ਸਦੀ ਵਿਚ ਜਦੋਂ 'ਗੁਰੂ ਨਾਨਕ ਦੇਵ ਜੀ' ਨੇ ਰਚਨਾ ਕੀਤੀ ਅਤੇ ਕੇਂਦਰੀ ਪੰਜਾਬੀ (ਮਾਝੀ) ਨੂੰ ਪ੍ਰਾਥਮਿਕਤਾ (ਪਹਿਲ) ਬਖਸ਼ੀ, ਤਦ ਤੋਂ ਹੀ ਮਾਝੀ ਮਿਆਰੀ ਬੋਲੀ ਦਾ ਦਰਜਾ ਹਾਸਲ ਕਰ ਗਈ।

**'ਪੰਜਾਬੀ ਭਾਸ਼ਾ'** ਜਿਸ ਬੋਲੀ ਨੂੰ ਬਾਬਾ ਫ਼ਰੀਦ ਨੇ ਅਪਣਾਇਆ ਉਸ ਦਾ ਮੁਢ, ਰਿਗਵੇਦ ਦੀ ਰਚਨਾ ਸਮੇਂ ਦੀ ਅਰਿਆਈ ਲੋਕ ਬੋਲੀ ਨਾਲ ਜਾ ਜੁੜਦਾ ਹੈ, ਜੋ ਉਸ ਵੇਲੇ ਦੀ ਅਰਿਆਈ ਪ੍ਰਾਕ੍ਰਿਤਕ ਜਾਂ ਵੈਦਿਕ ਸੰਸਕ੍ਰਿਤ ਸੀ। ਸਮੇਂ ਸਮੇਂ ਸਾਡੀ ਬੋਲੀ ਵੈਦਿਕ ਸੰਸਕ੍ਰਿਤ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਦੇ ਪੜਾਵਾਂ ਨੂੰ ਤੈਅ ਕਰਦੀ ਹੋਈ ਜਦ ਫ਼ਰੀਦ ਜੀ ਦੇ ਸਮੇਂ ਤਕ ਪੁਜਦੀ ਹੈ, ਹੋਰ ਨਾਵਾਂ ਨਾਲ ਪੁਕਾਰੀ ਜਾਂਦੀ ਰਹੀ ਸੀ। ਕਿਸੇ ਵੇਲੇ ਮਾਝੀ ਤੇ ਲਹਿੰਦੀ, 'ਕੈਕਯ' ਬੋਲੀ ਦੇ ਨਾਂ ਨਾਲ ਪ੍ਰਸਿੱਧ ਸੀ ਤੇ ਅੱਗੇ ਜਾ ਕੇ ਮਾਝੀ ਟੱਕ-ਜਾਤੀ ਦੇ ਰਾਜ ਕਾਰਨ, ਟੱਕੀ ਦੇ ਨਾਂ ਨਾਲ ਪ੍ਰਸਿੱਧ ਹੋਈ। ਮੁਲਤਾਨ ਅੰਦਰ ਕੈਕਯ ਬੋਲੀ, ਲਹਿੰਦੀ ਨਾਂ ਨਾਲ ਮਸ਼ਹੂਰ ਹੋਈ ਕਿਉਂਕਿ ਮੁਲਤਾਨ ਪੰਜਾਬ ਦਾ ਪੱਛਮ ਭਾਗ ਸੀ, ਜਿਸ ਬੰਨੇ ਸੂਰਜ ਛੁਪਦਾ ਹੈ ਤੇ ਜਿਸ ਨੂੰ ਲਹਿੰਦਾ ਕਿਹਾ ਜਾਂਦਾ ਹੈ। ਗਜ਼ਨੀ ਰਾਜ ਸਮੇਂ ਸਾਅਦ ਬਿਨ ਸੁਲੇਮਾਨ ਨੇ, ਜੋ ਲਾਹੋਰ ਦਾ ਜੰਮ-ਪਲ ਸੀ, ਲਾਹੋਰ ਅੰਦਰ ਬੋਲੀ ਜਾਣ ਵਾਲੀ ਬਾਜ਼ਾਰੀ ਜ਼ੁਬਾਨ (ਅਲਬਰੂਨੀ ਅਨੁਸਾਰ) ਵਿਚ ਆਪਣਾ ਇਕ ਦੀਵਾਨ ਲਿਖਿਆ, ਜੋ ਅੱਜ ਕੱਲ੍ਹ ਦਸਤਯਾਬ ਨਹੀਂ। ਮੁਸਲਮਾਨ ਇਸ ਜ਼ੁਬਾਨ ਨੂੰ 'ਹਿੰਦਵੀ' ਨਾਂ ਨਾਲ ਪੁਕਾਰਦੇ ਹਨ। ਸਾਡਾ ਇਥੇ ਹਿੰਦਵੀ ਕਹਿਣ ਤੋਂ ਮਤਲਬ ਇਹ ਹੈ ਕਿ ਮੁਲਤਾਨ ਤੇ ਲਾਹੋਰ ਵਿਚ ਬੋਲੀ ਜਾਣ ਵਾਲੀ ਭਾਸ਼ਾ ਨੂੰ ਹਿੰਦਵੀ ਕਿਹਾ ਜ਼ਾਂਦਾ ਸੀ। ਇਸ ਸਥਾਨਕ ਹਿੰਦਵੀ ਵਿਚ ਫ਼ਰੀਦ ਨੇ ਆਪਣੇ 112 ਸਲੋਕ ਤੇ ਚਾਰ ਸ਼ਬਦ ਰਚੇ। ਬਾਬਾ ਫਰੀਦ ਜੀ ਮਗਰੋਂ, ਨਜ਼ਾਮਉਦੀਨ ਔਲੀਆ ਤੇ ਮੁਰੀਦ, 'ਅਮੀਰ ਖੁਸਰੋ' 'ਸਪੈਹਰ ਨਾਮਾ' ਪੁਸਤਕ ਵਿਚ ਸਥਾਨਕ ਰੰਗ ਨੂੰ ਮੁੱਖ ਰੱਖ ਕੇ ਪੰਜਾਬ ਵਿਚ ਬੋਲੀ ਜਾਣ ਵਾਲੀ ਪੰਜਾਬੀ ਨੂੰ ਮੁਲਤਾਨ ਤੇ ਲਾਹੋਰ ਦੀ ਨਿਸਬਤ ਨਾਲ 'ਮੁਲਤਾਨੀ ਬੋਲੀ ਤੇ 'ਲਾਹੋਰੀ' ਬੋਲੀ ਕਹਿੰਦਾ ਹੈ।

ਅਮੀਰ ਖੁਸਰੋ ਬਾਬਾ ਫ਼ਰੀਦ ਦੇ ਮੁਰੀਦ ਦਾ ਮੁਰੀਦ ਸੀ। ਸੋ ਉਸ ਵੇਲੇ ਭਾਵ ਫ਼ਰੀਦ ਜੀ ਦੇ ਸਮੇਂ ਲਹਿੰਦੀ ਨੂੰ ਮੁਲਤਾਨੀ ਵੀ ਕਹਿੰਦੇ ਹੋਣਗੇ। ਇਹੋ ਬੋਲੀ ਅੱਜ ਪਾਕਿਸਤਾਨ ਵਿਚ 'ਸਰਾਇਕੀ' ਨਾਮ ਨਾਲ ਪ੍ਰਸਿੱਧ ਹੈ। ਸੰਨ 900 ਈ: ਵਿਚ ਮੁਲਤਾਨੀ ਬੋਲੀ ਵਿਕਾਸ ਕਰਦੀ ਹੋਈ ਅਪਭ੍ਰੰਸ਼ ਨਾਲੋਂ ਨਿੱਖੜ ਚੁੱਕੀ ਸੀ ਅਤੇ ਅਜੋਕੀ ਮੁਲਤਾਨੀ ਦੇ ਮੁੱਢਲੇ ਸੁੰਤਤਰ ਰੂਪ ਵਿਚ ਲੋਕ ਬੁਲ੍ਹਾਂ ਉਪਰ ਚਾਲੂ ਸੀ। ਫ਼ਾਰਸੀ ਅਰਬੀ ਸ਼ਬਦਾਵਲੀ ਲੋਕ ਰੁਚੀਆਂ ਅਨੁਸਾਰ ਤਦਭਵ ਤੇ ਤਤਸਮ ਸ਼ਬਦਾਂ ਦੇ ਰੂਪ ਵਿਚ ਇਸ ਬੋਲੀ ਅੰਦਰ ਸ਼ਾਮਿਲ ਹੋਕੇ ਰਚ-ਮਿਚ ਗਈ ਸੀ ਤੇ ਇਸ ਦਾ ਇਕ ਅਨਿਖੜਵਾਂ ਅੰਗ ਬਣ ਗਈ ਸੀ। ਅੱਜ ਵੀ ਇਸ ਬੋਲੀ ਦੀਆਂ ਕ੍ਰਿਆਵਾਂ ਵਿਚ ਉਸ ਪ੍ਰਾਚੀਨਤਾ ਨੂੰ ਦੇਖ ਸਕਦੇ ਹਾਂ। ਏਥੇ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਲਾਹੋਰੀ ਬੋਲੀ (ਮਾਝੀ ਬੋਲੀ ਕੇਂਦਰੀ ਪੰਜਾਬੀ) ਕਾਫ਼ੀ ਵਿਕਾਸ ਕਰ ਚੁੱਕੀ ਸੀ, ਕਿਉਂਕਿ ਇਸ ਸਮੇਂ ਗਜ਼ਨੀ ਰਾਜ ਦੀ ਰਾਜਧਾਨੀ ਮੁਲਤਾਨ ਦੀ ਥਾਂ ਲਾਹੌਰ ਸੀ ਜੋ ਮੁਸਲਮਾਨਾਂ, ਸੂਫ਼ੀਆਂ ਤੇ ਆਲਮਾਂ ਦਾ ਗੜ੍ਹ ਬਣ ਚੁੱਕਾ ਸੀ।

ਲਾਹੌਰੀ ਬੋਲੀ ਦੀਆਂ ਕ੍ਰਿਆਵਾਂ ਸੰਜੋਗਾਤਮਕ ਅਵਸਥਾ ਤੋਂ ਨਿਕਲ ਕੇ ਨਿਖੱੜਵੀਂ ਸ਼ਕਲ (ਵਿਜੋਗਾਤਮਕ ਅਵਸਥਾ) ਪ੍ਰਾਪਤ ਕਰ ਚੁੱਕੀਆਂ ਸਨ ਜਦ ਕਿ ਮੁਲਤਾਨੀ ਬੋਲੀ ਅਜੇ ਸੰਜੋਗਾਤਮਕ ਅਵਸਥਾ ਨੂੰ ਹੰਡਾਅ ਰਹੀ ਸੀ ਅਤੇ ਇਸ ਦਾ ਸਬੂਤ ਫ਼ਰੀਦ ਬਾਣੀ ਵਿਚੋਂ ਮਿਲ ਜਾਂਦਾ ਹੈ। ਮੁਲਤਾਨੀ (ਲਹਿੰਦੀ) ਵਿਚ ਬਾਬਾ ਫ਼ਰੀਦ ਨੇ ਆਪਦਾ ਪੰਜਾਬੀ ਕਲਾਮ ਰਚਿਆ। ਕਿਉਂ ਕਿ ਆਪ ਅਰਬੀ-ਫ਼ਾਰਸੀ ਦੇ ਉੱਚ ਕੋਟੀ ਦੇ ਆਲਮ ਵਿਦਵਾਨ ਤੇ ਸ਼ਾਇਰ ਸਨ ਇਸ ਲਈ ਕੁਦਰਤਲ, ਆਪ ਦੀ ਬੋਲੀ ਵਿਚ ਲੋਕ ਰੁਚੀਆਂ ਅਨੁਸਾਰ, ਇਕ 'ਲੋਕ ਕਵੀ' ਦੇ ਨਾਤੇ ਅਰਬੀ ਫ਼ਾਰਸੀ ਸ਼ਬਦਾਵਲੀ ਸਮਾਵੇਸ਼ ਕਰ ਗਈ। ਫ਼ਰੀਦ ਜੀ ਦਾ 'ਰੂਹਾਨ' ਦਰਬਾਰ, ਮਿਲੱਤ, ਮਜ਼ਹਬ, ਧਰਮ ਤੇ ਜਾਤ-ਪਾਤ ਅਤੇ ਉੱਚ-ਨੀਚ ਦੇ ਵਿਤਕਰਿਆਂ ਤੋਂ ਬਹੁਤ ਉਪਰ ਉਠ ਚੁਕਿਆ ਸੀ ਅਤੇ ਹਰੇਕ ਲਈ ਖੁੱਲ੍ਹਾ ਸੀ। ਇਸ ਲਈ ਫ਼ਰੀਦ ਜੀ ਦਾ ਸੰਪਰਕ ਆਮ ਹਿੰਦੂਆਂ, ਵਿਦਵਾਨ ਪੰਡਤਾਂ, ਸਾਧੂਆਂ-ਸੰਤਾਂ, ਨਾਥਾਂ-ਜੋਗੀਆਂ, ਸੂਫ਼ੀਆਂ, ਦਰਵੇਸ਼ਾਂ ਤੇ ਆਮ ਪੜ੍ਹੇ -ਅਨਪੜ੍ਹੇ ਮੁਸਲਮਾਨਾਂ ਨਾਲ ਹੁੰਦਾ ਸੀ। ਇਹੋ ਕਾਰਨ ਹੈ ਕਿ ਫ਼ਾਰਸੀ ਸ਼ਬਦਾਵਲੀ ਦੇ ਨਾਲ ਆਪ ਦੀ ਬੋਲੀ ਵਿੱਚ ਸਾਧੂਕੜੀ ਬੋਲੀ ਅਤੇ ਹਿੰਦੂਆਨ ਸ਼ਬਦਾਵਲੀ ਵੀ ਦਾਖਲ ਹੋ ਗਈ ਸੀ। ਸਾਈਂ ਬਾਬਾ ਫ਼ਰੀਦ ਕਾਫੀ ਸਮੇਂ ਤਕ ਲਾਹੌਰ ਅਤੇ ਦਿੱਲੀ ਵਿਚ ਮੁਕੀਮ (ਵਸਦੇ) ਰਹੇ, ਇਸ ਕਾਰਨ ਲਾਹੋਰੀ ਬੋਲੀ ਹਿੰਦਵੀ ਤੇ ਖੜੀ ਬੋਲੀ ਦੇ ਸ਼ਬਦ

ਵੀ ਆਪ ਦੀ ਭਾਸ਼ਾ ਦਾ ਅੰਗ ਬਣ ਗਏ। ਫ਼ਰੀਦ ਬਾਣੀ ਦੀ ਬੋਲੀ ਬਾਰੇ ਆਖਰੀ ਫੈਸਲਾ ਦੇਣ ਤੋਂ ਪਹਿਲਾਂ ਅਸੀਂ ਫ਼ਰੀਦ ਬੋਲੀ ਦਾ ਵਿਸ਼ਲੇਸ਼ਣ ਤੇ ਵਿਵੇਚਨ ਕਰਾਂਗੇ ਤੇ ਫੇਰ ਅੰਤਮ ਨਿਰਣੇ ਤੇ ਪੁੱਜਾਂਗੇ।

ਫ਼ਰੀਦ ਬਾਣੀ ਦੇ ਅਧਿਐਨ ਤੋਂ ਪਤਾ ਚਲਦਾ ਹੈ ਜਿਥੇ ਫ਼ਰੀਦ ਮੁਲਤਾਨੀ ਜਾਂ ਲਹਿੰਦੀ ਦੇ ਟਕਸਾਲੀ ਸ਼ਬਦ ਵਰਤਦਾ ਹੈ ਉਥੇ ਨਾਲ ਨਾਲ ਹੀ ਉਹ ਕੇਂਦਰੀ ਟਕਸਾਲੀ ਤੇ ਮਿਆਰੀ ਪੰਜਾਬੀ ਲਾਹੌਰੀ ਜਾਂ ਮਾਝੀ ਦੀ ਸ਼ਬਦਾਵਲੀ ਨੂੰ ਲੋੜ ਅਨੁਸਾਰ ਵਰਤਣੋਂ ਕੋਈ ਸੰਕੋਚ ਨਹੀਂ ਕਰਦੇ। 'ਖੜੀ ਬੋਲੀ'' ਹਿੰਦੀ ਤੇ ਉਰਦੂ ਦਾ ਅੰਸ਼ ਵੀ ਮੌਜੂਦ ਹੈ। ਜਿਥੇ ਲਹਿੰਦੀ ਬੋਲੀ ਵਰਤੀ ਹੈ, ਉਥੇ ਰੂਹਾਨੀਅਤ, ਭਾਵੁਕਤਾ, ਮੌਲਿਕਤਾ ਤੇ ਸਥਾਨਕ ਰੰਗਤ ਉਘੜੀ ਹੈ। ਮਿਠਾਸ ਇਤਨੀ ਜ਼ਬਰਦਸਤ ਹੈ, ਜੋ ਕੰਨਾਂ ਰਾਹੀਂ ਦਿਲ ਤਕ ਪੁਜ ਕੇ ਇਕ ਖਾਸ ਕਿਸਮ ਦੀ ਸ਼ਾਂਤੀ ਤੇ ਸਕੂਨ ਬਖਸ਼ਦੀ ਹੈ। ਇਨ੍ਹਾਂ ਮਿੱਠੇ-ਮਿੱਠੇ ਸ਼ਬਦਾਂ ਵਿਚ ਵਿਅਕਤ ਹੋਏ ਆਸ਼ਿਆਂ ਨੂੰ ਹਰੇਕ ਪੰਜਾਬ ਨਿਵਾਸੀ ਭਲੀ ਪ੍ਰਕਾਰ ਸਮਝ ਲੈਂਦਾ ਹੈ ਤੇ ਬਿਹਬਲ ਹੋ ਉਠਦਾ ਹੈ। ਹਿੰਦੀ ਲੋਕ ਵੀ ਫ਼ਰੀਦ ਬਾਣੀ ਦਾ ਆਨੰਦ ਮਾਣ ਸਕਦੇ ਹਨ। ਫ਼ਰੀਦ ਜੀ ਆਪਣੀ ਬੋਲੀ ਰਾਹੀਂ ਅਮੂਰਤ ਭਾਵਾਂ ਨੂੰ ਇਸ ਤਰ੍ਹਾਂ ਮੂਰਤੀਮਾਨ ਕਰਦੇ ਹਨ, ਜੋ ਮਨ ਅੰਦਰੋ ਕੁਰੇਦ ਕੇ ਵਿਕਾਰਾਂ ਦੀ ਮੈਲ ਨੂੰ ਦੂਰ ਕਰ ਦਿੰਦੇ ਹਨ–

ਫ਼ਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ।।
ਕਜਲ ਰੇਖ ਨ ਸਹਦਿਆ ਸੇ ਪੰਖੀ ਸੁਇ ਬਹਠਿ।। (14)

ਕ੍ਰਿਆਵਾਂ ਵਿਚਲੇ ਰੰਗ-ਢੰਗ ਨੂੰ ਦੇਖ ਕੇ ਇਹ ਸਿੱਟਾ ਨਿਕਲਦਾ ਹੈ ਕਿ ਫ਼ਰੀਦ ਜੀ ਨੂੰ ਮੁਲਤਾਨੀ ਦੀਆਂ ਕ੍ਰਿਆਵਾਂ ਉਪਰ ਪੂਰਾ-ਪੂਰਾ ਅਧਿਕਾਰ (ਅਬੂਰ) ਹਾਸਲ ਹੈ। ਕੁਝ ਉਦਾਹਰਣਾਂ ਨਿਮਨ ਅਨੁਸਾਰ ਹਨ :

ਮਹਇ, ਘੱਤ ਮੰਗੇਸੀਆ, ਲੈ ਜਾਸੀ ਪਰਣਾਇ, ਜੇ ਲੱਭੇ ਸਭ ਕੋਇ, ਕੂਕੇਦਿਆਂ, ਚਾਗੇਂਦਿਆਂ, ਕਰੇਂਦੀ, ਤਕੇਂਦੀ, ਰਾਵੈ, ਲਤਾੜੀਅਹਿ, ਭਵਿਓਮ, ਬਹਿਠ, ਮਿਲਿਆਸੁ, ਵੰਞਣਾ, ਥੀਐ ਮਚਾਂਗਵਾਂ, ਠਾਹਿ, ਬਲਿੰ, ਥੀਵਹਿ ਆਦਿ।

ਫ਼ਾਰਸੀ ਵਿਚ ਉੱਤਮ ਪੁਰਖ, ਇਕ ਵਚਨ ਦਾ ਚਿੰਨ੍ਹ – 'ਮ' ਹੁੰਦਾ ਹੈ। ਫ਼ਰੀਦ ਬਾਣੀ ਵਿਚ ਇਸ ਦਾ ਪ੍ਰਯੋਗ ਮਿਲਦਾ ਹੈ।

ਫ਼ਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮ।।
ਅਜ ਫ਼ਰੀਦਾ ਕੂਜੜਾ ਸੈ ਕੋਹਾਂ ਥੀਓਮ।। (20)

'ੜ' ਧੁਨੀ ਬਾਰੇ ਵਿਗਿਆਨੀਆਂ ਦਾ ਖਿਆਲ ਹੈ ਕਿ ਸ਼ਾਇਦ ਇਹ ਧੁਨੀ ਪੰਜਾਬੀ ਵਿਚ ਦਰਾਵੜੀ ਜ਼ੁਬਾਨ ਤੋਂ ਆਈ ਹੋਵੇ ਕਿਉਂਕਿ ਆਰੀਆ ਲੋਕਾਂ ਦੇ ਆਉਣ ਤੋਂ ਪਹਿਲਾਂ ਪੰਜਾਬ ਅੰਦਰ ਦਰਾਵੜ ਵਸਦੇ ਸਨ ਤੇ ਇਸ ਇਲਾਕੇ ਵਿਚ ਦਰਾਵੜੀ ਬੋਲੀ ਪ੍ਰਚਲਿਤ ਸੀ, ਜਿਸ ਦੇ ਮੱਧਮ-ਮੱਧਮ ਚਿੰਨ੍ਹ ਅੱਜ ਵੀ ਬਲੋਚਿਸਤਾਨ ਵਿਚ 'ਬਰੂਹੀ ਬੋਲੀ' ਵਿਚ ਪਾਏ ਜਾਂਦੇ ਹਨ। 'ਬ੍ਰਹਮੀ' ਲਿਪੀ ਵਿਚ 'ੜ' ਦੀ ਹੋਂਦ ਮੌਜੂਦ ਹੈ। ਪੰਜਾਬੀ ਨੇ ਇਸ ਪ੍ਰਾਚੀਨ ਧੁਨੀ ਨੂੰ ਸੰਭਾਲ ਰੱਖਿਆ ਹੈ ਅਤੇ ਮੁਸਲਮਾਨਾਂ ਦੇ ਪੰਜਾਬ ਵਿਚ ਆਉਣ ਤੇ 'ੜ' ਧੁਨੀ ਫ਼ਾਰਸੀ ਭਾਸ਼ਾ ਦੀ ਮੁਸਲਮਾਨਾਂ ਦੀ ਜ਼ੁਬਾਨ ਉਪਰ ਚੜ੍ਹ ਗਈ। ਬਾਬਾ ਫ਼ਰੀਦ ਨੇ ਆਪਣਾ ਕਲਾਮ ਰਚਦਿਆਂ ਇਸ ਧੁਨੀ ਦਾ ਕਾਫੀ ਪ੍ਰਯੋਗ ਕੀਤਾ ਅਤੇ ਫ਼ਾਰਸੀ ਲਿਪੀ ਵਿਚ ਇਸ ਦਾ ਵਾਧਾ ਕੀਤਾ ਤੇ ਇਸ ਨੂੰ ਦੇਸੀ ਰੰਗ ਬਖਸ਼ਿਆ। (ਅਸੀਂ ਇਸ ਲਿਪੀ ਨੂੰ ਉਰਦੂ ਲਿਪੀ ਕਹਿੰਦੇ ਹਾਂ। ਕਿਉਂਕਿ ਫ਼ਾਰਸੀ ਲਿਪੀ ਵਿਚ 'ੜ' ਦੀ ਧੁਨੀ ਦੀ ਅਣਹੋਂਦ ਹੈ।) ਫ਼ਰੀਦ ਬੋਲੀ ਇਹੋ ਜਿਹੀ ਧੁਨੀਆਂ ਦੇ ਕਾਰਨ, ਪ੍ਰਾਚੀਨਤਾ ਦਾ ਸੰਦੇਸ਼ ਦਿੰਦੀ ਹੈ ਜਿਵੇਂ ਕਿ ਕੰਬਲੜੀ। ਇਕ ਉੱਚ ਕੋਟੀ ਦੇ ਕਲਾਕਾਰ ਹੋਣ ਦੇ ਨਾਤੇ ਮਹਾਂ ਕਵੀ ਫ਼ਰੀਦ ਨੇ ਬਹੁ-ਵਚਨਾਂ ਨੂੰ ਘੜਿਆ ਤਰਾਸ਼ਿਆ ਅਤੇ ਸਾਫ ਕਰਕੇ ਇਨ੍ਹਾਂ ਦੀ ਵਰਤੋਂ ਕੀਤੀ ਹੈ।

ਗਾਲੀ (ਗਲਾਂ), ਖਜੂਰੀ (ਖਜੂਰਾਂ), ਵੇਸੀ (ਵੇਸਾਂ), ਲਹਿਰੀ (ਲਹਿਰਾਂ) ਆਦਿ

ਜਿਥੇ ਜਿਥੇ ਫ਼ਰੀਦ ਨੇ ਮੁਲਤਾਨੀ ਸ਼ਬਦਾਵਲੀ ਵਰਤੀ ਹੈ, ਉਥੇ ਮੁਲਤਾਨੀ ਦੇ ਮੁਹਾਵਰੇ ਨੂੰ ਵੀ ਹੱਥੋਂ ਨਹੀਂ ਜਾਣ ਦਿੱਤਾ ਜਿਵੇਂ :

ਲੈ ਜਾਸੀ ਪਰਣਾਇ/ਲੋਕਾਂ ਆਪੋ ਆਪਣੀ/ਕਰੇਂਦੀ ਵੰਨ/ਕਿੜੀ ਪਵੰਦਈ, ਬੇੜਾ ਆਪ ਮੁਹਾਇ/ਗਲ ਲਗੇ ਧਾਇ/ਕੰਨੀ ਸੁਣੀਂਦਾ ਆਦਿ

ਬਾਬਾ ਫ਼ਰੀਦ ਨੇ ਮੁਲਤਾਨੀ ਬੋਲੀ ਦੇ ਸ਼ਬਦਾਂ ਦੀ ਚੋਣ ਸੁਚੱਜੇ ਢੰਗ ਨਾਲ ਕੀਤੀ ਹੈ :

'ਦਿਹੁ, ਤਿਦੂ, ਮੈਂਡਾ, ਤੈਂਡਾ, ਘਾਣੇ ਕੂੰ, ਜੁਲਾ, ਮੂੰ, ਹਿਆਉ, ਕੋਹੀ, ਥੀਆ,

ਹੇਕੜੋ, ਮਚਾਂਗਵਾ, ਹਿਕ, ਕੂਕਦਿਆਂ, ਗੰਢੇਦਿਆਂ, ਕਿੜੀ, ਆਦਿ'।

ਗੁਰਮਤਿ ਵਿਚਾਰਧਾਰਾ ਵਿਚ ਵੀ ਇਹੋ ਰੁਚੀ ਪਾਈ ਜਾਂਦੀ ਹੈ। ਜਦ ਵੀ ਗੁਰੂ ਸਾਹਿਬਾਨ ਨੇ ਰੂਹਾਨੀਅਤ ਦੇ ਰੰਗ ਨੂੰ ਨਿਖਾਰਨ, ਉਘਾੜਨ ਤੇ ਮਿੱਠਾ ਕਰਨ ਲਈ ਕੋਸ਼ਿਸ਼ ਕੀਤੀ ਹੈ, ਉਥੇ ਕੇਂਦਰੀ ਪੰਜਾਬੀ ਦੀ ਥਾਂ, ਲਹਿੰਦੀ ਬੋਲੀ, (ਮੁਲਤਾਨੀ ਤੇ ਪੋਠੋਹਾਰੀ) ਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਬਿੰਦੀ ਤੇ ਟਿੱਪੀ ਦੀ ਵਰਤੋਂ ਘਟ ਕੀਤੀ ਹੈ। ਫ਼ਰੀਦ ਬਾਣੀ ਵਿਚ ਬੁਨਿਆਦੀ ਸ਼ਬਦਾਵਲੀ ਵੀ ਲੋੜ ਅਨੁਸਾਰ ਵਰਤ ਲਈ ਹੈ। ਇਸ ਦਾ ਮਤਲਬ ਇਹ ਨਿਕਲਿਆ ਕਿ ਕੇਂਦਰੀ ਪੰਜਾਬੀ ਫ਼ਰੀਦ ਜੀ ਦੇ ਸਮੇਂ ਕਾਫੀ ਵਿਕਾਸਸ਼ੀਲ ਹੋ ਚੁੱਕੀ ਸੀ ਤੇ ਸਾਹਿਤ ਰਚਨਾ ਦੇ ਯੋਗ ਸੀ। ਫ਼ਰੀਦ ਜੀ ਲਾਹੌਰੀ ਬੋਲੀ ਦੀ ਹਰ ਦਿਲ ਅਜੀਜੀ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕੇ। ਫ਼ਰੀਦ ਦੀ ਭਾਸ਼ਾ ਭਾਵੇਂ ਬੁਨਿਆਦੀ ਤੌਰ ਤੇ ਲਹਿੰਦੀ ਬੋਲੀ ਦਾ ਪਹਿਲਾ ਉੱਤਮ ਲਿਖਤੀ ਰੂਪ ਹੈ ਪਰੰਤੂ ਇਸ ਵਿਚ ਲਾਹੌਰੀ ਬੋਲੀ ਕੇਂਦਰੀ ਪੰਜਾਬੀ ਦਾ ਨਿਖਰਿਆ ਰੂਪ ਵੀ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ। ਫ਼ਰੀਦ ਬਾਣੀ ਟਕਸਾਲੀ ਪੰਜਾਬੀ ਦਾ ਰੂਪ ਵੇਖਣ ਯੋਗ ਹੈ –

: ਆਪ ਸਵਾਰਹਿ ਮੈ ਮਿਲਹੁ ਮੈ ਮਿਲਿਆ ਸੁਖੁ ਹੋਇ।।
ਫ਼ਰੀਦਾ ਜੇ ਤੂੰ ਮੇਰਾ ਹੋਇ ਰਹਹਿ, ਸਭ ਜਗ ਤੇਰਾ ਹੋਇ।। (95)
: ਲੰਮੀ ਲੰਮੀ ਨਦੀ ਵਹੈ (96)
: ਬਗੁਲਾ ਬੈਠਾ ਕੇਲ ਕਰੇ (99)
: ਵੇਖਹੁ ਬੰਦਾ ਚਲਿਆ ਚਹੁ ਜਣਿਆਂ (100)
: ਤਿਨਾ ਪਿਆਰਿਆ ਭਾਈਆਂ ਅਗੇ ਦਿੱਤਾ ਬੰਨਿ (100)
: ਨਿਘਰਿਆ ਘਰ ਆਉ (93)
: ਕੰਨੀ ਬੁਜੇ ਦੇ ਰਹਾਂ (88)
: ਜਿਧਰ ਰਬ ਰਜਾਇ (84)
: ਫ਼ਰੀਦਾ ਬੁਰੇ ਦਾ ਭਲਾ ਕਰ (74)
: ਜੋ ਸਿਰ ਸਾਈ ਨਾ ਨਿਵੈ (72)
: ਫ਼ਰੀਦਾ ਸਿਰ ਪਲਿਆ ਦਾੜੀ ਪਲੀ ਮੁੱਛਾਂ ਭੀ ਪਲੀਆਂ (55)
: ਜੋਬਨ ਜਾਦੇ ਨਾ ਡਰਾਂ ਜੇ ਸਹੁ ਪ੍ਰੀਤ ਨ ਜਾਇ (34)
: ਫ਼ਰੀਦਾ ਦੇਖਿ ਪਰਾਈ ਚੋਪੜੀ (29)
: ਕਾਲੇ ਲਿਖ ਨ ਲੇਖੁ (60)
: ਸਿਰ ਨੀਵਾ ਕਰਿ ਦੇਖੁ (60)
: ਸਧ ਦਰਵਾਜੇ ਭੰਨਿ (6)
: ਲੋਕਾ ਆਪੋ ਆਪਣੀ

ਡਾ. ਅਸੀਰੀ ਨੇ ਆਪਣੇ ਸ਼ੋਧ-ਪ੍ਰਬੰਧ ਵਿਚ ਲਿਖਿਆ ਹੈ ਕਿ ਉਰਦੂ ਦੀ ਮੁੱਢਲੀ ਸ਼ਕਲ ਦੇਖਣੀ ਹੋਵੇ, ਤਦ ਬਾਬਾ ਫ਼ਰੀਦ ਦੇ ਕਲਾਮ ਨੂੰ ਦੇਖਣਾ ਚਾਹੀਦਾ ਹੈ। ਮੌਲਵੀ ਅਬਦੁਲ ਹੱਕ ਨੇ ਤਾਂ ਬਾਬਾ ਫ਼ਰੀਦ ਨੂੰ ਖੜੀ ਬੋਲੀ ਤੇ ਉਰਦੂ ਦਾ ਪਹਿਲਾ ਗ਼ਜ਼ਲ ਸ਼ਾਇਰ ਮੰਨਿਆ ਹੈ ਅਤੇ ਇਕ ਨੋਟ ਬੁਕ ਵਿਚੋਂ ਉਦਾਹਰਣ ਵੀ ਦਿੱਤੀਆਂ ਹਨ, ਸਾਡੀ ਜਾਚੇ ਇਹ ਜ਼ੁਬਾਨ 'ਹਿੰਦਵੀ' ਦਾ ਮੁਢਲਾ ਸਰੂਪ ਹੈ ਅਤੇ ਦਰਅਸਲ ਇਸਦੀ ਹਕੀਕਤ ਇਹ ਹੈ ਕਿ ਫ਼ਰੀਦ ਜੀ ਲਾਹੌਰ, ਦਿੱਲੀ ਤੇ ਫ਼ਰੀਦਕੋਟ ਆਦਿ ਸ਼ਹਿਰਾਂ ਵਿਚ ਰਹਿੰਦੇ ਰਹੇ। ਇਸ ਕਾਰਨ ਸਥਾਨਕ ਬੋਲੀਆਂ ਦੇ ਸ਼ਬਦ ਤੇ ਮੁਹਾਵਰੇ ਉਨ੍ਹਾਂ ਦੀ ਜ਼ੁਬਾਨ ਉੱਪਰ ਚੜ੍ਹ ਗਏ। ਆਪ ਜੀ ਦੀ ਰਚਨਾ ਵਿਚ ਸਪੱਸ਼ਟ ਰੂਪ ਵਿਚ ਖੜੀ ਬੋਲੀ ਉਰਦੂ ਦੀ ਝਲਕ ਨਜ਼ਰ ਆ ਜਾਂਦੀ ਹੈ। ਉਦਾਹਰਣ ਵਜੋਂ:

ਕਾਲੀ ਕੋਇਲ ਤੂ ਕਿਤ ਗੁਨ ਕਾਲੀ।।
ਅਪਨੇ ਪ੍ਰੀਤਮ ਦੇ ਹਉ ਬਿਰਹੈ ਜਾਲੀ (794)
ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ।।
ਬਾਵਿਲ ਹੋਇ ਸੋ ਸਹੁ ਲੋਰਉ।। (794)

ਪ੍ਰੋ. ਮੁਹੰਮਦ ਹੁਸੈਨ ਆਜ਼ਾਦ ਦੇ ਕਥਨ ਅਨੁਸਾਰ ਉਰਦੂ ਜ਼ੁਬਾਨ ਦਾ ਸੋਮਾ (ਮਾਖਜ਼) 'ਬ੍ਰਿਜ ਭਾਸ਼ਾ' ਹੈ ਪਰ ਪੰਜਾਬ ਦੀ ਪ੍ਰਸਿੱਧ ਵਿਦਵਾਨ ਮੁਹੰਮਦ ਸ਼ੀਰਾਠਨ ਨੇ 'ਪੰਜਾਬ ਮੇਂ ਉਰਦੂ' ਵਿਚ 'ਆਜ਼ਾਦ' ਦੇ ਉਲਟ ਵਿਗਿਆਨਕ ਦਲੀਲਾਂ ਦੇ ਕੇ ਸਾਬਤ ਕਰ ਦਿੱਤਾ ਹੈ ਕਿ ਉਰਦੂ ਦਾ ਮੁੱਢ ਪੰਜਾਬ ਵਿਚ ਬੱਝ ਗਿਆ ਸੀ, ਵਾਸਤਵ ਵਿਚ ਇਹ ਹਿੰਦਵੀ ਹੀ ਸੀ। ਜੋ ਪੰਜਾਬ ਵਿਚ ਮੁਸਲਮਾਨਾਂ ਤੇ ਹਿੰਦੂਆਂ ਦੀ ਸਾਂਝੀ ਜ਼ੁਬਾਨ ਸੀ। ਇਥੇ ਇਹ ਯਾਦ ਰਖਣਾ ਚਾਹੀਦਾ ਹੇ ਕਿ ਸਾਹਿਤ ਲਈ ਸਾਰੇ ਉੱਤਰੀ ਭਾਰਤ ਵਿਚ ਬ੍ਰਿਜ-ਭਾਸ਼ਾ ਪ੍ਰਯੋਗ ਕੀਤੀ ਜਾਂਦੀ ਸੀ। ਇਸੇ ਲਈ ਇਸ ਦੀ ਨੇੜਤਾ ਫ਼ਰੀਦ ਬਾਣੀ ਵਿਚ ਮਿਲਦਾ ਹੈ।

ਹਾਥ ਮਰੋਰਉ, ਬਿਰਹੈ ਜਾਲੀ, ਕੈ, ਲੋਇਣ, ਵੇਸ ਕਰਉ ਆਦਿ।।

ਖੜੀ ਬੋਲੀ (ਉਰਦੂ/ਹਿੰਦੀ) ਦੀ ਸ਼ਬਦਾਵਲੀ ਫ਼ਰੀਦ ਬਾਣੀ ਵਿਚ ਅੰਗੂਠੀ ਵਿਚ ਜੜੇ ਨਗੀਨਿਆਂ ਵਾਂਗ ਚਮਕ ਰਹੀ ਹੈ :

ਕਜਲ, ਲੋਚੇ, ਚਿਤ, ਰੈਣਿ, ਕਿਤੁ, ਵਿਕਾਰ, ਮਾਣਕ, ਕੰਤੁ, ਜਿਤੁ,
ਸੁਚੇਤ, ਦੁਇ, ਨੈਨਾ, ਕੇਤੀ, ਕਵਣ, ਦੇਹੁਰੀ, ਸੰਤ, ਕੇ।

ਉਪਰੋਕਤ ਸ਼ਬਦਾਵਲੀ ਤੋਂ ਇਲਾਵਾ ਫ਼ਰੀਦ ਬਾਣੀ ਵਿਚ ਅਰਬੀ-ਫ਼ਾਰਸੀ ਦੇ ਸ਼ਬਦ ਚੋਖੀ ਮਾਤਰਾ ਵਿਚ ਵਰਤੇ ਗਏ ਹਨ। ਇਸ ਦਾ ਕਾਰਨ ਇਹ ਸੀ ਕਿ ਫ਼ਾਰਸੀ ਤੇ ਅਰਬੀ ਭਾਸ਼ਾ ਬੋਲਣ ਵਾਲੇ ਮੁਸਲਮਾਨ ਕਾਫ਼ੀ ਅਰਸੇ ਤੋਂ ਲਾਹੌਰ ਤੇ ਮੁਲਤਾਨ ਵਿਚ ਵਸਦੇ ਆ ਰਹੇ ਹਨ ਜਿਸ ਦੇ ਸਿੱਟੇ ਵਜੋਂ ਕੁਦਰਤੀ ਤੌਰ ਤੇ ਮੁਲਤਾਨੀ ਤੇ ਲਾਹੌਰੀ ਬੋਲੀਆਂ ਵਿੱਚ ਫ਼ਾਰਸੀ-ਅਰਬੀ ਸ਼ਬਦਾਵਲੀ ਸਮੋ ਗਈ ਅਤੇ ਇਹ ਘੁਲ-ਮਿਲ ਕੇ ਇਕ ਜਾਨ ਹੋ ਗਈ। ਦੋਹਾਂ ਕੌਮਾਂ (ਹਿੰਦੂ-ਮੁਸਲਮਾਨ) ਦੇ ਟੱਕਰ ਤੇ ਮੇਲ ਦੇ ਨਤੀਜੇ ਵਜੋਂ ਜ਼ੁਬਾਨ ਦਾ ਇਕ ਨਵਾਂ ਸਾਂਝਾ ਸਰੂਪ ਬੋਲ-ਚਾਲ, ਵਿਚਾਰ-ਵਿਮਰਸ਼, ਲੈਣ-ਦੇਣ ਤੇ ਲਿਖਣ-ਪੜ੍ਹਨ ਦਾ ਮਾਧਿਅਮ ਬਣ ਗਿਆ ਸੀ। ਸੋ ਫ਼ਾਰਸੀ ਦੇ ਸ਼ਬਦ ਸਿੱਧੇ ਤੌਰ ਤੇ ਦੇਸੀ ਜ਼ੁਬਾਨ ਵਿਚ ਸ਼ਾਮਿਲ ਹੋਏ ਤੇ ਅਰਬੀ ਜ਼ੁਬਾਨ ਦੇ ਸ਼ਬਦ ਫ਼ਾਰਸੀ ਰਾਹੀਂ ਸ਼ਾਮਿਲ ਹੋਏ। ਵਜ੍ਹਾ ਇਹ ਸੀ ਕਿ ਫ਼ਾਰਸੀ ਸ਼ਬਦ ਜਦ 'ਭਾਰਤ' ਅਤੇ ਖਾਸ ਕਰਕੇ 'ਪੰਜਾਬ' ਵਿਚ ਦਾਖ਼ਲ ਹੋਏ ਉਸ ਵੇਲੇ ਤਕ ਫ਼ਾਰਸੀ ਵਿਚ 70 ਫੀਸਦੀ ਅਰਬੀ ਸ਼ਬਦ ਘੁਲ-ਮਿਲ ਚੁੱਕੇ ਸਨ। ਬਾਬਾ ਫ਼ਰੀਦ ਅਰਬੀ ਤੇ ਫ਼ਾਰਸੀ ਦੇ ਬਹੁਤ ਹੀ ਵੱਡੇ ਵਿਦਵਾਨ ਸਨ ਪਰੰਤੂ ਉਨ੍ਹਾਂ ਨੇ ਆਪਦੀ ਰਚਨਾ ਵਿਚ ਲੋਕ-ਰੁਚੀਆਂ ਅਨੁਸਾਰ ਹੀ ਇਹ ਸ਼ਬਦ ਵਰਤੇ ਹਨ, ਕੋਈ ਕਾਬਲੀਅਤ ਦਿਖਾਉਣ ਦਾ ਯਤਨ ਨਹੀਂ ਕੀਤਾ ਜਿਵੇ : ਮਲਕੁ (ਫਰਿਸ਼ਤਾ), ਨਿਵਾਜ਼, ਉਜੂ, ਸੁਲਤਾਨ, ਅਮਲ ਆਦਿ।

ਉਪਰੋਕਤ ਵਿਚਾਰ ਦਾ ਇਹ ਸਿੱਟਾ ਨਿਕਲਿਆ ਕਿ ਬਾਬਾ ਫ਼ਰੀਦ (1173ਈ:- 1265ਈ:) ਦੇ ਸਮੇਂ ਤਕ ਫ਼ਾਰਸੀ ਦੇ ਸ਼ਬਦ ''ਪੰਜਾਬੀ ਬੋਲੀ'' ਵਿਚ ਮਿਲ ਕੇ ਉਸ ਦਾ ਅੰਗ ਬਣ ਗਏ ਸਨ ਤੇ ਪੰਜਾਬੀ ਬੋਲੀ ਵਿਕਾਸ ਦੀਆਂ ਮੰਜ਼ਿਲਾਂ ਪਾਰ ਕਰਕੇ ਇਸ ਵੇਲੇ ਸਾਹਿਤ ਰਚਨਾ ਦੇ ਯੋਗ ਬਣ ਗਈ। ਅਸੀਂ ਹੇਠਾਂ ਫ਼ਰੀਦ ਬਾਣੀ ਵਿਚ ਵਰਤੇ ਅਰਬੀ-ਫ਼ਾਰਸੀ ਦੇ ਸ਼ਬਦਾਂ ਦੀ ਸੂਚੀ ਦੇ ਰਹੇ ਹਾਂ।

## ਅਰਬੀ ਫ਼ਾਰਸੀ ਸ਼ਬਦਾਵਲੀ

ਮਲਕੁ (ਫਰਿਸ਼ਤਾ), ਪੁਲਸਰਾਤ (ਪੁਲਿਸਰਾਤ-ਮਿਸ਼ਕਹਾਸਕ ਪੁਲ), ਦਰ (ਬੂਹਾ), ਦਰਵੇਸੀ (ਫ਼ਕੀਰੀ), ਦੁਨੀਆਂ, ਲਤੀਫ਼ ਗਿਰੀਬਾਨ, ਮੌਤ, ਦੂਰਿ, ਸਕਰ, ਸਾਖ, ਰੰਗ, ਸਾਹਿਬ, ਪਿਆਲਾ, ਸੈਤਾਨਿ, ਖਾਕ, ਜੰਗਲ, ਅਲਹ, ਰੂਹ, ਨਿਵਾਤ ਰੱਬ, ਬੇਪਰਵਾਹ, ਸੁਲਤਾਨ, ਹਾਲ, ਸ਼ੇਖ, ਸਹੁ-ਸਹੁ, ਅਤੀਮਾ (ਯਤੀਮ) ਸਉਦਾ, ਗੋਰ, ਮਸਾਇਕ, ਕਾਗਦ, ਅਮਲ, ਮੁਸਲਾ, ਸੂਫ, ਉੱਨ, ਪਸ਼ਮ, ਦਿਲ, ਤਨ, ਦਰਬਾਰਿ, ਦਰਵੇਸ਼, ਗੁਨਾਹੀ, ਮਾਮਲੇ, ਅਜਰਾਇਲ, ਫਰੇਸ਼ਤਾ, ਬੇਨਿਵਾਜਾ, ਵਖਤ-ਵਕਤ, ਮਸੀਤ-ਮਸਜਿਦ, ਉਜੂ (ਵੁਜੂ), ਸਾਜਿ, ਗੁਜ਼ਾਰ, ਨਿਵਾਜ (ਨਮਾਜ਼), ਦੋਜਕ (ਦੋਜ਼ਖ਼), ਖਲਕ, ਗੁਸਾ, ਬਾਗ, ਨਉਬਤਿ, ਸੁਬਹ, ਪੀਰ, ਲਿਵਾਚਿਆ, ਉਮਰ, ਰਜਾਇ, ਬੰਦਾ, ਮਹਲ, ਬੰਦਗੀ, ਮਉਤ, ਦਰਿਆਵੈ, ਦਰਗਾਹ, ਦਰਵਾਜ਼ਾ, ਨੀਅਤ, ਰਾਸਿ, ਬਮੁਹਤਾਜ, ਮਿਸਲ, ਫਕੀਰ,ਖਾਲਕ, ਖ਼ਤਾ, ਸਬਰ, ਸਾਬਰੀ, ਨਜ਼ੀਕ, ਖੁਦਾਇ, ਤਨੂਰ, ਨਦਰਿ ਆਦਿ।

ਅਸੀਂ ਪਹਿਲੇ ਇਹ ਦੱਸ ਚੁੱਕੇ ਹਾਂ ਕਿ 'ਪੰਜਾਬੀ ਬੋਲੀ', ਵੈਦਿਕ ਸੰਸਕ੍ਰਿਤ, ਪ੍ਰਾਕਿਤ ਤੇ ਅਪਭ੍ਰੰਸ਼ ਦੇ ਪੜਾਵਾਂ ਨੂੰ ਪਾਰ ਕਰਕੇ ਬਾਬਾ ਫ਼ਰੀਦ ਤਕ ਪੁੱਜੀ ਸੀ ਅਤੇ ਕਾਫੀ ਵਿਕਾਸਸ਼ੀਲ ਹੋ ਚੁੱਕੀ ਸੀ। ਬਾਬਾ ਫ਼ਰੀਦ ਦੀ ਵਰਤੀ ਹੋਈ ਪੰਜਾਬੀ ਬੋਲੀ ਵਿਚੋਂ ਕੁਝ ਇਕ ਸ਼ਬਦਾਂ ਦੀ ਉਤਪੱਤੀ ਦਸ ਕੇ ਇਸ ਹਕੀਕਤ ਵਲ ਪਾਠਕਾਂ ਦਾ ਧਿਆਨ ਖਿੱਚਦੇ ਹਾਂ ਅਸਾਮੀ, ਉੜੀਆ ਆਦਿ ਨਾਲੋ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਪੰਜਾਬੀ ਅਧਿਕ ਪ੍ਰਾਚੀਨ ਹੈ—

ਕੰਟਕ-ਕੰਡਾ / ਕੰਦਲ-ਗੰਦਲ / ਭਰਾਤਿ-ਪਰਾਂਦ / ਚੁੰਜ-ਚਿੰਜ / ਸਕਲ-ਸਗਲ / ਕਾਕ-ਕਾਗ / ਕੋਕਿਲ-ਕੋਇਲ / ਲੋਚਣ-ਲੋਇਦ / ਨਦੀ-ਨੈ / ਮੇਘ-ਮੇਹ / ਗ੍ਰੰਥਿ-ਗੰਢ / ਦੁਰਭਾਗਨੀ-ਡੋਹਾਗਨੀ/ ਵਦਨਾ-ਵੇਦਨ / ਰਜਨੀ-ਰੈਣ / ਪਵਨ-ਪਉਣ / ਵਨ-ਵਣ / ਯੋਵਨ-ਜੋਬਨ / ਕਰਪਤ-ਕਲਵਤ / ਸੂਲ-ਸੂਲ / ਵਿਸ਼-ਵਿਸ / ਦਿਵਸ-ਦਿਹ / ਕੋਧ੍ਰ-ਕੋਹ / ਸਥਲ-ਠਾਉਹਸਤ-ਹੱਥ / ਵਸਤ-ਵਥ / ਕੁਸ਼ਿਣ-ਖਿਣ / ਕਸਤੂਰੀ-ਕਥੂਰੀ ਆਦਿ। ਉਪਰੋਕਤ ਸ਼ਬਦਾਂ ਦੀ ਵਿਉਂਤਪੱਤੀ ਵੈਦਿਕ ਸੰਸਕ੍ਰਿਤ ਦੇ ਸ਼ਬਦਾਂ ਵਿਚ ਹੋਈ ਹੈ ਤੇ ਬਾਬਾ ਫ਼ਰੀਦ ਨੇ ਆਪਣੀ ਰਚਨਾ ਵਿਚ ਇਨ੍ਹਾਂ ਦੀ ਵਰਤੋਂ ਕੀਤੀ ਹੈ। ਸੋ ਬਾਬਾ ਫਰ਼ੀਦ ਦੀ ਬੋਲੀ ਪੰਜਾਬੀ ਬੋਲੀ ਦੀ ਪ੍ਰਾਚੀਨਤਾ ਦੀ ਸੂਚਕ ਹੈ।

ਫ਼ਰੀਦ ਸ਼ੱਕਰ ਗੰਜ ਤੋਂ ਪਿਛੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਮਿਤ-ਸਾਹਿਤ ਦੀ ਪੱਕੀ ਨੀਂਹ ਰੱਖੀ ਅਤੇ ਹੋਰ ਪੰਜ ਗੁਰੂਆਂ: ਸ੍ਰੀ ਗੁਰੂ ਅੰਗਦ ਦੇਵ, ਸ੍ਰੀ ਗੁਰੂ ਅਮਰਦਾਸ, ਸ੍ਰੀ ਰਾਮ ਦਾਸ, ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 'ਨਾਨਕ' ਉਪਨਾਮ (ਤਖ਼ੱਲਸ) ਅਧੀਨ ਰਚਨਾ ਕੀਤੀ ਹੈ। ਗੁਰਮਤਿ ਸ਼ਬਦਾਵਲੀ ਆਪਣੀ ਮਿਸਾਲ ਆਪ ਹੈ ਪਰੰਤੂ ਅਚੰਭੇ ਦੀ ਗੱਲ ਇਹ ਹੈ ਕਿ ਬਾਬਾ ਫ਼ਰੀਦ ਦੀ ਬਾਣੀ ਵਿਚ ਬੀਜ ਰੂਪ ਵਿਚ ਇਹ ਸ਼ਬਦਾਵਲੀ ਪ੍ਰਯੋਗ ਕੀਤੀ ਜਾ ਚੁੱਕੀ ਹੈ। ਸਾਡੀ ਜਾਚੇ ਫ਼ਰੀਦ ਜੀ ਨੂੰ ਸ਼ਬਦਾਵਲੀ; ਹਿੰਦੂ-ਸੰਤਾਂ, ਜੋਗੀਆਂ ਨਾਥਾਂ ਤੇ ਸਾਧੀਆਂ ਦੇ ਸੰਪਰਕ ਤੋਂ ਮਿਲੀ ਹੋਵੇਗੀ।

ਸਾਧੂਕੜੀ ਸ਼ਬਦਾਵਲੀ :ਧਨਵਰੀ/ ਸਾਹੇ ਲਈ ਲਿਖਾਏ/ ਬੰਲ ਉਠਾਈ ਪੋਟਲੀ/ ਵੇਦਲ/ ਵੰਨ/ ਕਾਲੀ/ ਧਉਲੀ/ ਲੋਇਣ/ ਪੰਖੀ/ ਕੂੜਾਂ/ ਤਨ/ ਰਤ/ ਸੰਤ/ ਰਾਵਿਓ/ ਮੰਡਪ ਮਾੜੀਆਂ/ ਡੋਹਾਗਣਿ/ ਕਲਰ ਕੇਰੀ ਛਪੜੀ/ ਬੁਰੇ ਦਾ ਭਲਾ ਕਰ/ ਨੈਣ ਨੀਰਾਵਲੇ ਸਗਲਾ/ ਨਿਸਖਣ/ ਵਾਸੁ/ ਪਟੇਲ/ ਪਹਿਲੇ ਪਹਿਰੇ/ ਫੂਲੜਾ/ ਸੁਹਾਗ/ ਸੁਹਾਗਦੀ/ ਸੁਆਉ/ ਬਪੁੜੇ/ ਵਡਹੰਸ/ ਸਰੋਵਰ/ ਕਵਣ ਸੁ ਚਲਣਹਾਰ/ ਪ੍ਰੀਤਮ/ ਪ੍ਰਭੂ/ ਕਿਰਪਾ/ ਸਾਧ/ ਸੰਗ/ ਪੰਥ/ ਬੰਧਨ ਕੀ/ ਵੇਲ/ ਤਰਣ/ ਦੁਹੇਲਾ/ ਕਸੁੰਭੜੇ/ ਸਹੇਲੀਹੋ ਆਦਿ। 'ਸਿੰਧੀ' ਜ਼ੁਬਾਨ ਦਾ 'ਜੀਰਾਣ/ ਸ਼ਬਦ ਵੀ ਵਰਤਿਆ ਗਿਆ ਹੈ।

ਉਪਰੋਕਤ ਸਾਰੀ ਬਹਿਸ ਪਿਛੋਂ ਅਸੀਂ ਇਸ ਸਿੱਟੇ ਉੱਪਰ ਪੁਜਦੇ ਹਾਂ ਕਿ 'ਫ਼ਰੀਦ-ਭਾਸ਼ਾ' ਸਰਬ-ਸਾਂਝ ਦੀ ਸੂਚਕ ਹੈ। ਪਿੰਡਾ ਇਸ ਬੋਲੀ ਦਾ 'ਮੁਲਤਾਨੀ' ਹੈ : ਪੁਸ਼ਾਕ ਇਸ ਨੂੰ ਸਾਧੂ ਭਾਸ਼ਾ ਪ੍ਰਭਾਵਿਤ ਕੇਂਦਰੀ ਪੰਜਾਬੀ ਦੀ ਪਹਿਨਾਈ ਗਈ ਹੈ, ਇਸ ਪੁਸ਼ਾਕੇ ਉੱਪਰ ਗੁਲੂਕਾਰੀ ਅਰਬੀ-ਫ਼ਾਰਸੀ ਸ਼ਬਦਾਂ ਨਾਲ ਕੀਤੀ ਗਈ ਹੈ। ਇਸ ਲਈ ਅਸੀਂ ਫ਼ਰੀਦ ਭਾਸ਼ਾ ਨੂੰ ਕੇਂਦਰੀ ਪੰਜਾਬੀ ਪ੍ਰਭਾਵਿਤ ਮੁਲਤਾਨੀ ਬੋਲੀ ਜਾਂ ਮਿੱਸੀ ਮੁਲਤਾਨੀ ਕਹਾਂਗੇ।

ਪਾਠ ਨੰਬਰ : 2.7

## ਸੂਫ਼ੀ ਕਵਿਤਾ ਵਿਚ ਫ਼ਰੀਦ ਦਾ ਸਥਾਨ

ਇਸ ਪਾਠ ਵਿਚ ਸੂਫ਼ੀ ਮੱਤ ਜਾਂ ਤਸੱਵੁਫ਼ ਦੇ ਅਰਥ, ਤੱਥਾਂ, ਲੱਛਣਾਂ ਸੰਬੰਧੀ ਵਿਚਾਰ ਕਰਦੇ ਹੋਏ ਬਾਬਾ ਫ਼ਰੀਦ ਤੋਂ ਪਹਿਲਾਂ ਦੇ ਕੁਝ ਇਕ ਸੂਫ਼ੀ ਦਰਵੇਸ਼ਾਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਬਾਬਾ ਫ਼ਰੀਦ ਨੂੰ ਪੰਜਾਬੀ ਕਾਵਿ ਸਿਰਜਨ ਦੇ ਖੇਤਰ ਵਿਚ ਪਹਿਲਾ ਸੂਫ਼ੀ ਕਵੀ ਨਿਰਧਾਰਿਤ ਕਰਨ ਦਾ ਤਰਕਪੂਰਨ ਯਤਨ ਕੀਤਾ ਗਿਆ ਹੈ। ਇਸ ਤੱਥ ਦੀ ਪੁਸ਼ਟੀ ਕਾਵਿ ਹਵਾਲਿਆਂ ਨਾਲ ਕੀਤੀ ਗਈ ਹੈ। ਬਾਬਾ ਫ਼ਰੀਦ ਦੀ ਵਿਚਾਰਧਾਰਾ ਦਾ ਮੱਧਕਾਲ ਦੇ ਭਗਤ ਕਬੀਰ, ਭਗਤ ਰਵਿਦਾਸ ਆਦਿ ਸੰਤਾਂ ਉੱਤੇ ਪਏ ਪ੍ਰਭਾਵ ਦਾ ਉਲੇਖ ਕੀਤਾ ਗਿਆ ਹੈ। ਉਪਰੰਤ ਫ਼ਰੀਦ ਜੀ ਦੀ ਸੂਫ਼ੀ ਵਿਚਾਰਧਾਰਾ ਅਤੇ ਕਲਾਤਮਕ ਦ੍ਰਿਸ਼ਟੀ ਤੋਂ ਠਿੱਗਰ ਦੇਣ ਸੰਬੰਧੀ ਭਰਪੂਰ ਵਿਚਾਰ ਕੀਤਾ ਗਿਆ ਹੈ। ਅਖੀਰ ਵਿਚ ਉਨ੍ਹਾਂ ਦੀ ਸਮੁੱਚੀ ਦੇਣ ਨੂੰ ਵਿਦਿਆਰਥੀਆਂ ਦੀ ਸਹੂਲਤ ਲਈ ਕੁਝ ਇਕ ਨੁਕਤਿਆਂ ਵਿਚ ਕਲਮਬੱਧ ਕਰਨ ਦਾ ਯਤਨ ਕੀਤਾ ਹੈ।

### ਰੂਪ ਰੇਖਾ

ਸੂਫ਼ੀ ਮਤ ਜਾਂ ਤਸੱਵੁਫ਼ ਦੇ ਅਰਥ.. ਬਾਬਾ ਫ਼ਰੀਦ ਤੋਂ ਪਹਿਲਾਂ ਸੂਫ਼ੀ ਦਰਵੇਸ਼... ਬਾਬਾ ਫ਼ਰੀਦ ਮੁੱਢਲਾ ਪੰਜਾਬੀ ਸੂਫ਼ੀ ਕਵੀ ਹੈ —ਇਸ ਸੰਬੰਧੀ ਵੱਖ ਵੱਖ ਵਿਦਵਾਨਾਂ ਦੇ ਵਿਚਾਰ... ਬਾਬਾ ਫ਼ਰੀਦ ਦੀ ਵਿਚਾਰਧਾਰਾ ਦਾ ਮੱਧਕਾਲੀਨ ਭਾਰਤੀ ਸੰਤਾਂ ਉਤੇ ਪ੍ਰਭਾਵ... ਬਾਬਾ ਫ਼ਰੀਦ ਦੀ ਰਚਨਾ ਦੀ ਕਲਾਤਮਕ ਪ੍ਰਵੀਣਤਾ... ਸੂਫ਼ੀ ਵਿਚਾਰਧਾਰਾ.... ਸਿੱਟਾ।

ਸੂਫ਼ੀ ਮਤ ਜਾਂ ਤਸੱਵੁਫ਼ ਹਿਲਮ-ਏ-ਬਾਤਨ (ਆਤਮ ਵਿਦਿਆ) ਜਾਂ ਫ਼ਿਰਕੇ-ਏ-ਬਾਤਨ (ਆਤਮ ਦਰਸ਼ਨ) ਦਾ ਹੀ ਦੂਜਾ ਨਾਮ ਹੈ, ਜੋ ਸੰਸਾਰ ਚੇਤਨਾਤਮਕ, ਧਾਰਮਿਕ, ਸਦਾਚਾਰਕ ਅਤੇ ਸਾਹਿਤਿਕ ਪਰੰਪਰਾ ਦਾ ਗੌਰਵਮਈ ਅਤੇ ਮਹੱਤਵਪੂਰਨ ਭਾਗ ਹੈ। ਸੂਫ਼ੀ ਮੱਤ ਸੱਚੇ ਅਤੇ ਅਸਲ ਰੂਹਾਨੀ ਜੀਵਨ ਦੀ ਇਕ ਅਮਲੀ ਜੁਗਤ ਹੈ ਅਤੇ ਸਬਰ ਸੰਜਮ, ਬੰਦਗੀ, ਹਲੀਮੀ ਅਤੇ ਉਦਾਰਤਾ ਇਸ ਦੇ ਜ਼ਰੂਰੀ ਗੁਣ ਹਨ। ਇਕ ਸੂਫ਼ੀ ਹੀ ਸਹੀ ਅਰਥਾਂ ਵਿਚ ਸੰਪੂਰਨ ਪੁਰਖ ਹੁੰਦਾ ਹੈ।

ਸੂਫ਼ੀ ਤਹਿਰੀਕ ਨੇ ਫ਼ਾਰਸੀ ਸਾਹਿੱਤ ਵਿਚ ਬਹੁਤ ਵਾਧਾ ਕੀਤਾ। ਬਹੁਤ ਸਾਰੀਆਂ ਉੱਤਮ ਕਾਵਿ ਰਚਨਾਵਾਂ ਅਤੇ ਵਾਰਤਕ ਪੁਸਤਕਾਂ ਦੀ ਰਚਨਾ ਸੂਫ਼ੀਆਂ ਨੇ ਹੀ ਕੀਤੀ। ਪੰਜਾਬੀ ਕਵਿਤਾ ਵਿਚ ਵੀ ਸੂਫ਼ੀਆਂ ਦੀ ਦੇਣ ਵਿਸ਼ਾਲ ਅਤੇ ਵੱਡਮੁੱਲੀ ਹੈ। ਸੂਫ਼ੀ ਦਰਵੇਸ਼ਾਂ ਨੇ ਆਪਣੇ ਵਿਚਾਰਾਂ ਅਤੇ ਭਾਵਾਂ ਦੇ ਪ੍ਰਗਟਾ ਲਈ ਜਨ ਭਾਸ਼ਾ ਦੀ ਵਰਤੋਂ ਕੀਤੀ। ਇਹਨਾਂ ਸੂਫ਼ੀ ਸ਼ਾਇਰਾਂ ਦੀ ਕਾਵਿ ਸਾਧਨਾ ਸਦਕਾ ਪੰਜਾਬੀ ਵਿਚ ਸੂਖਮ ਸੂਫ਼ੀ ਅਨੁਭਵ, ਉਦਗਾਰ, ਸੂਖਮਤਾ, ਦਾਰਸ਼ਨਿਕ ਗੰਭੀਰਤਾ ਅਤੇ ਜਨਤਕ ਲਹਿਜੇ ਦਾ ਪ੍ਰਵੇਸ਼ ਹੋਇਆ। ਸੂਫ਼ੀ ਕਵੀਆਂ ਨੇ ਉਪਮਾ, ਰੂਪਕ, ਬਿੰਬ, ਪ੍ਰਤੀਕ, ਅਤੇ ਤਸ਼ਬੀਹਾਂ ਇਤਿਹਾਸਕ, ਮਿਥਿਹਾਸਕ ਹਵਾਲਿਆਂ ਦੀ ਵਰਤੋਂ ਕੀਤੀ ਹੈ। ਉਹ ਸਾਡੇ ਲੋਕ-ਜੀਵਨ, ਲੋਕ-ਵਿਵਹਾਰ ਅਤੇ ਲੋਕ-ਸੰਸਕ੍ਰਿਤੀ ਵਿਚੋਂ ਗ੍ਰਹਿਣ ਕੀਤੀ ਹੈ। ਇਸ ਤਰ੍ਹਾਂ ਸੂਫ਼ੀ ਵਿਚਾਰ ਦਰਸ਼ਨ ਸੂਫ਼ੀ ਜੀਵਨ-ਜਾਂਚ ਅਤੇ ਸੂਫ਼ੀ ਆਚਾਰ-ਵਿਧਾਨ ਦੇ ਪ੍ਰਸਾਰ ਲਈ ਜੋ ਲੋਕ ਲਹਿਰ ਸੂਫ਼ੀਆਂ ਕਵੀਆਂ ਨੇ ਚਲਾਈ, ਉਸ ਦਾ ਪੰਜਾਬੀ ਸਾਹਿਤ ਉਪਰ ਬੜਾ ਸਿਹਤਮੰਦ ਤੇ ਸ਼ਕਤੀਦਾਇਕ ਪ੍ਰਭਾਵ ਪਿਆ।

ਪੰਜਾਬੀ ਵਿਚ ਸੂਫ਼ੀ ਸਾਹਿਤ ਦਾ ਆਰੰਭ ਬਾਬਾ ਫ਼ਰੀਦ ਸ਼ੱਕਰਗੰਜ ਨਾਲ ਹੋਇਆ।ਭਾਵੇਂ 'ਤਜ਼ਕਿਰ-ਏ-ਸੂਫ਼ੀਆਂ-ਏ ਪੰਜਾਬ' ਉਰਦੂ ਅਨੁਸਾਰ ਸ਼ੇਖ ਫ਼ਰੀਦ ਤੋਂ ਪਹਿਲਾਂ ਸ਼ੇਖ ਇਯਮਾਇਲ ਸੂਫ਼ੀ ਦਰਵੇਸ਼ ਅਤੇ ਉਨ੍ਹਾਂ ਤੋਂ ਪਿੱਛੋਂ ਪ੍ਰਸਿੱਧ ਸੂਫ਼ੀ ਫਲਸਫੀ ਸੇਖ ਅਬੁਲਹਸਲ ਅਲੀ ਹੁਜਵੀਰੀ (ਦਾਤਾਗੰਜ ਬਖ਼ਸ) ਕਰਤਾ 'ਕਸ਼ਫ-ਉਲ-ਮਹਿਜੂਬ' ਲਾਹੌਰ ਆਏ ਤੇ ਇਥੇ ਹੀ ਕਾਲ ਵਸ ਹੋਏ, ਪਰੰਤੂ ਇਨ੍ਹਾਂ ਨੇ ਪੰਜਾਬੀ ਭਾਸ਼ਾ ਵਿਚ ਕੋਈ ਰਚਨਾ ਨਹੀਂ ਕੀਤੀ। ਇਸ ਲਈ ਅਸੀਂ ਬਾਬਾ ਫ਼ਰੀਦ ਨੂੰ ਹੀ ਪੰਜਾਬੀ ਸੂਫ਼ੀ ਕਵਿਤਾ ਦਾ ਮੋਢੀ ਤੇ ਪਿਤਾਮਾ ਮੰਨਦੇ ਹਾਂ, ਜਿਸ ਨੇ ਸੂਫ਼ੀ ਵਿਚਾਰ ਆਦਰਸ਼ ਦੇ ਪ੍ਰਗਟਾਓ ਲਈ ਪੰਜਾਬੀ ਨੂੰ ਮਾਧਿਅਮ ਵਜੋਂ ਵਰਤਣਾ ਸ਼ੁਰੂ ਕੀਤਾ। ਬਾਰ੍ਹਵੀਂ ਸਦੀ ਤਕ ਪੰਜਾਬੀ ਕਾਵਿ ਤੇ ਲੋਕ ਗੀਤਾਂ ਅਤੇ ਨਾਥ ਪੰਥੀਆਂ ਦੀਆਂ ਪਦਾਵਲੀਆਂ ਤਕ ਹੀ ਸੀਮਿਤ ਸੀ। ਇਹ ਲੋਕ ਗੀਤ ਵੀ ਲੋਕਾਂ ਦੀਆਂ ਜੀਭਾਂ ਉਪਰ ਹੀ ਸਨ ਅਤੇ ਸੀਨਾ-ਬ-ਸੀਨਾ ਚਲਦੇ ਰਹਿੰਦੇ ਸਨ। ਲਿਖਤੀ ਰੂਪ ਵਿਚ ਅਜਿਹਾ ਸਾਹਿਤ ਉਪਲਬੱਧ ਨਹੀਂ ਸੀ। ਬਾਬਾ ਫ਼ਰੀਦ ਨੇ ਜਿਹੜੀ ਰਚਨਾ ਪੰਜਾਬੀ ਵਿਚ ਕੀਤੀ, ਖ਼ੁਸ਼ਕਿਸਮਤੀ ਨਾਲ ਉਹ ਅੱਜ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਰੱਖਿਅਤ ਹੈ ਤੇ ਉਹ ਕਾਵਿ-ਕਲਾ ਦਾ ਉੱਚਤਮ ਨਮੂਨਾ ਹੈ। ਮੀਆਂ ਮੁਹੰਮਦ ਬਖ਼ਸ਼ ਕਰਤਾ 'ਸੈਫੁਲ ਮਲੂਕ' ਨੇ ਬਾਬਾ ਫ਼ਰੀਦ ਨੂੰ ਪੰਜਾਬੀ ਦਾ ਪਹਿਲਾ ਸ਼ਾਇਰ ਮੰਨਿਆ

ਹੈ। ਉਹ ਲਿਖਦਾ ਹੈ :

'ਅਵੱਲ ਸ਼ੇਖ ਫ਼ਰੀਦ ਸ਼ਕਰਗੰਜ, ਆਰਿਫ ਅਹਿਲਿਵਿਲਾਇਤ
ਹਿਕ ਹਿਕ ਸੁਖ਼ਲ ਜਬਾਨ ਓਹੁਹਦੀ ਦਾ , ਰਾਹਬਰ ਰਾਹਿ ਹਿਦਾਇਤ'

ਉਪਰੋਕਤ ਕਥਨ ਤੋਂ ਸਪੱਸ਼ਟ ਹੈ ਕਿ ਬਾਬਾ ਫ਼ਰੀਦ ਦਾ ਸਥਾਨ ਪੰਜਾਬੀ ਸੂਫ਼ੀ ਕਵਿਤਾ ਵਿਚ ਪ੍ਰਥਮ ਹੈ ਅਤੇ ਉਹ ਪੰਜਾਬੀ ਦਾ ਸ਼ਰੋਮਣੀ ਸੂਫ਼ੀ ਕਵੀ ਹੋਇਆ ਹੈ ਤੇ ਉਸ ਤੋਂ ਪਿਛੋਂ ਸੁਲਤਾਨ ਬਾਹੂ ਇਸ ਮੈਦਾਨ ਦਾ ਸ਼ਾਹਸਵਾਰ ਕਵੀ ਹੈ।

ਹਾਫ਼ਿਜ ਮਹਿਮੂਦ ਸ਼ੀਰਾਨੀ 'ਪੰਜਾਬੀ ਮੇ ਉਰਦੂ (ਪੰਜਾਬੀ ਅਨੁਵਾਦ-ਭਾਸ਼ਾ ਵਿਭਾਗ, ਪੰਨਾ 55) ਲਿਖਦੇ ਹਨ :

''ਪੰਜਾਬੀ ਵਿਚ ਕਵਿਤਾ ਤੇ ਸਾਹਿਤ ਕਾਫ਼ੀ ਮਿਕਦਾਰ ਵਿਚ ਮੌਜੂਦ ਹੈ ਜਿਸ ਦਾ ਬਹੁਤ ਹਿੱਸਾ ਮੁਸਲਮਾਨਾਂ ਦੇ ਬੋਧਿਕ ਯਤਨਾਂ ਦਾ ਸਿੱਟਾ ਹੈ। ਖਵਾਜਾ ਮਸਊਦ ਸੁਲੇਮਾਨ ਤੋਂ ਪਿਛੋਂ ਪੰਜਾਬੀ ਦੇ ਪਹਿਲੇ ਕਵੀ ਸ਼ੇਖ ਫ਼ਰੀਦੁਦੀਨ ਮਸਹਊਦ (ਮ੍ਰਿਤ ਸੰਨ 664) ਹਿਜਰੀ ਹਨ।''

ਡਾ. ਮੋਹਨ ਸਿੰਘ (ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ, 1936, ਪੰਨਾ 21) ਦੇ ਕਥਨ ਅਨੁਸਾਰ ਸ਼ੇਖ ਜਾਂ ਬਾਬਾ ਫ਼ਰੀਦ ਇਸਲਾਮੀ ਰਹੱਸਵਾਦ ਸੂਫ਼ੀਮਤ ਦੇ ਪ੍ਰਸਾਰ ਕਰਨ ਵਾਲੇ ਮੁਢਲੇ ਬਜ਼ੁਰਗਾਂ ਵਿਚੋਂ ਸਨ। ਉਹ ਲਿਖਦੇ ਹਨ 'ਬਾਰਵੀ ਸਦੀ ਈਸਵੀ ਨੇ ਨਾ ਕੇਵਲ ਭਾਰਤ ਵਿਚ ਮੁਸਲਮਾਨੀ ਸ਼ਾਸਨ ਨੂੰ ਸੰਗਠਤ ਹੁੰਦੇ ਵੇਖਿਆ, ਸਗੋਂ ਮੁਲਤਾਨ, ਲਾਹੌਰ ਤੇ ਦਿੱਲੀ ਤੋਂ ਮੁਢਲੇ ਮੁਸਲਮਾਨੀ ਰਹੱਸਵਾਦ ਦੇ ਪ੍ਰਸਾਰ ਨੂੰ ਵੀ ਤਕਿਆ। ਸ਼ੇਖ ਬਾਬਾ ਫ਼ਰੀਦ ਤੇ ਇਤਿਹਾਸ ਵਿਚ ਕੇਵਲ ਇਕੋ ਇਕ ਫ਼ਰੀਦ ਆਉਂਦਾ ਹੈ। ਸਿੰਧ ਸਾਗਰੀ ਕਵਿਤਾ ਦਾ ਪਿਤਾਮਾ ਤੇ ਸਮੱਸ਼ ਤਬਰੇਜ ਦਾ ਸਮਕਾਲੀ ਸੀ।

ਲਾਜਵੰਤੀ ਰਾਮ ਕ੍ਰਿਸ਼ਨ (ਪੰਜਾਬੀ ਸੂਫ਼ੀ ਪੋਇਟਸ, ਦੂਜੀ ਐਡੀਸ਼ਨ-ਪੰਨਾ 2) ਭਾਵੇਂ ਸ਼ੇਖ ਫ਼ਰੀਦ ਨੂੰ ਸ਼ੇਖ ਇਬਰਾਹੀਮ ਸਾਨੀ (1450-1575 ਈ:) ਕਰਕੇ ਲਿਖਦਾ ਹੈ ਅਤੇ ਇਸ ਭੁਲੇਖੇ ਵਿਚ ਡਾ. ਸਾਧੂ ਰਾਮ ਸ਼ਾਰਦਾ (ਸੂਫ਼ੀ ਮਤ ਅਤੇ ਪੰਜਾਬੀ ਸੂਫ਼ੀ ਸਾਹਿਤ, ਪੰਨਾ 162) ਵੀ ਲਿਖਦਾ ਹੈ ਕਿ ਪੰਜਾਬੀ ਦਾ ਪ੍ਰਸਿੱਧ ਪੀਰ ਸ਼ੇਖ, ਇਬਰਾਹੀਮ (ਭਾਵ ਸ਼ੇਖ ਫ਼ਰੀਦ ਸਾਨੀ) ਪਹਿਲਾ ਪੰਜਾਬੀ ਸੂਫ਼ੀ ਕਵੀ ਹੈ। ਪਰ ਨਾਲ ਉਹ ਇਹ ਵੀ ਲਿਖਦਾ ਹੈ (ਪੰਨਾ 21) ਕਿ 'ਚਿਸ਼ਤੀ ਸੂਫ਼ੀ ਸਿਲਸਿਲੇ ਨੂੰ ਪੰਜਾਬੀ ਵਿਚ ਸਭ ਤੋਂ ਪਹਿਲਾਂ ਤੇਰ੍ਹਵੀਂ ਸਦੀ ਵਿਚ ਫ਼ਰੀਦ-ਉਦੀਨ ਸ਼ਕਰਗੰਜ ਨੇ ਪੁਨਰ ਸੁਰਜੀਤ ਕੀਤਾ ਅਤੇ ਉਹ ਸ਼ੇਖ ਇਬਰਾਹੀਮ (ਫ਼ਰੀਦ ਸਾਨੀ) ਦਾ ਦਾਦਾ ਸੀ ਤੇ ਇਬਰਾਹੀਮ ਬਾਬਾ ਫ਼ਰੀਦ ਦੀ ਗੱਦੀ ਦਾ ਯਾਰ੍ਹਵਾਂ ਮਾਲਕ ਸੀ....ਐਮ.ਏ. ਮੈਕਾਲਿਫ਼ (ਸਿੱਖ ਰਿਲਿਜ਼ਨ)।

ਡਾ. ਕਾਨ੍ਹ ਸਿੰਘ (ਮਹਾਨ ਕੋਸ਼) ਡਾ. ਗੋਪਾਲ ਸਿੰਘ, ਸੁਰਿੰਦਰ ਸਿੰਘ ਨਰੂਲਾ (ਪੰਜਾਬੀ ਸਾਹਿਤ ਦਾ ਇਤਿਹਾਸ) ਆਦਿ ਦਾ ਵਿਚਾਰ ਹੈ ਕਿ ਸ਼ੇਖ ਫ਼ਰੀਦ ਦੇ ਪਦਾਂ ਦਾ ਲੇਖਕ ਫ਼ਰੀਦ ਸਾਨੀ ਹੈ ਪਰੰਤੂ ਪਰਮਿੰਦਰ ਸਿੰਘ, ਕ੍ਰਿਪਾਲ ਸਿੰਘ ਕਸੇਲ (ਪੰਜਾਬੀ ਸਾਹਿਤ ਦੀ ਉਤਪੱਤੀ ਦੇ ਵਿਕਾਸ-ਪੰਨਾ 191), ਚੰਦਰਕਾਂਤ ਬਾਲੀ (ਪੰਜਾਬ ਪ੍ਰਾਂਤੀਯ ਹਿੰਦੀ ਸਾਹਿਤਯ ਕਾ ਇਤਿਹਾਸ-ਪੰਨਾ 121-3), ਡਾ. ਜੀਤ ਸਿੰਘ ਸੀਤਲ (ਪੰਜਾਬੀ ਸਾਹਿਤ ਦੇ ਆਲੋਚਨਾਤਮਕ ਇਤਿਹਾਸ-ਪੰਨਾ 63-73) ਤੇ ਪੰਜਾਬੀ ਸਾਹਿਤ ਦੇ ਹੋਰ ਇਤਿਹਾਸਕਾਰ ਫ਼ਰੀਦ ਸ਼ਕਰਗੰਜ (1173 ਤੋਂ 1265 ਈ:) ਨੂੰ ਹੀ ਪਹਿਲੇ ਫਰੀਦ ਤੇ ਸ੍ਰੀ ਗੁਰੂ ਗ੍ਰੰਥ ਵਿਚ ਆਏ ਸ਼ਬਦ-ਸਲੋਕਾਂ ਦਾ ਰਚਨਹਾਰ ਮੰਨਦੇ ਹਨ ਤੇ ਇਹ ਹੈ ਵੀ ਸਚਾਈ ਹੀ। ਇਹ ਤੱਥ ਨੂੰ ਕੇ. ਏ. ਨਿਜ਼ਾਮੀ (ਲਾਈਫ ਐਂਡ ਟਾਈਮੰਜ ਆਫ ਸ਼ੇਖ ਫ਼ਰੀਦ ਬਾਬਾ ਫ਼ਰੀਦ-ਉਦੀਨ ਸ਼ਕਰਗੰਜ) ਵੀ ਸਵੀਕਾਰ ਕਰ ਚੁੱਕਾ ਹੈ। ਇਸ ਲਈ ਇਸ ਗੱਲ ਨਾਲ ਸਹਿਮਤ ਹੋਣਾ ਵੀ ਉਚਿਤ ਹੈ ਕਿ ਸ਼ੇਖ ਫ਼ਰੀਦ ਸ਼ਕਰਗੰਜ ਵੀ ਅਜਿਹਾ ਪਹਿਲਾ ਸੂਫ਼ੀ ਦਰਵੇਸ਼ ਹੋਇਆ ਹੈ ਜਿਸ ਨੇ ਬਾਰ੍ਹਵੀ ਸਦੀ ਵਿਚ ਪੰਜਾਬੀ ਸੂਫ਼ੀ ਕਵਿਤਾ ਦਾ ਆਰੰਭ ਕੀਤਾ ਅਤੇ ਕਈ ਇਕ ਸ਼ਬਦ ਸਲੋਕ ਪੰਜਾਬੀ ਵਿਚ ਰਚੇ।

ਡਾ. ਮੋਹਨ ਸਿੰਘ (ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ ਅਤੇ ਸੂਫ਼ੀਆਂ ਦਾ ਕਲਾਮ) ਵੀ ਸ਼ੇਖ ਫ਼ਰੀਦ ਸ਼ਕਰਗੰਜ ਨੂੰ ਹੀ ਪਹਿਲਾ ਸੂਫ਼ੀ ਤੇ ਪੰਜਾਬੀ ਸੂਫ਼ੀ ਕਵਿਤਾ ਦਾ ਮੋਢੀ ਗਿਣਦਾ ਹੈ। ਉਸ ਨੇ ਗੁਰੂ ਗ੍ਰੰਥ ਸਾਹਿਬ ਵਿਚ ਸਲੋਕਾਂ ਤੋਂ ਛੁਟ, ਹੋਰ ਵੀ ਕਈ ਇਕ ਸਲੋਕ ਸ਼ੇਖ ਫ਼ਰੀਦ ਸ਼ਕਰਗੰਜ ਦੇ ਨਾਮ ਹੇਠ ਦਿੱਤੇ ਹਨ। ਇਨ੍ਹਾਂ ਸਾਰੇ ਤੱਥਾਂ ਤੋਂ ਏਹੀ ਸਿੱਧ ਹੁੰਦਾ ਹੈ ਕਿ ਸ਼ੇਖ ਫ਼ਰੀਦ ਸ਼ਕਰਗੰਜ ਹੀ ਪਹਿਲਾ ਪੰਜਾਬੀ ਸੂਫ਼ੀ ਕਵੀ ਹੋਇਆ ਹੈ ਤੇ ਉਹ ਹੀ ਪੰਜਾਬੀ ਸੂਫ਼ੀ ਕਵਿਤਾ ਦਾ ਮੋਢੀ ਤੇ ਪਿਤਾਮਾ ਹੈ। ਉਸ ਨੇ ਪੰਜਾਬੀ ਸੂਫ਼ੀ ਕਵਿਤਾ ਦਾ ਨੀਂਹ ਬੰਨ੍ਹਿਆ। ਇਸ ਲਈ ਉਸ ਦੀ ਰਚਨਾ ਦੀ ਸਰਵ-ਸ੍ਰੇਸ਼ਠਤਾ ਪ੍ਰਤੱਖ ਤੇ ਪ੍ਰਮਾਣਿਕ ਹੈ। ਸੂਫ਼ੀ ਕਵਿਤਾ ਦੇ ਮੁੱਢ ਤੇ ਪਿਤਾਮਾ ਹੋਣ ਤੋਂ ਛੁਟ, ਹਾਫ਼ਜ ਮਹਿਮੂਦ ਸ਼ੀਰਾਨੀ (ਪੰਜਾਬ ਮੇਂ ਉਰਦੂ-ਅਨੁਵਾਦ ਪੰਨਾ 234) ਅਨੁਸਾਰ ਬਾਬਾ ਫ਼ਰੀਦ ਉਰਦੂ ਜਾਂ

ਹਿੰਦੁਸਤਾਨੀ ਦੇ ਵੀ ਪ੍ਰਥਮ ਸ਼ਾਇਰ ਹੋਏ ਹਨ। ਨਮੂਨਾ ਇਸ ਪ੍ਰਕਾਰ ਦਿੱਤਾ ਹੈ -

'ਵਕਤੇ ਸਾਹਰ ਵਕਤੇ ਮੁਨਾਜਾਤ ਹੈ
ਖੋਜ ਦਰਾ ਵਕਤ ਕਿ ਬਾਰਾਤ ਹੈ'।

ਇਸ ਤਰ੍ਹਾਂ ਸ਼ੇਖ ਫ਼ਰੀਦ ਭਾਰਤੀ ਲੋਕ ਭਾਸ਼ਾਵਾਂ ਵਿਚ ਸਭ ਤੋਂ ਪਹਿਲਾਂ ਸੂਫ਼ੀ ਦਰਵੇਸ਼ ਕਿਹਾ ਜਾ ਸਕਦਾ ਹੈ। ਜਿਸ ਨੇ ਆਪਣੇ ਸੂਖਮ ਤੇ ਅਧਿਆਤਮਿਕ ਭਾਵਾਂ ਨੂੰ ਪ੍ਰਗਟਾਉਣ ਲਈ ਪੱਛਮੀ ਪੰਜਾਬੀ ਨੂੰ ਸਫਲਤਾ ਸਹਿਤ ਆਪਣਾ ਵਾਹਨ ਬਣਾਇਆ। ਇਸ ਤੱਥ ਕਰਕੇ ਸ਼ੇਖ ਫ਼ਰੀਦ ਦਾ ਕੱਦ ਹੋਰ ਵੀ ਅਧਿਕ ਵਡੇਰਾ ਹੋ ਜਾਂਦਾ ਹੈ ਤੇ ਉਸ ਦੇ ਸਾਹਿਤਿਕ ਸਥਾਨ ਦੀ ਮਹੱਤਤਾ ਤੇ ਕੀਮਤ ਵੱਧ ਜਾਂਦੀ ਹੈ।

ਅਧਿਆਤਮਿਕ ਤੇ ਸਾਹਿਤਿਕ ਜਗਤ ਵਿਚ 'ਬਾਬਾ' ਸ਼ਬਦ ਦਾ ਵੱਡਾ ਸਤਿਕਾਰ ਹੈ। ਦਰਸ਼ਨ, ਧਰਮ, ਸਾਹਿਤ ਤੇ ਆਯੂ ਪੱਖੋਂ ਵੀ 'ਬਾਬਾ' ਮਹਾਨ ਤੇ ਵਡੇਰੇ ਬਜ਼ੁਰਗ ਨੂੰ ਕਿਹਾ ਜਾਂਦਾ ਹੈ ਜਿਸ ਦਾ ਸਥਾਨ ਉੱਚਾ ਤੇ ਸਤਿਕਾਰਯੋਗ ਮੰਨਿਆ ਜਾਂਦਾ ਹੈ। ਪੰਜਾਬੀ ਅਧਿਆਤਮਿਕ ਤੇ ਸਾਹਿਤਿਕ ਸੰਸਾਰ ਵਿਚ ਬਾਬਾ ਗੋਰਖ, ਬਾਬਾ ਫ਼ਰੀਦ ਤੇ ਬਾਬਾ ਨਾਨਕ ਦਾ ਆਪਣਾ ਵਿਸ਼ੇਸ਼ ਸਥਾਨ ਤੇ ਪਦ ਹੈ, ਜਿਸ ਨਾਲ ਕਿਸੇ ਦੂਜੇ ਨੂੰ ਸਮਾਨਤਾ ਜਾਂ ਉਪਮਾ ਨਹੀਂ ਦਿੱਤੀ ਜਾ ਸਕਦੀ।

ਡਾ. ਜੀਤ ਸਿੰਘ ਸ਼ੀਤਲ (ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ - ਪੰਨਾ 72) ਇਸ ਸੰਬੰਧ ਵਿਚ ਕਰਤਾ 'ਕਲਮ ਦੇ ਧਨੀ' (ਪਿਆਰਾ ਸਿੰਘ ਪਦਮ) ਦਾ ਹਵਾਲਾ ਦਿੰਦੇ ਹੋਏ ਸੰਕੇਤ ਕਰਦੇ ਹਨ, ਪੰਜਾਬੀ ਜੀਵਨ ਵਿਚ ਬਜ਼ੁਰਗ ਬਾਬਿਆਂ-ਬਾਬਾ ਗੋਰਖ, ਬਾਬਾ ਫ਼ਰੀਦ ਤੇ ਬਾਬਾ ਨਾਨਕ - ਦੀ ਪ੍ਰਤਿਸ਼ਠਾ ਤੇ ਪ੍ਰਸਿੱਧੀ ਉਸੇ ਤਰ੍ਹਾਂ ਹੈ ਜਿਵੇਂ ਹਿੰਦੂ ਮਤ ਵਿਚ ਤਿੰਨ ਦੇਵਤਿਆਂ ਦੀ ਪੂਜਾ।'

ਬਾਬਾ ਬੁੱਧ ਸਿੰਘ (ਕੋਇਕੂ, ਪੰਨਾ 76) ਵੀ ਬਾਬਾ ਫ਼ਰੀਦ ਦੀ ਰਚਨਾ ਨੂੰ ਸਭ ਤੋਂ ਪੁਰਾਣੀ ਕਵਿਤਾ ਮੰਨਦੇ ਹਨ। ਉਹ ਲਿਖਦੇ ਹਨ ਅੱਜ ਕੱਲ੍ਹ ਦੀ ਬੋਲੀ ਦੇ ਅਨੁਸਾਰ ਸਭ ਤੋਂ ਪੁਰਾਣੀ ਕਵਿਤਾ ਬਾਬਾ ਫ਼ਰੀਦ ਦੀ ਹੈ। ਇਸ ਤੋਂ ਪੁਰਾਣੀ ਕਵਿਤਾ ਬਾਰੇ ਕੁਝ ਪਤਾ ਨਹੀਂ।

ਫ਼ਰੀਦ ਦਾ ਕੇਵਲ ਪੰਜਾਬੀ ਪੁਰਾਤਨ ਕਵਿਤਾ ਵਿਚ ਹੀ ਪ੍ਰਥਮ ਸਥਾਨ ਨਹੀਂ, ਅਸੀਂ ਉਸ ਨੂੰ ਉੱਤਰੀ ਭਾਰਤ ਦੀ ਸਭ ਤੋਂ ਮੁੱਢਲੀ ਹਿੰਦੂ-ਮੁਸਲਿਮ ਕਵਿਤਾ ਦਾ ਪਿਤਾਮਾ ਵੀ ਕਹਿ ਸਕਦੇ ਹਾਂ। ਆਈ. ਸੈਰੀਬਰਾਇਆਕੋਵ (ਪੰਜਾਬੀ ਲਿਟਰੇਚਰ, ਪੰਨਾ 22-23) ਲਿਖਦਾ ਹੈ - ਅਰਥਾਤ ਹਿੰਦੂ-ਮੁਸਲਿਮ ਸਾਹਿਤਿਕ ਭਾਵਾਂ ਦਾ ਪਹਿਲਾ ਮਹੱਤਵਪੂਰਨ ਪ੍ਰਗਟਾਉ ਸ਼ੇਖ ਫ਼ਰੀਦ ਸ਼ਕਰਗੰਜ ਨੇ ਕੀਤਾ।

ਸ਼ੇਖ ਫ਼ਰੀਦ ਦੇ ਪ੍ਰਗਟਾਏ ਹੋਏ ਭਾਵਾਂ ਨੂੰ ਮੱਧ-ਕਾਲ ਦੇ ਭਗਤ ਕਵੀਆਂ ਨੇ ਸੰਤ ਭਾਸ਼ਾ ਵਿਚ ਵਿਦਮਾਨ ਕੀਤਾ। ਭਗਤ ਕਬੀਰ, ਰਵਿਦਾਸ, ਨਾਮਦੇਵ ਆਦਿ ਭਗਤਾਂ ਨੇ ਸ਼ੇਖ ਫ਼ਰੀਦ ਦੇ ਸ਼ਲੋਕਾਂ ਦੇ ਸੂਖਮ ਭਾਵ ਨੂੰ ਆਪਣੇ ਕਈ ਇਕ ਸ਼ਬਦ ਸਲੋਕਾਂ ਵਿਚ ਸਾਕਾਰ ਕੀਤਾ। ਭਗਤੀ ਲਹਿਰ ਫ਼ਰੀਦ ਤੋਂ ਪਿਛੋਂ ਹੀ ਜਨਮਦੀ ਤੇ ਪ੍ਰਵਾਨ ਚੜ੍ਹਦੀ ਹੈ। ਫ਼ਰੀਦ ਨੇ ਨਿਰਗੁਣ ਧਾਰਾ ਦੀ ਭਗਤੀ ਦਾ ਵੀ ਬੀਜ ਬੋਇਆ।

ਇਸ ਤਰ੍ਹਾਂ ਸ਼ੇਖ ਫ਼ਰੀਦ ਦਾ, ਸਮੁੱਚੇ ਉੱਤਰੀ ਭਾਰਤ ਦੇ ਮੁਢਲੇ ਕਾਵਿ ਇਤਿਹਾਸ ਵਿਚ ਵਿਸ਼ੇਸ਼ ਮਹੱਤਤਾ ਭਰਿਆ ਸਥਾਨ ਮੰਨਿਆ ਗਿਆ ਹੈ, ਜਿਸ ਉਪਰ ਪੰਜਾਬੀ ਸੂਫ਼ੀ ਕਵਿਤਾ ਨੂੰ ਫ਼ਖ਼ਰ ਹੋ ਸਕਦਾ ਹੈ।

ਕਲਾ ਤੇ ਭਾਸ਼ਾ ਦੇ ਪੱਖ ਤੋਂ ਵੀ ਇਹ ਬਿਨਾਂ ਕਿਸੇ ਸੰਕੋਚ ਦੇ ਕਿਹਾ ਜਾ ਸਕਦਾ ਹੈ ਕਿ ਸ਼ੇਖ ਫ਼ਰੀਦ ਦੇ ਪ੍ਰਯੋਗ ਕੀਤੇ ਹੋਏ ਅਲੰਕਾਰ, ਰੂਪਕ, ਪ੍ਰਤੀਕ, ਬਿੰਬ ਆਦਿਕ ਪਿਛੋਂ ਰਚੀ ਜਾਣ ਵਾਲੀ ਪੰਜਾਬੀ ਤੇ ਭਗਤੀ ਕਵਿਤਾ ਨੇ ਖੁੱਲ ਦਿਲੀ ਨਾਲ ਵਰਤੇ। ਇਸ ਪ੍ਰਕਾਰ ਸ਼ੇਖ ਫ਼ਰੀਦ ਦੀ ਬਾਣੀ ਤੇ ਭਾਸ਼ਾ ਦਾ ਪ੍ਰਭਾਵ ਪੰਜਾਬੀ ਸੂਫ਼ੀ ਕਵਿਤਾ, ਭਗਤੀ ਕਵਿਤਾ, ਕਿੱਸਾ ਕਾਵਿ ਨੇ ਵੀ ਗ੍ਰਹਿਣ ਕੀਤਾ। ਉਸਦੀ ਭਾਸ਼ਾ ਲੋਕ ਭਾਸ਼ਾ ਸੀ ਅਤੇ ਪ੍ਰਯੋਗ ਕੀਤੇ ਹੋਏ ਅਲੰਕਾਰ, ਰੂਪਕ ਆਦਿ, ਪੇਂਡੂ ਜੀਵਨ ਵਿਚੋਂ ਲਏ ਗਏ ਸਨ ਤੇ ਉਹ ਨਿਤਾ-ਪ੍ਰਤੀ ਦੇ ਸਮਾਜਿਕ ਜੀਵਨ ਦਾ ਜੀਵੰਤ ਭਾਗ ਸਨ।

ਫ਼ਰੀਦ ਦੀ ਭਾਸ਼ਾ ਪੁਰਾਤਨ ਪੰਜਾਬੀ ਜਾਂ ਪੱਛਮੀ ਪੰਜਾਬੀ ਦਾ ਉਹ ਰੂਪ ਹੈ, ਜੋ ਉਸ ਸਮੇਂ ਪ੍ਰਾਕ੍ਰਿਤ ਤੋਂ ਅਪਭ੍ਰੰਸ਼ ਬਣੀ ਭਾਸ਼ਾ ਨੂੰ ਆਧੁਨਿਕ ਕਾਲ ਵਿਚ ਪ੍ਰਵੇਸ਼ ਕਰਾਉਣ ਵਾਲਾ ਹੈ। ਫ਼ਰੀਦ ਦੀ ਕਵਿਤਾ ਦੀ ਪਰੰਪਰਾ ਸਾਫ ਤੌਰ ਤੇ ਅਪਭ੍ਰੰਸ਼ ਕਾਵਿ ਰਚਨਾ ਨਾਲ ਜੁੜੀ ਹੋਈ ਹੈ, (ਪੰਜਾਬੀ ਦੁਨੀਆਂ-ਫ਼ਰੀਦ ਅੰਕ, ਪੰਨਾ 19) ਸ਼ੇਖ ਫ਼ਰੀਦ ਪੰਜਾਬੀ ਕਵੀ ਹੈ, ਜਿਸ ਦੀ ਵਿਚਾਰਧਾਰਾ ਨਿਰੋਲ ਦੇਸੀ ਸੀ। ਉਸ ਨੇ ਸ਼ਬਦਾਵਲੀ, ਬਿੰਬਾਵਲੀ ਤੇ ਛੰਦ ਵਿਧਾਨ ਵਿਚ ਫ਼ਾਰਸੀ ਤੋਂ ਬਹੁਤ

ਘੱਟ ਲਿਆ ਹੈ। ਇਥੋਂ ਤੱਕ ਕਿ ਉਸਨੇ ਫ਼ਾਰਸੀ ਅਸਲ (ਤਤਸਮ) ਸ਼ਬਦਾਵਲੀ ਨੂੰ ਵੀ ਤਦਭਵ ਰੂਪ ਵਿਚ ਕਬੂਲਿਆ ਹੈ ਤੇ ਉਹ ਹੀ ਕੇਵਲ ਉਸ ਹੱਦ ਤੱਕ, ਜਿਸ ਹੱਦ ਤਕ, ਉਹ ਪੰਜਾਬੀ ਬੋਲੀ ਵਿਚ ਰਚ ਕੇ ਘੁਲ ਮਿਲ ਚੁਕੀ ਸੀ। ਫ਼ਰੀਦ ਆਧੁਨਿਕ ਆਰਾਯਾਈ ਬੋਲੀਆਂ ਦਾ ਪ੍ਰਥਮ ਕਵੀ ਹੈ। ਜਿਸ ਦੀ ਕਾਵਿ-ਪਰੰਪਰਾ ਉਸ ਤੋਂ ਪਹਿਲਾਂ ਤੇ ਅਪਭ੍ਰੰਸ਼ ਕਾਵਿ ਵਿਚੋਂ ਹੀ ਲੱਭੀ ਜਾ ਸਕਦੀ ਹੈ। ਅਧਿਆਤਮਿਕ ਕਵਿਤਾ ਦੀ ਸਿੱਧਾਂ ਨਾਥਾਂ ਦੀ ਅਪਭ੍ਰੰਸ਼ ਕਾਵਿ-ਪਰੰਪਰਾ ਨੂੰ ਫ਼ਰੀਦ ਨੇ ਪੰਜਾਬੀ ਕਵਿਤਾ ਵਿਚ ਰੂਪਮਾਨ ਕੀਤਾ।

ਫ਼ਰੀਦ ਨੇ ਸੂਫ਼ੀ ਤੱਤਾਂ ਤੇ ਸਿਧਾਂਤਾਂ ਨੂੰ ਸਭ ਤੋਂ ਪਹਿਲਾਂ ਅਪਣਾਇਆ ਤੇ ਉਨ੍ਹਾਂ ਦਾ ਲੋਕ-ਕਾਵਿ ਦੁਆਰਾ ਵਿਸ਼ਲੇਸ਼ਣ ਕੀਤਾ। ਉਸਨੇ 'ਹਕੀਕਤ ਹੁਸਨ ਹੈ' ਅਰਥਾਤ 'ਅਜ਼ਲੀ ਹਕੀਕਤ ਹੀ ਹੁਸਨ-ਏ-ਮੁਤਲਕ ਹੈ' ਦੇ ਭਾਵ ਨੂੰ ਆਪਣੇ ਸ਼ਬਦਾਂ/ਸਲੋਕਾਂ ਰਾਹੀਂ ਉਘਾੜਿਆ। ਪਰਮਸੱਤਾ ਦੀ ਸੋਝੀ ਅੰਤਰ ਪ੍ਰਕਾਸ਼ ਦੀ ਅਵਸਥਾ ਦੁਆਰਾ ਕਰਵਾਈ। ਇਹ ਵੀ ਦਸਿਆ ਕਿ ਪਰਮਸੱਤਾ ਨਿਰਵਿਸ਼ੇਸ਼ ਅਤੇ ਅਰੂਪ ਹੈ ਅਤੇ ਇਹ ਪਰਮਸੱਤਾ ਇਕ (ਵਾਹਿਦ) ਹੈ। ਪਰਮ ਵਾਸਤਵਿਕਤਾ ਪਰਮ ਨਿਰਪੇਖਕ ਪ੍ਰਕਾਸ਼ ਹੈ ਅਤੇ ਹਕੀਕਤ ਖਿਆਲ ਹੈ ਅਰਥਾਤ ਪਰਮ ਵਾਸਤਵਿਕਤਾ ਵਿਚਾਰ ਤੱਤਵ ਦੀ ਹੈਸੀਅਤ ਰਖਦੀ ਹੈ। ਇਹ ਸਾਰੀ ਮੁਢਲੀ ਸੂਫ਼ੀ ਵਿਚਾਰਧਾਰਾ ਦੀ ਸ਼ੇਖ ਫ਼ਰੀਦ ਨੇ ਆਪਣੀ ਰਚਨਾ ਦੁਆਰਾ ਵਿਆਖਿਆ ਕੀਤੀ। ਜਗ-ਰਚਨਾ ਜਾਂ ਸ੍ਰਿਸ਼ਟੀ (ਕਾਇਨਾਤ) ਅਤੇ ਮਨੁੱਖ ਦੀ ਪੂਰਨਤਾ ਬਾਰੇ ਵੀ ਫ਼ਰੀਦ ਨੇ ਸੂਫ਼ੀ ਵਿਚਾਰਧਾਰਾ ਨੂੰ ਹੀ ਪੇਸ਼ ਕੀਤਾ।

ਉਸ ਨੇ ਸੂਫ਼ੀ ਸਾਧਨਾ ਤੇ ਸੂਫ਼ੀ ਜੀਵਨ ਸੰਬੰਧੀ ਵੀ ਵਿਚਾਰ ਪ੍ਰਗਟ ਕੀਤੇ। ਇਸ ਤਰ੍ਹਾਂ ਫਰੀਦ ਹੀ ਅਜਿਹਾ ਪਹਿਲਾ ਸੂਫ਼ੀ ਕਵੀ ਹੈ, ਜਿਸਨੇ ਸੂਫ਼ੀ ਵਿਚਾਰਧਾਰਾ, ਸੂਫ਼ੀ ਜੀਵਨ ਤੇ ਸੂਫ਼ੀ ਸਾਧਨਾ ਨੂੰ ਲੋਕ ਭਾਸ਼ਾ ਦੁਆਰਾ ਜਨ ਸਮੂਹ ਤਕ ਪਹੁੰਚਾਇਆ। ਫ਼ਰੀਦ ਨਾਲ ਸੂਫ਼ੀ ਭਾਵ ਲੋਕ-ਭਾਸ਼ਾ ਦੇ ਮਾਧਿਅਮ ਦੁਆਰਾ ਲੋਕਾਂ ਤਕ ਪਹਿਲੀ ਵਾਰ ਪੁੱਜੇ।

ਸੂਫ਼ੀ ਮੱਤ ਦੇ ਇਤਿਹਾਸ-ਕ੍ਰਮ ਅਨੁਸਾਰ ਤਿੰਨ ਦੌਰ ਮੰਨੇ ਜਾਂਦੇ ਹਨ। ਇਸਲਾਮ ਦੇ ਪ੍ਰਾਰੰਭਕ ਕਾਲ ਵਿਚ ਮੁਸਲਮਾਨ ਸੂਫ਼ੀ ਸੰਤਾਂ ਨੇ ਸਾਦਗੀ, ਚਿੱਤ ਸਾਧਨਾ, ਆਤਮਯੋਗ ਅਤੇ ਆਤਮਿਕ ਸਵੱਛਤਾ ਨੂੰ ਸਾਧਨਾ/ਅਭਿਆਸ ਦਾ ਆਧਾਰ ਬਣਾਇਆ। ਇਹ ਸੰਤ ਇਲਾਹੀ ਅਜ਼ਾਬ (ਪਰਮੇਸ਼ਵਰੀ) ਤਾੜਨਾ ਦੇ ਡਰ ਕਾਰਨ ਰੋਂਦੇ ਅਤੇ ਕੰਬਦੇ ਰਹਿੰਦੇ ਸਨ, ਕਰੜੀ ਤਪੱਸਿਆ ਕਰਦੇ ਸਨ ਅਤੇ ਰਾਤਾਂ ਨੂੰ ਜਾਗਦੇ ਤੇ ਵਰਤ ਰਖਦੇ ਸਨ। ਇਸ ਪ੍ਰਕਾਰ ਦੀ ਸਾਧਨਾ ਤਸੱਵੁਫ਼ ਲਈ ਸ਼ਕਤੀ ਕੇਂਦਰ ਸਾਬਤ ਹੋਈ। ਤਾਰੀਖੇ-ਤਸੱਵੁਫ਼ੇ-ਇਸਲਾਮ (ਪੰਨਾ-144) ਅਨੁਸਾਰ ਇਸ ਦੌਰ ਦੇ ਇਸਲਾਮੀ ਤਸੱਵੁਫ਼ ਦੇ ਗੁਣ ਇਸ ਪ੍ਰਕਾਰ ਹਨ :

> ਸੰਸਾਰ ਵਿਚ ਰਹਿ ਕੇ ਸੰਸਾਰ ਵਲੋਂ ਉਪਰਾਮਤਾ,
> ਸੰਸਾਰਿਕ ਮੋਹ ਤੋਂ ਨਿਰਲੇਪਤਾ,
> ਪ੍ਰਭੂ ਸਿਮਰਨ, ਤਵੱਕੁਲ (ਭਰੋਸਾ)
> ਪਰਮੇਸ਼ਵਰ ਦਾ ਭੈਅ ਅਤੇ ਆਤਮ ਗਿਆਨ ਪ੍ਰਾਪਤ ਲਈ ਯਤਨ।

ਇਸ ਪ੍ਰਕਾਰ ਦੇ ਤਸੱਵੁਫ਼ ਨੂੰ ਆਬਿਦਾਨਾ ਤਸੱਵੁਫ਼ (ਤਪੱਸਿਆ ਪ੍ਰਧਾਨ ਰਹੱਸਵਾਦ) ਕਿਹਾ ਜਾਂਦਾ ਹੈ ਜਾਂ ਇਹ ਕਿ ਸ਼ੇਖ ਫ਼ਰੀਦ ਦੀ ਕਾਵਿ-ਵਿਚਾਰਧਾਰਾ ਇਸੇ ਆਬਿਦਾਨਾ ਤਸੱਵੁਫ਼ ਦੀ ਧਾਰਨੀ ਹੈ। ਇਸੇ ਵਿਚਾਰਧਾਰਾ ਦਾ ਉਹ ਪ੍ਰਥਮ ਤੇ ਸ੍ਰੋਮਣੀ ਕਵੀ ਹੈ। ਪੂਰਵ-ਨਾਨਕ ਕਾਲ ਵਿਚ ਪ੍ਰਚੱਲਤ ਵਿਚਾਰਧਾਰਾ ਵਿਚ ਸੂਫ਼ੀ ਵਿਚਾਰਧਾਰਾ ਦਾ ਆਪਣਾ ਵਿਸ਼ੇਸ਼ ਸਥਾਨ ਹੈ। ਨਾਥ ਜੋਗੀਆਂ ਦੀਆਂ ਪਦਾਵਲੀਆਂ, ਜੋਧਿਆਂ ਦੀਆਂ ਲੋਕ ਵਾਰਾਂ, ਜਨ-ਸਾਧਾਰਨ ਦੀਆਂ ਕਾਵਿ-ਰਚਨਾਵਾਂ ਅਤੇ ਬੁਝਾਰਤਾਂ, ਸ਼ਬਦਾਂ ਸਲੋਕਾਂ ਨਾਲ ਪੂਰਵ ਨਾਨਕ ਕਾਲ ਦਾ ਕਾਵਿ-ਭੰਡਾਰ ਭਰਿਆਂ ਪਿਆ ਹੈ। ਲਿਖਤੀ ਰੂਪ ਵਿਚ ਮੁਸਲਮਾਨ ਕਵੀਆਂ ਵਿਚੋਂ ਸ਼ੇਖ ਫ਼ਰੀਦ, ਅਮੀਰ ਖੁਸਰੋ, ਸ਼ਾਹ-ਮੀਰਾ, ਉਨ੍ਹਾਂ ਦੇ ਪੁੱਤਰ ਸ਼ਾਹ ਬੁਰਾਹਾਨੁਦੀਨ ਆਦਿ ਦੀਆਂ ਰਚਨਾਵਾਂ ਸਾਡੇ ਤੱਕ ਪੁੱਜੀਆਂ ਹਨ, ਇਨ੍ਹਾਂ ਵਿਚੋਂ ਵੀ ਸ਼ੇਖ ਫ਼ਰੀਦ ਹੀ ਸ਼੍ਰੋਮਣੀ ਤੇ ਪ੍ਰਥਮ ਸੂਫ਼ੀ ਕਵੀ ਹੈ।

ਪੂਰਵ ਨਾਨਕ ਕਾਲ ਦੇ ਪੰਜਾਬੀ ਸਾਹਿਤ ਦੇ ਧੁੰਦਲੇ ਅਕਾਸ਼ਾਂ ਉਪਰ ਸ਼ੇਖ ਫ਼ਰੀਦ ਹੀ ਇਕ ਚਮਕਦਾ ਲੋਅ ਦਿੰਦਾ ਧਰੂ ਤਾਰਾ ਹੈ। ਫ਼ਰੀਦ ਦੇ ਸ਼ਬਦਾਂ/ਸਲੋਕਾਂ ਸਦਕਾ ਪੰਜਾਬੀ ਸਾਹਿਤ ਦਾ ਪੂਰਵ ਨਾਨਕ ਕਾਲ ਰੌਸ਼ਨ ਹੈ।

### ਸਹਾਇਕ ਪੁਸਤਕਾਂ

1. ਅੰਮ੍ਰਿਤਲਾਲ ਪਾਲ, ਬਾਬਾ ਫ਼ਰੀਦ ਜੀਵਨ ਤੇ ਰਚਨਾ, ਆਰ.ਐਸ. ਪਬਲੀਕੇਸ਼ਨ, ਪਟਿਆਲਾ, 1999.
2. ਸਰਵਨ ਸਿੰਘ ਪਰਦੇਸੀ (ਡਾ.), ਬਾਬਾ ਫ਼ਰੀਦ ਦੀ ਦੁਖ-ਚੇਤਨਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1996.
3. ਹੀਰਾ ਸਿੰਘ ਬਾਬੂ, ਰਚਨਾ ਸ਼ੇਖ ਫ਼ਰੀਦ ਤੇ ਗੁਰਮਤਿ, ਸ਼ੇਰਪੁਰ ਬਾਈਪਾਸ ਗੁਰਮਤਿ ਰਹਿਣੀ, ਲੁਧਿਆਣਾ, 1974.
4. ਗੁਰਮੁਖ ਸਿੰਘ (ਡਾ.) ਅਤੇ ਅਜੀਤ ਸਿੰਘ ਕੱਕੜ, ਸ਼ੇਖ ਫ਼ਰੀਦ : ਬਹੁਪੱਖੀ ਅਧਿਐਨ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1977.
5. ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.
6. ਜਸਪਾਲ ਸਿੰਘ, ਫ਼ਰੀਦ ਬਾਣੀ ਅਰਥ ਅਤੇ ਸੰਕੇਤ ਕੋਸ਼, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007.
7. ਜੀ.ਬੀ. ਸਿੰਘ, ਜੀਵਨ ਚਰਿਤ੍ਰ ਸ਼ੇਖ਼ ਫ਼ਰੀਦ, ਖਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ, 1915.
8. ਪਿਆਰਾ ਸਿੰਘ ਪਦਮ, ਬੋਲੈ ਸ਼ੇਖ਼ ਫ਼ਰੀਦ, ਕਲਮ ਮੰਦਿਰ, ਪਟਿਆਲਾ, 1978.
9. ਪ੍ਰੀਤਮ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ 'ਸ਼ੇਖ਼ ਫ਼ਰੀਦ' ਦੀ ਭਾਲ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008.
10. ਪ੍ਰੀਤਮ ਸਿੰਘ (ਪ੍ਰੋ.) (ਸੰਪਾ.), ਸ਼ਕਰਗੰਜ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982.
11. ਬਲਬੀਰ ਕੌਰ ਤੇ ਤਾਰਨ ਸਿੰਘ, ਸ਼ੇਖ਼ ਫ਼ਰੀਦ : ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,
12. ਰਤਨ ਸਿੰਘ ਜੱਗੀ, ਬਾਣੀ ਫ਼ਰੀਦ, ਪੈਪਸੂ ਬੁਕ ਡਿਪੂ, ਪਟਿਆਲਾ।

ਪਾਠ ਨੰਬਰ : 2.8

# ਭਗਤ ਰਵਿਦਾਸ ਦੀ ਬਾਣੀ ਦਾ ਕਲਾ ਪੱਖ

ਸੰਗੀਤ ਭਗਤ ਰਵਿਦਾਸ ਦੀ ਰਚਨਾ ਦਾ ਜਰੂਰੀ ਅੰਗ ਹੈ। ਉਨ੍ਹਾਂ ਨੇ ਆਪਣੀ ਬਾਣੀ ਵਧੇਰੇ ਕਰਕੇ ਗਾਉਣ ਦੇ ਲਈ ਹੀ ਲਿਖੀ ਹੈ। ਉਨ੍ਹਾਂ ਦਾ ਅਨੁਭਵ ਚਿੰਤਨ ਤੇ ਵਿਸ਼ਾ ਮਹਾਨ ਹੈ, ਇਸ ਲਈ ਉਨ੍ਹਾਂ ਦੀ ਕਾਵਿ ਰਚਨਾ ਵੀ ਕਲਾ ਪੱਖੋਂ ਮਹੱਤਵਪੂਰਨ ਹੈ, ਕਿਉਂਕਿ ਉਨ੍ਹਾਂ ਦੀ ਰਚਨਾ ਵਿਚ ਸ਼ਬਦ ਘਾੜਤ, ਮੁਹਾਵਰੇ ਦੀ ਵਰਤੋਂ, ਵਿਚਾਰ, ਬਿੰਬ, ਰੂਪਕ ਉਪਮਾਵਾਂ, ਅਲੰਕਾਰ ਆਦਿ ਉਤਮ ਢੰਗ ਨਾਲ ਵਰਤੇ ਗਏ ਹਨ। ਉਨ੍ਹਾਂ ਦੀ ਕਾਵਿ ਕਲਾ ਦਾ ਵਿਸ਼ਲੇਸ਼ਣ ਹੇਠ ਲਿਖੇ ਸਿਰਲੇਖਾਂ ਅਧੀਨ ਕੀਤਾ ਜਾ ਸਕਦਾ ਹੈ :-

1. **ਕਾਵਿ ਰੂਪ**
2. **ਅਲੰਕਾਰ**
3. **ਪ੍ਰਤੀਕ**
4. **ਰਸ**
5. **ਸ਼ੈਲੀ**
6. **ਬੋਲੀ**

**1.ਕਾਵਿ ਰੂਪ**

| **ਰਾਗ ਦਾ ਨਾਮ** | **ਪਦਿਆਂ ਦੀ ਗਿਣਤੀ** |
|---|---|
| ਸਿਰੀ ਰਾਗ | 1 |
| ਗਉੜੀ ਰਾਗ | 5 (4 ਪਦੇ +1 ਅਸ਼ਟਪਦੀ) |
| ਆਸਾ ਰਾਗ | 6 |
| ਗੂਜਰੀ ਰਾਗ | 1 |
| ਸੋਰਠਿ ਰਾਗ | 7 |
| ਧਨਾਸਰੀ ਰਾਗ | 3 |
| ਜੈਤਸਰੀ ਰਾਗ | 1 |
| ਸੂਹੀ ਰਾਗ | 3 |

| | |
|---|---|
| ਬਿਲਾਵਲ ਰਾਗ | 2 |
| ਗੋਂਡ ਰਾਗ | 2 |
| ਰਾਮਕਲੀ ਰਾਗ | 1 |
| ਮਾਰੂ ਰਾਗ | 2 |
| ਕੇਦਾਰਾ ਰਾਗ | 1 |
| ਭੈਰਉ ਰਾਗ | 1 |
| ਬਸੰਤ ਰਾਗ | 1 |
| ਮਲਾਰ ਰਾਗ | 3 |
| **ਜੋੜ** | **40** |

ਨਮੂਨੇ ਵਜੋਂ ਭਗਤ ਰਵਿਦਾਸ ਦਾ ਇਕ ਪਦਾ ਇਸ ਪ੍ਰਕਾਰ ਹੈ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥
ਕਨਕ ਕਟਿਕ ਜਲ ਤਰੰਗ ਜੈਸਾ ॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥ਰਹਾਉ॥
ਤੁਮ ਜੁ ਨਾਇਕ ਆਛਹੁ ਅੰਤਰਜਾਮੀ
ਪ੍ਰਭੁ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥
ਸਰੀਰੁ ਅਰਾਧੈ ਮੋ ਕਉ ਬੀਚਾਰੁ ਦੇਹੁ ॥
ਰਵਿਦਾਸ ਸਮ ਦਲੁ ਸਮਝਾਵੈ ਕੋਊ ॥

ਪਰੰਪਰਾਗਤ ਕਾਵਿ ਰੂਪਾਂ ਵਿਚੋਂ ਭਗਤ ਰਵਿਦਾਸ ਨੇ ਆਰਤੀ ਕਾਵਿ ਰੂਪ ਨੂੰ ਵੀ ਆਪਮਈ ਅਧਿਆਤਮਕ ਅਨੁਭੂਤੀ ਲਈ ਵਰਤਿਆ ਹੈ।

**2. ਅਲੰਕਾਰ**

ਅਲੰਕਾਰ ਕਵਿਤਾ ਦਾ ਗਹਿਣਾ ਹੁੰਦੇ ਹਨ। ਅਲੰਕਾਰ ਕਾਵਿ ਸੁਹਜ ਨੂੰ ਵਧਾਉਣ, ਉਸ ਦੇ ਪ੍ਰਭਾਵ ਨੂੰ ਤੀਖਣ ਕਰਨ ਲਈ ਵਰਤੇ ਜਾਂਦੇ ਹਨ ਹਰ ਸੁੰਦਰ ਤੇ ਸੂਖਮ ਵਿਚਾਰ ਨੂੰ ਕਿਸੇ ਸੁੰਦਰ ਉਕਤੀ ਰਾਹੀਂ ਹੀ ਠੀਕ ਤਰ੍ਹਾਂ ਪ੍ਰਗਟਾਇਆ ਜਾ ਸਕਦਾ ਹੈ। ਭਗਤ ਰਵਿਦਾਸ ਜੀ ਦੀ ਬਾਣੀ ਵਿਚ ਅਲੰਕਾਰ ਵਰਤਣ ਦਾ ਕਮਾਲ ਹੈ। ਇਨ੍ਹਾਂ ਮਹਾਂਪੁਰਖਾਂ ਨੇ ਉਪਮਾ, ਰੂਪਕ, ਦ੍ਰਿਸ਼ਟਾਤ, ਅਤਿਕਥਨੀ ਆਦਿ ਸਾਰੇ ਹੀ ਅਲੰਕਾਰਾਂ ਦਾ ਪ੍ਰਯੋਗ ਕੀਤਾ ਹੈ। ਉਨ੍ਹਾਂ ਨੇ ਆਪਣੀ ਬਾਣੀ ਵਿਚ **ਉਪਮਾ ਅਲੰਕਾਰ** ਦੀ ਵਰਤੋਂ ਕੀਤੀ ਹੈ। ਉਹ ਆਖਦੇ ਹਨ ਜਿਹੋ ਜਿਹਾ ਕੁਸੰਭ ਫੁੱਲ ਦਾ ਰੰਗ ਹੈ, ਉਸੇ ਤਰ੍ਹਾਂ ਦਾ ਸੰਸਾਰ ਹੈ। ਅਰਥਾਤ ਕੁਸੰਭ ਫੁੱਲ ਦਾ ਰੰਗ ਵੀ ਥੋੜ ਚਿਰਾ ਹੈ:

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ

**ਰੂਪਕ ਅਲੰਕਾਰ** ਉਦੋਂ ਹੋਂਦ ਵਿਚ ਆਉਂਦਾ ਹੈ, ਜਦੋਂ ਕਿਸੇ ਵਸਤ ਨੂੰ ਕੋਈ ਹੋਰ ਵਸਤ ਸਮਝ ਲਿਆ ਜਾਵੇ। ਭਗਤ ਰਵਿਦਾਸ ਨੇ ਆਪਣੀ ਬਾਣੀ ਵਿਚ ਰੂਪਕ ਅਲੰਕਾਰ ਦੀ ਵਰਤੋਂ ਵੀ ਕੀਤੀ ਹੈ। ਉਹ ਅਕਾਲ ਪੁਰਖ ਲਈ ਗਿਰਿਵਰ, ਚੰਦ, ਦੀਵਰਾ, ਤੀਰਥ, ਚੰਦਨ, ਨਰਪਤਿ ਆਦਿ ਰੂਪਕ ਦੀ ਵਰਤੋਂ ਕਰਦੇ ਹਨ। ਜਗਿਆਸੂ ਲਈ ਮੋਰਾ, ਚਕੋਰਾ, ਬਾਤੀ, ਜਾਤੀ, ਬੂੰਦ ਕਾ ਗਾਰਾ, ਭਿਖਾਰੀ ਆਦਿ ਰੂਪਕ ਦੀ ਵਰਤੋਂ ਕੀਤੀ ਹੈ। ਉਦਾਹਰਣ ਵਜੋਂ

ਜਉ ਤੁਮ ਗਿਰਿਵਰ ਤਉ ਹਮ ਮੋਰਾ ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥ਰਹਾਉ॥
ਜਉ ਤੁਮ ਦੀਵਰਾ ਤਉ ਹਮ ਬਾਤੀ ॥
ਜਉ ਤੁਮ ਤੀਰਥ ਤਉ ਹਮ ਜਾਤੀ ॥

(ਸ੍ਰੀ ਗੁਰੂ ਗਰੰਥ ਸਾਹਿਬ, ਰਾਗ ਸੋਰਠਿ, ਭਗਤ ਰਵਿਦਾਸ, ਅੰਗ 658)

**ਦ੍ਰਿਸ਼ਟਾਂਤ** ਇਕ ਹੋਰ ਮਹੱਤਵਪੂਰਨ ਅਲੰਕਾਰ ਹੈ। ਇਸ ਦੀ ਹੋਂਦ ਕਾਵਿ ਵਿਚ ਉਸ ਵੇਲੇ ਹੁੰਦੀ ਹੈ, ਜਦੋਂ ਉਪਮੇਯ ਅਤੇ ਉਪਮਾਨ ਧਰਮਾਂ ਦਾ ਬਿੰਬ ਪ੍ਰਤੀਬਿੰਬ ਭਾਵ ਹੁੰਦਾ ਹੈ। ਜਿਵੇਂ ਕਿਸੇ ਵਸਤੂ ਦਾ ਬਿੰਬ ਸ਼ੀਸ਼ੇ ਤੇ ਪੈਂਦਾ ਹੈ, ਪਰ ਉਸ ਦਾ ਅਸਲ ਵਸਤੂ ਨਾਲੋਂ ਅੰਤਰ ਹੁੰਦਾ ਹੈ ਜਾਂ ਜਿਆਦਾਤਰ ਹੋਣ ਕਰਕੇ ਦੋਹਾਂ ਵਿਚ ਇਕਰੂਪਤਾ ਜਿਹੀ ਨਜ਼ਰ ਆਉਂਦੀ ਹੈ :

ਕੋ ਬਨਜਾਰੋ ਰਾਮ ਕੋ
ਮੇਰਾ ਟਾਂਡਾ ਲਾਦਿਆ ਜਾਇ ਰੇ ॥

(ਸ੍ਰੀ ਗੁਰੂ ਗਰੰਥ ਸਾਹਿਬ, ਰਾਗ ਗਉੜੀ, ਭਗਤ ਰਵਿਦਾਸ, ਅੰਗ 346)

ਅਤੇ

ਜਬ ਹਮ ਹੋਤੇ ਤਬ ਤੂ ਨਾਹੀ
ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਰਿ ਮਇ ਉਦਧਿ
ਜਲ ਕੇਵਲ ਜਲ ਮਾਂਹੀ ॥

(ਸ੍ਰੀ ਗੁਰੂ ਗਰੰਥ ਸਾਹਿਬ, ਰਾਗ ਸੋਰਠਿ, ਭਗਤ ਰਵਿਦਾਸ, ਅੰਗ 657)

**ਅਤਿਕਥਨੀ ਅਲੰਕਾਰ** ਦੀਆਂ ਉਦਾਹਰਣਾਂ ਭਗਤ ਰਵਿਦਾਸ ਦੀ ਬਾਣੀ ਵਿਚ ਵਿਸ਼ੇਸ਼ ਤੌਰ ਤੇ ਉਪਲਬਧ ਹਨ। ਅਤਿਕਥਨੀ ਅਲੰਕਾਰ ਦੀ ਹੋਂਦ ਕਾਵਿ ਵਿਚ ਉਸ ਵੇਲੇ ਕੀਤੀ ਜਾਂਦੀ ਹੈ, ਜਦੋਂ ਗੱਲ ਵਧਾ ਚੜ੍ਹਾ ਕੇ ਕੀਤੀ ਜਾਵੇ। ਜਿਵੇਂ :

ਗੋਤਮ ਨਾਰਿ ਉਮਾਪਤਿ ਸ੍ਵਾਮੀ ॥
ਸੀਸੁ ਧਰਨਿ ਸਹਸ ਭਗ ਗਾਂਮੀ ॥

(ਸ੍ਰੀ ਗੁਰੂ ਗਰੰਥ ਸਾਹਿਬ, ਰਾਗ ਜੈਤਸਰੀ, ਭਗਤ ਰਵਿਦਾਸ, ਅੰਗ 710)

**ਅਨੁਪ੍ਰਾਸ ਅਲੰਕਾਰ** ਵੀ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਵਰਤਿਆ ਹੈ ਜਦੋਂ ਕਵਿਤਾ ਵਿੱਚ ਇੱਕੋ ਜਿਹੇ ਸਮਾਨ ਵਰਨਾਂ , ਨੂੰ ਉਸ ,ਹੋਵੇ ਪੈਦਾ ਤੋਲ ਤੇ ਵਜ਼ਨ ,ਲੈਅ ਸੰਗੀਤਕ ਵਿੱਚ ਉਸ ਕਿ ਹੋਵੇ ਤਰ੍ਹਾਂ ਇਸ ਦੁਹਰਾਉ ਵਾਰ-ਵਾਰ ਦਾ ਸ਼ਬਦਾਂ ਜਾਂ ਅੱਖਰਾਂ। ਹੈ ਜਾਂਦਾ ਕਿਹਾ ਅਲੰਕਾਰ ਅਨੁਪ੍ਰਾਸ

ਉਦਾਹਰਨ ਵਜੋਂ

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥

(ਸ੍ਰੀ ਗੁਰੂ ਗਰੰਥ ਸਾਹਿਬ, ਰਾਗ ਸਿਰੀ ਰਾਗੁ, ਭਗਤ ਰਵਿਦਾਸ, ਅੰਗ 93)

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥

(ਸ੍ਰੀ ਗੁਰੂ ਗਰੰਥ ਸਾਹਿਬ, ਰਾਗ ਆਸਾ, ਭਗਤ ਰਵਿਦਾਸ, ਅੰਗ 487)

### 3. ਪ੍ਰਤੀਕ

ਪੰਜਾਬੀ ਵਿਚ ਪ੍ਰਤੀਕ ਅੰਗਰੇਜੀ ਭਾਸ਼ਾ ਦੇ ਸਿੰਬਲ ਦਾ ਸਮਾਨਾਰਥਕ ਹੈ। ਆਰ. ਕੇ ਮੁਕਰਜੀ ਦਾ ਵਿਚਾਰ ਹੈ ਕਿ ਪ੍ਰਤੀਕਵਾਦ ਜਟਿਲ ਅਤੇ ਅਦ੍ਰਿਸ਼ਟ ਵਸਤੂਆਂ ਨੂੰ ਸਾਦੇ ਅਤੇ ਠੋਸ ਬਿੰਬਾਂ ਦੁਆਰਾ ਰੂਪਮਾਨ ਕਰਨ ਦਾ ਸਾਧਨ ਹੈ। ਬ੍ਰਿਟੇਨਕਾ ਵਿਸ਼ਵ ਕੋਸ਼ ਅਨੁਸਾਰ ਪ੍ਰਤੀਕ ਸ਼ਬਦ ਦੀ ਵਰਤੋਂ ਉਸ ਦ੍ਰਿਸ਼ ਲਈ ਹੁੰਦੀ ਹੈ, ਜੋ ਮਨ ਦੇ ਸਾਹਮਣੇ ਕਿਸੇ ਅਪ੍ਰਸਤੁਤ ਵਸਤੂ ਦੀ ਸਮਾਨਤਾ ਨੂੰ ਆਪਣੇ ਸੰਬੰਧਾਂ ਸੂਤਰਾਂ ਰਾਹੀ ਪੇਸ਼ ਕਰਦੀ ਹੈ। ਵੈਬਸਟਰ ਡਿਕਸ਼ਨਰੀ ਅਨੁਸਾਰ ਪ੍ਰਤੀਕ ਸੰਬੰਧ, ਮੇਲ, ਪਰੰਪਰਾ ਜਾਂ ਸੰਯੋਗ ਰਾਹੀਂ ਹੋਰ ਵਸਤੂ ਵੱਲ ਸੰਕੇਤ ਕਰਦਾ ਹੈ। ਪਰ ਉਸ ਦਾ ਉਦੇਸ਼ ਸਮਾਨਤਾ ਜਾਂ ਸਮਰੂਪਤਾ ਨਹੀਂ, ਉਹ ਮੁੱਖ ਤੌਰ ਤੇ ਕਿਸੇ ਅਦਿਖ ਵਸਤੂ ਦਾ ਦਿਸਦਾ ਸੰਕੇਤ ਹੁੰਦਾ ਹੈ। ਸੋ ਪ੍ਰਤੀਕ ਕਿਸੇ ਅਦ੍ਰਿਸ਼ ਜਾਂ ਅਮੂਰਤ ਸੱਤਾ ਦਾ ਮੂਰਤੀਮਾਨ ਹੈ ਜੋ ਆਪਣੇ ਸੰਬੰਧ ਜਾਂ ਪਰੰਪਰਾ ਦੁਆਰਾ ਆਕਾਰ ਗ੍ਰਹਿਣ ਕਰਦਾ ਹੈ। ਪ੍ਰਤੀਕ ਅਰੂਪ ਮਨੁੱਖੀ ਅਨੁਭੂਤੀਆਂ ਨੂੰ ਵਿਅਕਤ ਕਰਨ ਦਾ ਇਕ ਮੂਰਤ ਮਾਧਿਅਮ ਹੈ ਜੋ ਹੌਲੀ-ਹੌਲੀ ਵਿਆਪਕ ਪ੍ਰਯੋਗ ਵਿਚ ਆਉਣ ਨਾਲ ਨਿਸਚਿਤ ਅਰਥ ਗ੍ਰਹਿਣ ਕਰਦਾ ਹੈ।

ਭਗਤ ਰਵਿਦਾਸ ਦੀ ਬਾਣੀ ਵਿਚ ਵਰਤੇ ਗਏ ਪ੍ਰਤੀਕਾਂ ਦਾ ਖੇਤਰ ਬੜਾ ਵਿਸ਼ਾਲ ਹੈ। ਉਨ੍ਹਾਂ ਨੇ ਅਕਾਲ ਪੁਰਖ, ਜੀਵਾਤਮਾ, ਮਨ, ਵਿਸ਼ੇ ਵਿਕਾਰਾਂ, ਸਰੀਰ ਆਦਿ ਨੂੰ ਲੈ ਕੇ ਵੱਖ-ਵੱਖ ਰੂਪਾਂ ਵਿਚ ਪ੍ਰਤੀਕ ਯੋਜਨਾ ਕੀਤੀ ਹੈ। ਇਹ ਪ੍ਰਤੀਕ ਪਰੰਪਰਾਗਤ ਅਤੇ ਭਾਵਾਤਮਕ ਦ੍ਰਿਸ਼ਟੀ ਦੇ ਲਖਾਇਕ ਹਨ। ਜਿਵੇਂ ਪਰਮਾਤਮਾ ਲਈ ਪਿਰ, ਪ੍ਰੀਤਮ, ਕੰਤ, ਸਾਂਈ, ਸੱਜਣ, ਗੋਬਿੰਦ, ਪਤੀਆਰੁ, ਗਰੀਬ ਨਿਵਾਜੁ, ਠਾਕੁਰ, ਹਰਿ, ਮਾਧਵਾ, ਰਮਈਏ, ਮੁਕੰਦ, ਰਘੁਨਾਥ, ਨਾਥ ਪਾਰਬ੍ਰਹਮ, ਨਿਰੰਜਨ, ਪ੍ਰਭ ਆਦਿ ਮਾਇਆ ਲਈ ਬਗਲਾ, ਕਾਂ, ਮੋਹਣੀ, ਪਰੇਤੁ, ਸਰਪਨੀ, ਵਿਸ਼, ਗੰਦਲਾਂ, ਆਦਿ ਪ੍ਰਤੀਕ ਵਰਤੇ ਹਨ। ਮਨੁੱਖ ਲਈ ਮਾਟੀ ਕੋ ਪੁਤਰਾ, ਪਰਾਹੁਣੀ ਬਗਲਾ, ਘਾਸਕੀ ਟਾਟੀ, ਵਹੁਟੀ। ਸੰਸਾਰ ਲਈ ਸਹੁਰਾ, ਸੱਚੇ ਕੀ ਕੋਠੜੀ, ਸੁਹਾਵਾ ਬਾਗੁ ਆਦਿ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਪਰਮਾਤਮਾ ਨਾਲ ਸੰਬੰਧਿਤ ਪ੍ਰਤੀਕ ਧਾਰਮਿਕ ਪਰੰਪਰਾਵਾਂ, ਨੈਤਿਕ ਗੁਣਾਂ ਨਾਲ ਸੰਬੰਧਿਤ ਹਨ। ਨੈਤਿਕ ਅਤੇ ਅਨੈਤਿਕ ਕੀਮਤਾਂ ਦੇ ਆਧਾਰ ਤੇ ਮਨੁੱਖ ਅਥਵਾ ਮਨੁੱਖੀ ਆਤਮਾ ਲਈ ਭਗਤ ਰਵਿਦਾਸ ਨੇ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਭਗਤ ਰਵਿਦਾਸ ਜੀ ਨੇ ਨੈਤਿਕ ਗੁਣਾਂ ਵਾਲੇ ਵਿਅਕਤੀਆਂ ਲਈ ਸੁਹਾਗਣਿ ਸ਼ਬਦ ਦੀ ਪ੍ਰਤੀਕ ਵਜੋਂ ਵਰਤੋਂ ਕੀਤੀ ਹੈ :

ਸਹ ਕੀ ਸਾਰ **ਸੁਹਾਗਨਿ** ਜਾਨੈ ॥
ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥

ਤਨੁ ਮਨੁ ਦੋਇ ਨ ਅੰਤਰੁ ਰਾਖੈ ।
ਅਵਰਾ ਦੇਖਿ ਨ ਸੁਨੈ ਅਭਾਖੈ ॥

ਇਸੇ ਪ੍ਰਕਾਰ ਭਗਤ ਰਵਿਦਾਸ ਜੀ ਨੇ ਮਨਮੁਖ ਲਈ ਦੁਹਾਗਣਿ ਪ੍ਰਤੀਕ ਦੀ ਵਰਤੋਂ ਕੀਤੀ ਹੈ:

ਦੁਖੀ **ਦੁਹਾਗਨਿ** ਦੁਇ ਪਖ ਹੀਨੀ ॥
ਜਿਨਿ ਨਾ ਨਿਰੰਤਰਿ ਭਗਤਿ ਨ ਕੀਨੀ ॥

ਉਪਰੋਕਤ ਸਾਰੇ ਪ੍ਰਤੀਕ ਪਰੰਪਰਾ ਤੋਂ ਮੁਕਤ ਅਥਵਾ ਨਵੀਨ ਹੀ ਨਹੀਂ, ਸਗੋਂ ਭਗਤ ਰਵਿਦਾਸ ਦੀ ਬਾਣੀ ਵਿਚਲੀ ਭਾਵ ਅਭਿਵਿਅਕਤੀ ਨੂੰ ਉਤਮ ਢੰਗ ਨਾਲ ਪੇਸ਼ ਕਰਨ ਵਿਚ ਸਹਾਈ ਹੋਏ ਹਨ।

ਭਗਤ ਰਵਿਦਾਸ ਜੀ ਨੇ ਵਿਸ਼ੇ ਵਿਕਾਰਾਂ ਲਈ ਖੂਹ ਦੇ ਡੱਡੂ, ਮਾਟੀ ਕਾ ਪੁਤਰਾ ਆਦਿ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ ।

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸ ਬਿਦੇਸ ਨ ਬੂਝ ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ
ਕਛੁ ਆਰਾ ਪਾਰ ਨ ਸੂਝ ॥

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ।
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥ ਰਹਾਉ ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥
ਮਾਇਆ ਗਈ ਤਬ ਰੋਵਨੁ ਲਗਤੁ ਹੈ ॥

**4. ਰਸ**

ਸੰਸਕ੍ਰਿਤ ਦੇ ਵਿਦਵਾਨਾਂ ਨੇ ਕਵਿਤਾ ਵਿਚ ਨੌ ਰਸ ਮੰਨੇ ਹਨ – ਸ਼ਾਤ, ਸ਼ਿੰਗਾਰ, ਕਰੁਣਾ, ਅਦਭੁਤ, ਭਿਆਨਕ, ਵੀਰ, ਬੀਭਤਸ, ਰੌਦਰ ਅਤੇ ਹਾਸ ਰਸ । ਭਗਤ ਰਵਿਦਾਸ ਨੇ ਆਪਣੀ ਰਚਨਾ ਵਿਚ ਸ਼ਾਂਤ, ਸ਼ਿੰਗਾਰ, ਬੀਰ, ਹਾਸ, ਭਿਆਨਕ, ਬੀਭਤਸ ਰਸ ਆਦਿ ਦਾ ਪ੍ਰਯੋਗ ਕੀਤਾ ਹੈ ।

ਸ਼ਾਂਤ ਰਸ਼ ਨੂੰ ਨਾਟਯ ਸ਼ਾਸਤਰ ਵਿਚ ਪ੍ਰਮੁਖ ਰਸਾਂ ਵਿਚ ਨਹੀਂ ਗਿਣਿਆ ਗਿਆ । ਪ੍ਰੰਤੂ ਕਈ ਸਮੀਖਿਅਕਾਂ ਨੇ ਇਸ ਨੂੰ ਉਚਿਤ ਸਥਾਨ ਦਿੱਤਾ ਹੈ । ਸੰਸਾਰਕ ਬੇਚੈਨੀ ਦੇ ਕਾਰਣ ਮਨ ਵਿਚ ਜਦੋਂ ਵੈਰਾਗਮਈ ਸਥਿਤੀ ਪੈਦਾ ਹੁੰਦੀ ਹੈ ਤਾਂ ਉੱਥੇ ਸ਼ਾਂਤ ਰਸ ਦ੍ਰਿਸ਼ਟੀਗੋਚਰ ਹੁੰਦਾ ਹੈ। ਭਗਤ ਰਵਿਦਾਸ ਦੀ ਬਾਣੀ ਵਿਚ ਸ਼ਾਂਤ ਰਸ ਦੀ ਬਹੁਲਤਾ ਹੈ, ਪ੍ਰੰਤੂ ਸ਼ਾਂਤ ਰਸ ਨੂੰ ਵਧੇਰੇ ਮਹੱਤਵ ਦਿੱਤਾ ਹੈ । ਜਿਵੇ :

ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ॥
ਕਹਿ ਰਵਿਦਾਸ ਪਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ ॥

ਭਗਤ ਰਵਿਦਾਸ ਦੀ ਬਾਣੀ ਵਿਚ **ਸ਼ਿੰਗਾਰ ਰਸ** ਦੇ ਉੱਘੇ ਨਮੂਨੇ ਭਰਪੂਰ ਰੂਪ ਵਿਚ ਮੌਜੂਦ ਹਨ । ਸ਼ਿੰਗਾਰ ਦਾ ਮੂਲ ਤੇ ਮੁੱਖ ਅਰਥ ਉਹ ਰੀਤ ਅਥਵਾ ਸ਼ਨੇਹ ਹੈ, ਜਿਸ ਨੂੰ ਸੁਹਜਾਤਮਕ ਢੰਗ ਨਾਲ ਮਹਿਸੂਸ ਕੀਤਾ ਜਾਵੇ । ਸੰਸਕ੍ਰਿਤ ਸਾਹਿਤ ਵਿਚ ਸ਼ਿੰਗਾਰ ਨੂੰ ਪ੍ਰਮੁੱਖ ਸਥਾਨ ਮਿਲਿਆ ਹੈ ਅਤੇ ਇਸ ਨੂੰ ਰਸ ਰਾਜ ਕਿਹਾ ਗਿਆ ਹੈ। ਇਸ ਦੀਆਂ ਦੋ ਕਿਸਮਾਂ ਹਨ: 1. ਸੰਯੋਗ 2. ਵਿਯੋਗ । **ਸੰਯੋਗ ਸ਼ਿੰਗਾਰ ਰਸ** ਉਹ ਹੈ ਜਿਸ ਵਿਚ ਪ੍ਰੇਮੀਆਂ ਦਾ ਮਿਲਾਪ ਕਰਾਇਆ ਗਿਆ ਹੋਵੇ, ਉਨ੍ਹਾਂ ਦੀ ਪਿਆਰ ਭਰੀ ਵਾਰਤਾਲਾਪ, ਉਨ੍ਹਾਂ ਦੇ ਜੀਵਨ ਦੀ ਖੁਸ਼ੀ ਅਥਵਾ

ਖੇੜਾ ਸਾਨੂੰ ਦੱਸਿਆ ਗਿਆ ਹੋਵੇ। ਭਗਤ ਰਵਿਦਾਸ ਦੀ ਬਾਣੀ ਵਿਚ ਸੰਯੋਗ ਸ਼ਿੰਗਾਰ ਰਸ ਦੀਆਂ ਉਦਾਹਰਣਾਂ ਦੇਖੀਆਂ ਜਾ ਸਕਦੀਆਂ ਹਨ :

ਸਹ ਕੀ ਸਾਰ ਸੁਹਾਗਨਿ ਜਾਨੈ ॥
ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥
ਤਨੁ ਮਨੁ ਦੇਇ ਨ ਅੰਤਰੁ ਰਾਖੈ।
ਅਵਰਾ ਦੇਖਿ ਨ ਸੁਨੈ ਅਭਾਖੈ ॥

**ਵਿਯੋਗ ਸ਼ਿੰਗਾਰ ਰਸ** ਉਹ ਹੁੰਦਾ ਹੈ, ਜਿਸ ਵਿਚ ਪ੍ਰੇਮੀਆਂ ਦੇ ਵਿਛੋੜੇ ਬਾਰੇ ਵਰਣਨ ਕੀਤਾ ਗਿਆ ਹੋਵੇ। ਭਗਤ ਰਵਿਦਾਸ ਦੀ ਬਾਣੀ ਵਿਚੋਂ ਵਿਯੋਗ ਦੀਆਂ ਉਦਾਹਰਣਾਂ ਭਰਪੂਰ ਰੂਪ ਵਿਚ ਉਪਲਬਧ ਹਨ। ਜਿਵੇ :

ਦੁਖੀ **ਦੁਹਾਗਨਿ** ਦੁਇ ਪਖ ਹੀਨੀ ॥
ਜਿਨਿ ਨਾ ਨਿਰੰਤਰਿ ਭਗਤਿ ਨ ਕੀਨੀ ॥
ਪੁਰਸਲਾਤ ਕਾ ਪੰਥ ਦੁਹੇਲਾ ॥
ਸੰਗਿ ਨ ਸਾਥੀ ਗਵਨੁ ਇਕੇਲਾ ॥

ਅਤੇ

ਮਨੁ ਬਚ ਕ੍ਰਮ ਰਸ ਕਸਹਿ ਲੁਭਾਨਾ ॥
ਬਿਨਸਿ ਗਇਆ ਜਾਇ ਕਹੁ ਸਮਾਨਾ

**ਬੀਰ ਰਸ** ਦੇ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਸੁੰਦਰ ਨਮੂਨੇ ਹਨ :

ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥
ਬਡੋ ਨਿਲਾਜੁ ਅਜਹੁ ਨਹੀਂ ਹਾਰਿਓ ॥

ਅਤੇ

ਪੰਡਤ ਸੂਰ ਛਤ੍ਰਪਤਿ ਰਾਜਾ
ਭਗਤ ਬਰਾਬਰ ਅਉਰੁ ਨ ਕੋਇ ॥

ਭਗਤ ਰਵਿਦਾਸ ਦੀ ਬਾਣੀ ਵਿਚ ਬੀਭਤਸ ਰਸ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ। ਬੀਭਤਸ ਰਸ ਉਦੋਂ ਪੈਦਾ ਹੁੰਦਾ ਹੈ, ਜਦੋਂ ਰਸ ਆਪਣੀ ਸੀਮਾ ਟੱਪ ਕੇ ਘਿਰਣਾ ਦੇ ਭਾਵ ਉਤਪੰਨ ਕਰਨ ਲੱਗ ਜਾਵੇ। ਜਿਵੇ :

ਜਲ ਕੀ ਭੀਤਿ ਪਵਨ ਕਾ ਥੰਭਾ
ਰਕਤ ਬੂੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ
ਪੰਖੀ ਬਸੈ ਬਿਚਾਰਾ ॥

ਭਿਆਨਕ ਰਸ ਦੇ ਨਮੂਨੇ ਵੀ ਭਗਤ ਰਵਿਦਾਸ ਦੀ ਬਾਣੀ ਵਿਚ ਮਿਲਦੇ ਹਨ। ਉਨ੍ਹਾਂ ਦੀ ਬਾਣੀ ਵਿਚ ਭਿਆਨਕ ਰਸ ਇਕ ਭਿਅੰਕਰ, ਡਰਾਉਣਾ ਜਿਹਾ ਦ੍ਰਿਸ਼ ਪੈਦਾ ਕਰਦਾ ਹੈ ਤਾਂ ਜੋ ਮਨੁੱਖ ਆਪਣੀ ਜਿੰਦਗੀ ਦੀ ਅਸਲੀਅਤ ਨੂੰ ਸਮਝ ਕੇ ਅਕਾਲ ਪੁਰਖ ਨਾਲ ਜੁੜ ਸਕੇ।

ਊਚੇ ਮੰਦਰ ਸਾਲ ਰਸੋਈ ॥
ਏਕ ਘਰੀ ਫੁਨਿ ਰਹਨੁ ਨ ਹੋਈ ॥
ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥

ਅਦਭੁਤ ਰਸ ਦਾ ਵੀ ਭਗਤ ਜੀ ਦੀ ਬਾਣੀ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਹੈਰਾਨੀ ਦੀ ਸਿਖਰ ਅਤੇ ਸੰਪੂਰਨ ਇੰਦਰੀਆਂ ਦਾ ਹੱਕਾ ਬੱਕਾ ਰਹਿ ਜਾਣਾ ਹੀ ਅਦਭੁਤ ਰਸ ਦੀ ਨਿਸ਼ਪੱਤੀ ਹੈ। ਕਹਿਣ ਦਾ ਭਾਵ ਇਹ ਹੈ ਕਿ ਜਦ ਕਿਸੇ ਰਚਨਾ ਵਿਚ ਹੈਰਾਨੀ ਸਥਾਈ ਭਾਵ ਦੇ ਰੂਪ ਵਿਚ ਇਸ ਤਰ੍ਹਾਂ ਪ੍ਰਗਟ ਹੋਵੇ ਕਿ ਸਾਰੀਆਂ ਇੰਦਰੀਆਂ ਪ੍ਰਭਾਵਿਤ ਹੋ ਕੇ ਦੰਗ ਰਹਿ ਜਾਣ ਤਾਂ ਅਤਬੁਤ ਰਸ ਦੀ ਨਿਸ਼ਪੱਤੀ ਹੁੰਦੀ ਹੈ। ਗੁਰੂ ਰਵਿਦਾਸ ਜੀ ਨੇ ਇਸ ਦ੍ਰਿਸ਼ਟਮਾਨ ਸੰਸਾਰ ਵਿਚ ਬੇਗਮਪੁਰਾ ਦਾ ਸੰਕਲਪ ਪ੍ਰਦਾਨ ਕਰਕੇ ਅਦਭੁਤ ਰਸ ਨੂੰ ਪ੍ਰਗਟਾਇਆ ਹੈ। ਬੇਗਮਪੁਰਾ ਅਜਿਹਾ ਸਮਾਜ ਹੈ, ਜਿਥੇ ਕੋਈ ਦੁਖੀ ਨਹੀਂ, ਸਰਬੱਤ ਦੀ ਅਜਾਦੀ ਹੈ :

ਬੇਗਮਪੁਰਾ ਸਹਰ ਕੋ ਨਾਉ ॥
ਦੂਖੁ ਅੰਦਹੁ ਨਹੀ ਤਿਹਿ ਠਾਉ ॥
ਨਾ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨਾ ਖਤਾ ਨ ਤਰਸੁ ਜਵਾਲੁ
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨ ਸਦਾ ਮਸਹੂਰ ॥

ਉਪਰੋਕਤ ਚਰਚਾ ਤੋਂ ਸਪਸ਼ਟ ਕਿ ਭਗਤ ਰਵਿਦਾਸ ਦੀ ਬਾਣੀ ਦਾ ਪ੍ਰਧਾਨ ਰਸ ਸ਼ਾਂਤ ਅਤੇ ਸ਼ਿੰਗਾਰ ਹੈ ਅਤੇ ਬਾਕੀ ਰਸ ਗੌਣ ਰੂਪ ਵਿਚ ਪੇਸ਼ ਹੋਏ ਹਨ।

**5. ਸ਼ੈਲੀ**

ਸ਼ੈਲੀ ਦਾ ਆਧਾਰ ਸ਼ਖਸੀਅਤ ਹੈ। ਜਿੰਨੀ ਬਹੁਪੱਖੀ ਪ੍ਰਤਿਭਾ ਦਾ ਸਵਾਮੀ ਕੋਈ ਕਵੀ ਹੋਵੇਗਾ, ਉੱਨਾ ਹੀ ਅਸਰਦਾਇਕ ਉਸ ਦਾ ਪ੍ਰਗਟਾ ਢੰਗ ਹੋਵੇਗਾ। ਭਗਤ ਰਵਿਦਾਸ ਉੱਤੇ ਇਹ ਕਥਨ ਸੋਲਾਂ ਆਨੇ ਸਹੀ ਉਤਰਦਾ ਹੈ। ਉੱਤਮ ਸ਼ੈਲੀਕਾਰ ਵਾਲੀਆਂ ਸਮਸਤ ਖੂਬੀਆਂ ਉਨ੍ਹਾਂ ਦੀ ਬਾਣੀ ਵਿਚੋਂ ਨੁਚੜ-ਨੁਚੜ ਪੈਂਦੀਆਂ ਹਨ ਜਿਵੇਂ ਲੋਹੜੇ ਦਾ ਵਹਾਅ, ਕਹਿਰਾਂ ਦਾ ਸੰਕੋਚ, ਨਾਟਕੀਪਨ, ਸੂਤਰਬੱਧਤਾ, ਸਰਲਤਾ, ਸਪੱਸ਼ਟਤਾ, ਸੰਗੀਤਾਤਮਕਤਾ, ਸੰਜਮ ਅਤੇ ਹਾਸ ਰਸ ਆਦਿ। ਭਗਤ ਰਵਿਦਾਸ ਦੇ ਸਿਰਜਨ ਸੰਜਮ ਅਤੇ ਕ੍ਰਮ ਵਿਚ ਵਿਸ਼ਾਲ ਅਤੇ ਕੁਦਰਤ ਵੰਨ ਸਵੰਨਤਾ ਹੈ, ਵਿਸ਼ੇ ਅਤੇ ਰੂਪ ਪੱਖੋਂ ਵੀ। ਇਸੇ ਤਰ੍ਹਾਂ ਵੰਨ ਸਵੰਨੀ ਭਾਸ਼ਾ ਦੀ ਵਰਤੋਂ ਵੀ ਇਨ੍ਹਾਂ ਦੀ ਬਾਣੀ ਦਾ ਸ਼ਿੰਗਾਰ ਹੈ। ਭਗਤ ਰਵਿਦਾਸ ਵਿਚ ਇਕ ਬਿਰਧ ਬਜੁਰਗ ਵਾਲੀ ਪਰਪੱਕਤਾ, ਸਰਲਤਾ, ਸਪਸ਼ਟਤਾ ਅਤੇ ਸੁਗਮਤਾ ਹੈ, ਉੱਥੇ ਸੰਜਮ ਵੀ ਕਮਾਲ ਤੇ ਕਹਿਰ ਦਾ ਹੈ। ਉਨ੍ਹਾਂ ਦੀ ਪ੍ਰਥਮ ਸ਼ੈਲੀਗਤ ਖੂਬੀ ਪਦ ਅਤੇ ਸਲੋਕ ਕਾਵਿ ਰੂਪ ਅਨੁਸਾਰ ਅਰੁਕ ਵਹਾਅ, ਗਤੀਸ਼ੀਲਤਾ ਅਤੇ ਰਵਾਨਗੀ ਦੀ ਹੈ। ਇਹ ਮਹਾਂਪੁਰਖ ਭਗਤੀ ਲਹਿਰ ਦੀ ਅਮਰ ਅਤੇ ਸੁਨਹਿਰੀ ਸਾਹਿਤਕ ਉਪਜ ਦੇ ਸ਼ਾਹਕਾਰ ਵੀ ਹਨ।

ਸ਼ੈਲੀ ਦੀ ਰਵਾਨਗੀ ਦੀ ਇਕੋ ਇਕ ਖਾਸੀਅਤ ਸ਼ਬਦਾਂ ਦਾ ਦੁਹਰਾਓ ਕਹੀ ਜਾ ਸਕਦੀ ਹੈ। ਆਮ ਕ੍ਰਿਤੀ ਵਿੱਚ ਇਹ ਦੁਹਰਾਉ ਅਕੇਂਵੇ ਭਰਪੂਰ ਹੁੰਦਾ ਹੈ, ਪ੍ਰੰਤੂ ਗੁਰੂ ਰਵਿਦਾਸ ਵਿਚ ਇਹ ਦੁਹਰਾਉ ਨੀਰਸ ਨਹੀਂ ਬਣਦਾ । ਸਗੋਂ ਇਕ ਵਿਸ਼ੇਸ਼ ਕਿਸਮ ਦਾ ਆਂਤਰਿਕ ਸਰੋਦ ਉਤਪੰਨ ਕਰਦਾ ਹੈ। ਜਿਵੇ:

ਨਾਮ ਤੇਰਾ ਦੀਵਾ ਨਾਮੁ ਤੇਰੋ ਬਾਤੀ ॥
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮੁ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਹਰ ਸਗਲ ਜੂਠਾਰੇ ॥

ਭਗਤ ਰਵਿਦਾਸ ਦੀ ਬਾਣੀ ਵਿਚ ਹਾਸ ਰਸ ਅਤੇ ਨਾਟਕੀ ਤੱਤ ਵੀ ਨਜ਼ਰੀ ਪੈਂਦੇ ਹਨ। ਪਦਿਆਂ ਵਿਚ ਹਾਸਰਸ ਤੇ ਨਾਟਕੀਅਤਾ ਦਾ ਰੰਗ ਵੀ ਅਧਿਆਤਮਕ ਹੋ ਗਿਆ ਹੈ। ਜਿਵੇਂ :

ਦੂਧੁ ਤ ਬਛਰੈ ਥਨਹੁ ਬਿਟਾਰਿਓ ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥
ਅਵਰੁ ਨ ਫੂਲੁ ਅਨੂਪੁ ਨ ਪਾਵਉ ॥

ਰੀਤੀ ਸਿਧਾਂਤ ਤੇ ਦ੍ਰਿਸ਼ਟੀਕੋਣ ਤੋਂ ਭਗਤ ਰਵਿਦਾਸ ਦੀ ਸ਼ੈਲੀ ਉਜਮਈ ਹੈ । ਮਧੁਰ ਅਤੇ ਪ੍ਰਸਾਦ ਸ਼ੈਲੀ ਦਾ ਵੀ ਪ੍ਰਯੋਗ ਹੋਇਆ ਹੈ, ਪਰ ਇਨ੍ਹਾਂ ਨੂੰ ਪਹਿਲ ਪ੍ਰਾਪਤ ਨਹੀਂ। ਮਧੁਰ ਸ਼ੈਲੀ ਉਸ ਵੇਲੇ ਅਧਿਕ ਉਘੜਦੀ ਹੈ, ਜਦੋਂ ਪਰਮਾਤਮਾ, ਗੁਰੂ ਜਾ ਮੁਰਸ਼ਦ ਦੀ ਭਰਪੂਰ ਉਸਤਤੀ ਹੁੰਦੀ ਹੈ । ਪਰਮਾਤਮਾ ਦੀਆਂ ਦਿੱਤੀਆਂ ਦਾਤਾਂ ਦਾ ਸ਼ੁਕਰਾਨਾ ਗੁਰੂ ਦੀ ਅਪਾਰ ਬਖਸ਼ਿਸ਼ ਦਾ ਵਰਣਨ, ਬੜੇ ਕੋਮਲ ਸਵਰਾਂ ਅਤੇ ਸੁਹਜਮਈ ਸ਼ਬਦਾਂ ਨਾਲ ਕੀਤਾ ਹੈ । ਜਿਵੇਂ :

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਪ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥
ਮਾਧਉ ਸਤ ਸੰਗਤਿ ਸਰਨਿ ਤੁਮਾਰੀ
ਹਮ ਅਉਗਨ ਤੁਮ ਉਪਕਾਰੀ ॥

ਭਗਤ ਰਵਿਦਾਸ ਦੀ ਸ਼ੈਲੀ ਦੀ ਇਕ ਹੋਰ ਵਿਸ਼ੇਸ਼ਤਾ ਇਨ੍ਹਾਂ ਦੀ ਰਾਗਬੱਧਤਾ ਹੈ । ਭਗਤ ਰਵਿਦਾਸ ਨੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ 31 ਰਾਗਾਂ ਵਿਚੋਂ 16 ਰਾਗਾਂ ਵਿਚ ਬਾਣੀ ਉਚਾਰਨ ਕੀਤੀ । ਸੰਖੇਪਤਾ, ਸੰਜਮ, ਸਹਿਜ ਅਤੇ ਪ੍ਰਵਾਹਨਤਾ ਇਨ੍ਹਾਂ ਦੀ ਬਾਣੀ ਵਿਚ ਏਨੀ ਹੈ ਕਿ ਹਰ ਤੁਕ ਫਲਾਂ ਲੱਦੀ ਟਾਹਣੀ ਵਾਂਗ ਮਿੱਠੀਆਂ-ਮਿੱਠੀਆਂ ਨਸੀਹਤਾਂ ਨਾਲ ਭਰਪੂਰ ਹੈ।

ਪਾਠ ਨੰਬਰ : 2.9 ਲੇਖਕ : ਡਾ. ਸ਼ਮਸ਼ੇਰ ਸਿੰਘ*

# ਭਗਤ ਨਾਮਦੇਵ ਜੀ

(i) ਜੀਵਨ ਤੇ ਰਚਨਾ (ii) ਵਿਸ਼ਾ ਵਸਤੂ ਤੇ ਵਿਚਾਰਧਾਰਾ (iii) ਬਾਣੀ ਦੀਆਂ ਕਲਾਤਮਕ ਜੁਗਤਾਂ :-

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ,

1. ਗੁਰੂ ਸਾਹਿਬਾਨ - ਛੇ ਗੁਰੂ ਸਾਹਿਬਾਨ ਦੀ ਇਲਹਾਮੀ (Revealed) ਰਚਨਾ,
2. ਭਗਤ ਸਾਹਿਬਾਨ - ਭਾਰਤ ਵਰਸ਼ ਦੇ 15 - ਨਿਰਗੁਣ ਧਾਰਾ ਦੇ ਭਗਤਾਂ ਦੀ ਰਚਨਾ,
3. ਭੱਟ ਸਾਹਿਬਾਨ - ਗਿਆਰਾਂ ਭੱਟਾਂ ਵਲੋਂ 5 ਗੁਰੂ ਸਾਹਿਬਾਨ ਬਾਰੇ ਉਚਾਰੇ ਸਵੱਈਏ
4. ਗੁਰੂ ਸਾਹਿਬਾਨ ਦੇ ਨਿਕਟ ਵਰਤੀ ਚਾਰ ਸਿਖ ਸਰਧਾਲੂਆਂ ਦੀ ਰਚਨਾ

ਸਾਡਾ ਇਥੇ ਉਦੇਸ਼ ਭਗਤ ਨਾਮਦੇਵ ਜੀ ਦੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਬਾਣੀ ਤਥਾ ਸੰਖੇਪ ਜੀਵਨ ਬਾਰੇ, ਬਾਣੀ ਤੇ ਇਸ ਨਾਲ ਸਬੰਧਿਤ ਪੱਖਾਂ ਦਾ ਇਕ ਪਾਠ ਦੀ ਸੀਮਾ ਅੰਦਰ ਵਰਣਨ ਕਰਨਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸੰਤਾਂ ਭਗਤਾਂ ਦੁਆਰਾ ਰਚੀ ਬਾਣੀ ਜਿਹੜੀ ਨਿਰਗੁਣ ਭਗਤੀ ਧਾਰਾ ਨਾਲ ਸਬੰਧਿਤ ਹੈ। ਜਿਸਦਾ ਅਧਾਰ ਪ੍ਰੇਮਾ ਭਗਤੀ ਦੁਆਰਾ ਪਰਮਪਦ ਦੀ ਪ੍ਰਾਪਤੀ ਦਾ ਵਰਣਨ ਹੈ। ਇਸ ਅੰਦਰ ਨਿਰਗੁਣ ਭਗਤੀ ਦੇ ਮੁੱਖ ਚਾਰ ਤੱਤ ਦੇਖਣ ਨੂੰ ਮਿਲਦੇ ਹਨ - (i) ਜਗਿਆਸਾ, (ii) ਦ੍ਰਿੜ ਵਿਸ਼ਵਾਸ, (iii) ਆਤਮ ਸਮਰਪਣ ਅਤੇ ਪ੍ਰਭੂ ਕਿਰਪਾ ਦੁਆਰਾ ਪਰਮਪਦ (ਮੁਕਤੀ) ਵਿਸ਼ੇਸ਼ ਤੌਰ 'ਤੇ **ਜੀਵਨ ਮੁਕਤੀ** ਦਾ ਵਰਣਨ ਮਿਲਦਾ ਹੈ।

ਭਗਤ ਬਾਣੀ ਅੰਦਰ ਸਮਕਾਲੀ ਸਮਾਜਕ, ਧਾਰਮਕ ਤੇ ਰਾਜਨਤਿਕ ਸਮੱਸਿਆਵਾਂ ਦਾ ਵੀ ਜ਼ਿਕਰ ਮਿਲਦਾ ਹੈ। ਐਸਾ ਸੁਭਾਵਕ ਸੀ, ਉਚ ਵਰਗ, ਭਗਤੀ ਦਾ ਹੱਕ ਕੇਵਲ ਕੁਲੀਨ ਜਾਤੀ ਦਾ ਹੀ ਹੱਕ ਸਮਝਦਾ ਸੀ ਜਦਿ ਕਿ ਭਗਤਾਂ ਨੇ ਇਸ ਵਿਚਾਰ ਨੂੰ ਰੱਦ ਕਰਕੇ ਕਿਹਾ ਕਿ ਪ੍ਰਮਾਤਮਾ ਦੀ ਭਗਤੀ ਕੇਵਲ ਉਚ ਵਰਗ ਦੀ ਹੀ ਵਿਪੋਤੀ **(Personal Property)** ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 15 ਭਗਤਾਂ ਵਿਚੋਂ- ਬਹੁਤੇ ਭਗਤ ਨੀਚ ਜਾਤੀਆਂ ਦੇ ਸਨ ਇਨ੍ਹਾਂ ਨੂੰ ਨਾ ਤਾਂ ਧਰਮ ਗ੍ਰੰਥਾਂ ਦਾ ਪਾਠ-ਪੜਣ ਦੀ ਆਗਿਆ ਸੀ, ਨਾ ਹੀ ਧਰਮ ਅਸਥਾਨਾਂ ਅੰਦਰ ਪ੍ਰਵੇਸ਼ ਕਰਨ ਦੀ ਖੁੱਲ ਸੀ। ਇਹੀ ਕਾਰਨ ਹੈ ਇਹਨਾਂ ਭਗਤਾਂ ਨੇ ਪ੍ਰਮਾਤਮਾ ਨੂੰ ਉਲਾਮਾ ਹੀ ਨਹੀਂ ਦਿੱਤਾ ਸਗੋਂ ਆਪਣੇ ਆਪ ਨੂੰ ਵੀ ਨੀਵੀ ਜਾਤ ਅੰਦਰ ਜਨਮ ਲੈਣ ਦੇ ਕਾਰਨ ਨੂੰ ਕੋਸਿਆ, ਭਗਤ ਨਾਮਦੇਵ ਜੀ ਵੀ ਇਨਾਂ ਵਿਚੋਂ ਇਕ ਸਨ ਤੀਸਰਾ ਪੱਖ ਜੋ ਇਨ੍ਹਾਂ ਦੀ ਰਚਨਾ ਅੰਦਰ ਜੋ ਮਿਲਦਾ ਹੈ ਇਹਨਾ ਨੇ ਆਪਣੇ ਹੱਕ ਲਈ ਕ੍ਰਾਂਤੀਕਾਰੀ ਕਦਮ ਚੁਕੇ- ਭਗਤੀ ਕੇਵਲ ਉਚ ਵਰਗ ਦੀ ਵਪੋਤੀ ਨਹੀਂ ਬਾਣੀ ਅੰਦਰ ਇਹ ਵੀ ਸਪਸ਼ਟ ਹੁੰਦਾ ਹੈ ਕਿ ਪ੍ਰਮਾਤਮਾ ਭਗਤਾਂ ਦੀ ਲਾਜ ਰਖਦਾ ਹੈ।

* ਰਿਟਾਇਰਡ ਗੁਰੂ ਗ੍ਰੰਥ ਅਧਿਐਨ ਵਿਭਾਗ, ਪੰਜਾਬੀ ਯੂਨੀ. ਪਟਿਆਲਾ। ਮੋ. 9888438157

ਸ੍ਰੀ ਗੁਰੂ ਗ੍ਰੰਥ ਜੀ ਦੇ ਬਾਣੀਕਾਰਾਂ ਦਾ ਸਮਾਂ ਲਗਭਗ ਛੇ ਸਦੀਆਂ 12ਵੀਂ ਤੋਂ 17ਵੀਂ ਸਦੀ ਤਕ ਦਾ ਮੰਨਿਆ ਜਾ ਸਕਦਾ ਹੈ।

ਸਾਡਾ ਇਥੇ ਵਿਚਾਰ ਅਧੀਨ ਵਿਸ਼ਾ-ਭਗਤ ਨਾਮਦੇਵ ਨਾਲ ਸਬੰਧਿਤ ਹੈ। ਇੱਥੇ ਦੋ ਸ਼ਬਦ - **'ਭਗਤ'** ਤੇ **'ਭਗਤੀ'** ਕਰਨ ਵਾਲਾ ਭਗਤ- ਇਹ ਦੋਨੋਂ ਪਰਿਭਾਸ਼ਕ ਸ਼ਬਦ ਹਨ :

ਭਗਤ - ਸ਼ਬਦ 'ਭਜ' ਤੋਂ ਲਿਆ ਗਿਆ ਹੈ, ਜਿਸਦੇ ਤਿੰਨ ਅਰਥ ਕੀਤੇ ਮਿਲਦੇ ਹਨ :-

1. ਵੰਡਣਾ (ਵੰਡ ਦੇ ਖਾਣਾ, ਪਹਿਲਾ ਵੰਡਦਾ, ਨਾਮ-ਦੀ ਦਾਤ ਵੰਡਣਾ)

2. ਸੇਵਾ ਕਰਨਾ - ਤਨ, ਮਨ, ਧਨ ਕਰਕੇ ਸੇਵਾ ਕਰਨੀ, ਨਿਸ਼ਕਾਮ ਸੇਵਾ ਕਰਨੀ

3. ਸਿਮਰਨ ਕਰਨਾ - ਸੰਤ ਦਾ ਮਾਰਗ ਧਰਮ ਕੀ ਪਉੜੀ।

ਇਹ ਤਿੰਨੇ ਸ਼ਬਦ - ਇਕ ਦੂਸਰੇ ਨਾਲ ਓਤ-ਪੋਤ ਹਨ, ਇਕ ਦੂਸਰੇ ਦੇ ਪੂਰਕ ਹਨ ਸਿਖ ਧਰਮ ਭਗਤੀ ਪ੍ਰਧਾਨ ਧਰਮ ਹੈ। ਭਗਤੀ ਅੰਦਰ ਸ਼ਬਦਾਵਲੀ ਤਾਂ ਕਈ ਬਾਰੀ ਇੰਝ ਲਗਦੀ ਹੈ ਜਿਵੇਂ ਸਰਗੁਣ ਰੁਪ ਹੈ ਪ੍ਰੰਤੂ ਐਸਾ ਨਹੀਂ, ਇਨਾ ਸ਼ਬਦਾਂ ਦਾ ਅੰਤਰੀਵ ਭਾਵ ਨਿਰਗੁਣ ਭਗਤੀ ਤੋਂ ਲਿਆ ਗਿਆ ਹੈ।

ਭਾਈ ਕਾਨ ਸਿੰਘ ਨਾਭਾ 'ਮਹਾਨ ਕੋਸ਼' ਅਨੁਸਾਰ ਐਟਰੀ

ਅਨੁਸਾਰ - ਭਗਤ ਦੇ - ਦਸ ਗੁਣ ਦਰਸਾਏ ਗਏ ਹਨ।

1. ਨਾਮ, ਗ੍ਰਾਸ ਗ੍ਰਾਸ ਜਪਣਾ 2. ਭਾਣੇ ਅੰਦਰ ਖੁਸ਼ ਰਹਿਣਾ 3. ਦੁਖ ਸੁਖ ਇਕ ਸਮਾਨ ਸਮਝਣਾ

4. ਹਉਮੈ ਦਾ ਤਿਆਗ 5. ਨਿਮਾਣਾ 6. ਚਾਲ ਸੰਸਾਰ ਤੋਂ ਵਖਰੀ

7. ਸੰਸਾਰੀਆ ਨਾਲ ਕਦੇ ਜੋੜ ਨਹੀਂ 8. ਭਗਤ, ਰਾਜਾ ਛਤ੍ਰਪਤ ਪੰਡਤਾਂ ਤੋਂ ਵੀ ਸਰੇਸ਼ਟ ਹੈ

9. ਭਗਤ ਸਾਂਝੀਵਾਲਤਾ, ਪਿਆਰ ਤੇ ਸਦਭਾਵਨਾ ਵਾਲੇ ਹੁੰਦੇ ਹਨ

10. ਸੰਤ-ਰਾਮ- ਇਕ ਸਮਾਨ ਹੁੰਦੇ ਹਨ।

**ਭਗਤ ਨਾਮਦੇਵ ਜੀਵਨ**

ਭਗਤ ਜੀ ਦਾ ਜਨਮ ਪਿੰਡ ਨਰਸੀ ਬਾਹਮਣੀ (ਜਿਲਾ ਸਤਾਰਾ) ਦੇ ਗਾਧਰਾ ਭਾਰਦਵਾਜ ਕਸ਼ਤ੍ਰੀਆ ਦੇ ਘਰਾਣੇ ਅੰਦਰ ਮਾਤਾ ਗੋਨਾ ਬਾਈ ਦੇ ਉਦਰ ਤੋਂ ਪਿਤਾ ਕਾਮਸੇਠ ਦੇ ਘਰ ਕਤਕ ਸ਼ੁਕਲ ਇਕਾਦਸੀ- 1327 ਬਿਕਰਮੀ ਸੰਮਤ ਮੁਤਾਬਕ 26 ਅਕਤੂਬਰ 1270 ਈ. ਦਿਨ ਐਤਵਾਰ ਰੋਹਣੀ ਨਕਸਤ, ਵਿਚ ਹੋਇਆ। ਐਸਾ ਸਭ ਦਿਨ, ਸਮਾਂ, ਨਕਸਤ, ਉਸ ਵਕਤ ਪ੍ਰਚਲਤ ਸਨ। ਭਗਤ ਜੀ ਇਨਾ ਸਭ ਤੋਂ ਨਿਰਲੇਪ ਪ੍ਰਮਾਤਮਾ ਦੇ ਭਗਤ ਸਨ। ਕਵੀ ਸੰਤੋਖ ਸਿੰਘ ਬਾਬਾ ਮੋਹਰ ਸਿੰਘ ਗੁਰਪ੍ਰਣਾਲੀਆਂ ਪੁਰਾਤਨ ਸਿੱਖ ਨਾਮਦੇਵ ਦਾ ਅਵਤਾਰ ਮੰਨਦੇ ਹਨ।

ਮੋਹਕਮ ਸਿਘ ਜਾਤੀ ਬਿਖਿਆਤੀ
ਨਾਮਦੇਵ ਕੋ ਕੁਲ ਤਿਨ ਜਾਤੀ॥

ਜਾਤੀ ਭਾਸਕਰ ਦੇ ਕਰਤਾ ਪੰਡਤ ਜਵਾਲਾ ਪ੍ਰਸਾਦ ਅਨੁਸਾਰ ਭਾਰਦਵਾਜ ਜਾਤੀ ਦੇ ਲੋਕ ਸੂਰਜਵੰਸ਼ੀ ਕਸਤ੍ਰੀ ਹਨ। ਪਰ ਸਮੇਂ ਦੇ ਗੇੜ ਨਾਲ ਹੋਰ ਵੀ ਕਈ ਜਾਤੀਆਂ ਕਛਵਾਹਾ, ਭਾਟੀ, ਚੋਹਾਨ, ਰਾਠੋਰ ਆਦਿ ਇਨਾਂ ਵਿਚੋਂ ਹੀ ਨਿਕਲੇ ਮੰਨੇ ਜਾਂਦੇ ਹਨ। ਇਨ੍ਹਾਂ ਵਿਚੋਂ ਬਹੁਤ ਲੋਕ ਕਪੜੇ ਸੀਣੇ, ਰੰਗਾਈ, ਛਪਾਈ ਦਾ ਕੰਮ ਕਰਦੇ ਹਨ, ਇਨਾ ਨੂੰ ਛੀਪੇ (ਛੀਂਵੇ) ਭੀ ਕਹਿੰਦੇ ਹਨ

ਨਾਮਦੇਵ ਪ੍ਰੀਤ ਲਗੀ ਹਰਿ ਸੇਤੀ।

ਲੋਕਾ ਛੀਪਾ ਕਹੇ ਬੁਲਾਏ॥ (ਸੂਹੀ ਮ. 5)

ਟਾਂਕ ਕਸ਼ਤ੍ਰੀ ਮੀਮਾਂਸਾ (1926) ਪੰ: ਨੰਦ ਕਿਸ਼ੋਰ ਸ਼ਰਮਾ ਸ਼ਾਸਤ੍ਰੀ ਅਨੁਸਾਰ ਨਾਮਦੇਵ ਨੂੰ ਇਨਾਂ ਦੀ ਜਾਤੀ ਅੰਦਰ ਬੜੇ ਸਨਮਾਨ ਨਾਲ ਯਾਦ ਕੀਤਾ ਜਾਂਦਾ ਹੈ। ਅੱਜ ਵੀ ਇਹ ਮਰਿਯਾਦਾ ਇਸ ਸਮਾਜ ਅੰਦਰ ਉਸੇ ਤਰ੍ਹਾਂ ਕਾਇਮ ਹੈ। ਨਾਮਦੇਵ ਜੀ ਦਾ ਜਨਮ ਦਿਨ ਬੜੀ ਸ਼ਰਧਾ ਨਾਲ ਯਾਦ ਕੀਤਾ ਜਾਂਦਾ ਹੈ ਅਤੇ ਅੰਤਮ ਸਮੇਂ ਦੀ ਰਸਮ ਘੁਮਾਣ (ਗੁਰਦਾਸਪੁਰ) ਭੀ ਉਨ੍ਹਾਂ ਦਾ ਯਾਦ ਨੂੰ ਤਾਜਾ ਕੀਤਾ ਜਾਂਦਾ ਹੈ। ਗੁਰਦਾਸਪੁਰ ਵਿਖੇ ਉਨ੍ਹਾਂ ਦੇ ਸੇਵਕ ਪੰਜਾਬ ਵਿਚੋਂ ਹੀ ਹਨ।

ਸਿੱਖ ਧਰਮ ਦੇ ਸੰਸਥਾਪਕ - ਗੁਰੂ ਨਾਨਕ ਦੇਵ ਜੀ ਨੇ ਚਾਰ ਵੱਡੀਆਂ ਉਦਾਸੀਆਂ ਕੀਤੀਆਂ- ਆਪ ਜੀ ਨੇ ਪਹਿਲੀ ਉਦਾਸੀ (ਲੰਬੀ ਯਾਤ੍ਰਾ) ਨਾਮਦੇਵ ਜੀ ਦੀ ਜਨਮ ਭੂਮੀ ਨਰਸੀ ਬਾਹਮਣੀ (ਮਹਾਰਾਸ਼ਟਰ) ਵਿਖੇ ਪਹੁੰਚੇ ਤਾਂ ਉਸ ਦੀ ਪ੍ਰਾਪਤ ਰਚਨਾ ਪਰਖ ਕੇ ਆਪ ਨੇ ਸੰਭਾਲ ਲਿਆ। ਇਹ - ਰਚਨਾ ਗੁਰੂ ਗੱਦੀ ਨੂੰ ਅਗੇ ਤੋਰਨ ਸਮੇਂ ਉਤਰਾਧਿਕਾਰੀ ਗੁਰੂਆ ਰਾਹੀਂ ਪੰਜਵੇਂ ਗੁਰੂ ਪਾਸ ਪਹੁੰਚੀ। ਸੰਕਲਨ ਤੇ ਸੰਪਦਨਾ ਸਮੇਂ ਭਗਤ ਨਾਮਦੇਵ ਜੀ ਦੇ 61 ਸ਼ਬਦ, 18 ਰਾਗਾਂ ਅੰਦਰ ਅੰਕਤ ਕੀਤੇ ਗਏ ਇਹ ਸੰਪਾਦਨ ਕਲਾ ਆਪਣੇ ਆਪ ਵਿਚ ਇਕ ਵੱਡੀ ਪ੍ਰਾਪਤੀ ਸੀ। ਜਿਨ੍ਹਾਂ ਸੰਤਾ ਭਗਤਾ ਨੂੰ ਧਰਮ ਅਸਥਾਨਾ ਵਿਖੇ ਕਦੇਈ ਸਤਿਕਾਰ ਨਹੀਂ ਸੀ ਮਿਲਿਆ ਅੱਜ ਉਹ ਗੁਰੂ ਜੀ ਦੇ ਬਰਾਬਰ ਸਤਿਕਾਰ ਦਾ ਪਾਤਰ ਹਨ।

ਇਕ ਪੱਛਮੀ ਵਿਦਵਾਨ W. Crook ਨੇ ਆਪਣੇ ਖੋਜ ਕਾਰਜ Tribes and Castes of North West Provinces and Audh ਅੰਦਰ ਇਸ ਤਰ੍ਹਾਂ ਜ਼ਿਕਰ ਕੀਤਾ ਹੈ -

Namedev Bhagat a Tribal Saint is much respected by Tank Kshatrya casts.......they were Nanak Panthies. Namdev the first calico printer.....The author (contribution) of sikh granth to have lived in 12th, 13th century his followers in the punjab and Maharastra.

ਨਾਮਦੇਵ ਪੰਡਰਪੁਰ (ਮਹਾਰਾਸ਼ਟਰ) ਤੋਂ ਆਪਣੇ ਇਕ ਸਾਥੀ ਗਿਆਨ ਦੇਵ ਜੀ ਨਾਲ ਭਾਰਤ ਵਰਸ ਦੀ ਤੀਰਥ ਯਾਤਰਾ, ਦਿੱਲੀ, ਕਾਂਸੀ, ਗਯਾ, ਅਜੁਧਿਆ ਮਥਰਾ, ਬਿੰਦਰਾਬਨ, ਗੋਕਲ ਜਗਨ ਨਾਥ ਦਵਾਰਕਾ, ਮਾਰਵਾੜ, ਰਾਮੇਸ਼ਵਰ, ਹੈਦਰਾਬਾਦ, ਦਿਉਗਿਰੀ, ਐਲੋਡਾ, ਜੂਨਾਗੜ ਆਦਿ ਤੋਂ ਬਾਅਦ ਪੰਜਾਬ ਵਿਚ ਦਾਖਲ ਹੋਏ, ਪੰਜਾਬੀ ਸਾਥੀਆਂ ਲਧਾ ਤੇ ਜਲਾ ਸਮੇਤ ਪੰਜਾਬ ਦਾ ਭਰਮਣ ਕੀਤਾ। ਨਾਮਦੇਵ ਗਾਥਾ ਮਰਾਠੀ ਵਿਚ ਮਿਲਦੀ ਹੈ, ਮੈਕਾਲਫ ਅਨੁਸਾਰ ਆਪ ਪਹਿਲਾ ਪਹਿਲ, ਬੁਤ ਪੂਜ ਸਨ- ਬਾਦ ਵਿਚ ਅੰਤਰ ਗਿਆਨ ਉਪਰੰਤ ਇਸ ਸਰਗੁਣੀ ਪੁਜਾ ਤੋਂ ਪਲਟ ਕੇ ਨਿਰਗੁਣ ਦੇ ਪੁਜਾਰੀ ਹੋ ਗਏ। ਜੈਸੇ

ਏਕੈ ਪਾਥਰ ਕੀਜੈ ਭਾਓ ਦੂਜੇ ਪਾਥਰ ਧਰੀਐ ਪਾਉ
ਜੇ ਉਹੁ ਦੇਉ ਤ ਉਹੁ ਭੀ ਦੇਵ ਕਹਿ ਨਾਮਦੇਵ ਹਮ ਹਰਿ ਕੇ ਸੇਵ॥ ਪੰ. 525

ਨਾਮਦੇਵ ਜੀ - ਬਚਪਨ ਵਿਚ ਘਟ - ਪਰਮਾਰਥੀ ਰੁਚੀ ਵਾਲੇ ਸਨ। ਆਪ ਦੇ ਮਾਤਾ ਪਿਤਾ ਵਿਠਲ ਦੇ ਉਪਾਸਕ ਸਨ। ਵਿਠਲ ਵਿਸ਼ਨੂੰ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਪ੍ਰਕਾਰ ਦੇ ਵਾਤਾਵਰਨ ਦਾ ਪ੍ਰਭਾਵ ਕੁਦਰਤੀ ਸੀ। ਸਕੂਲ ਦੀ ਵਿਦਿਆ ਸਮੇਂ ਓਮ ਲਿਖਣ ਦੀ ਵਜਾਏ ਸ੍ਰੀ ਵਿਠਲ ਦਾ ਲਿਖਣਾ ਇਸ ਪ੍ਰਕਾਰ ਦੇ ਸੰਸਕਾਰਾਂ ਨੂੰ ਸਪਸ਼ਟ ਕਰਦਾ ਹੈ। ਬਚਪਨ ਤੋਂ ਹੀ ਦੋ ਪੱਥਰਾਂ

ਨੂੰ ਵਜਾ ਕੇ ਵਿਠਲ ਦੀ ਪੂਜਾ ਸ਼ੁਰੂ ਕਰ ਦਿੱਤੀ। ਵਿਠਲ ਦੀ ਪੂਜਾ ਆਪ ਜੀ ਦੇ ਪਿਤਾ ਕਈ ਵਾਰੀ ਆਪ ਨੂੰ ਸੌਂਪ ਦਿੰਦੇ। ਜਿਸਨੇ ਆਪ ਜੀ ਦੀ ਸ਼ਰਧਾ, ਭੋਲਾਪਨ ਤੇ ਧਾਰਮਕ ਭਾਵਨਾ ਨੂੰ ਹੋਰ ਵੀ ਪ੍ਰਪੱਕ ਕਰ ਦਿੱਤਾ- ਇਸਦਾ ਸਬੂਤ - ਉਨਾ ਦੀ ਰਚਨਾ ਤੋਂ ਹੀ ਸਪਸ਼ਟ ਹੈ :-

ਦੂਧੁ ਪੀਓ ਗੋਬਿੰਦ ਰਾਏ ਨਹੀ ਤ ਘਰ ਕੋ ਬਾਪ ਰਿਸਾਇ।

...........

ਦੂਧੁ ਪੀਆਇ ਭਗਤ ਘਰ ਗਇਆ ਨਾਮੇ ਹਰਿ ਕਾ ਦਰਸ਼ਨ ਭਇਆ।

(ਭੈਰਓ-ਨਾਮਦੇਵ, ਪੰ. 1163-64)

ਮਾਤਾ ਪਿਤਾ ਨੇ ਆਪ ਦੀ ਸ਼ਾਦੀ ਬਚਪਨ ਵਿਚ **ਰਾਜਾ ਬਾਈ** ਨਾਲ ਕਰ ਦਿੱਤੀ - ਜੋ **ਸੇਠ ਸਦਾਵਰਤੇ** ਦੀ ਬੇਟੀ ਸੀ। ਆਪ ਦੇ ਘਰ ਚਾਰ ਪੁੱਤਰ ਇਕ ਧੀ ਨੇ ਜਨਮ ਲਿਆ। ਆਪ ਨਰਸੀ ਬਾਵਨੀ ਛੱਡ ਕੇ ਪੁੰਡਰ ਆ ਗਏ। ਆਪ ਜੀ ਦਾ ਮੇਲ **ਨਾਗਨਾਥ** ਦੇ ਮੰਦਰ ਵਿਖੇ **ਗੁਰੂ ਵਿਸ਼ੋਭਾ ਖੇਚਰ** ਨਾਲ ਹੋਇਆ। ਆਪ ਦਾ ਪਰਤਾਵਾ ਹੋਇਆ ਪ੍ਰੰਤੂ ਆਪ ਸਰਧਾ ਪ੍ਰਪੱਕ ਹੋਣ ਕਰਕੇ ਪੂਰੇ ਉਤਰੇ, ਮੰਦਰ ਵਿਖੇ ਕੀਤਰਨ ਨਾ ਕਰਨ ਦੇਣ ਉਪਰੰਤ, ਮੰਦਰ ਦੇ ਪਿਛੇ ਜਾ ਬੈਠੇ- ਮੰਦਰ ਦਾ ਮੂੰਹ ਉਸ ਪਾਸੇ ਘੁੰਮ ਜਾਣਾ- ਇਕ ਵੱਡੀ ਘਟਨਾਂ ਸੀ ਜਿਸਨੇ ਆਪ ਦੀ ਸ਼ਰਧਾ ਨੂੰ ਹੋਰ ਵੀ ਪੱਕਾ ਕਰ ਦਿਤਾ।

ਜਿਉ ਜਿਉ ਨਾਮਾ ਹਰਿ ਗੁਣ ਉਚਰੇ ਭਗਤ ਜਨਾ ਕਉ ਦੇਹਰਾ ਫਿਰੈ।

(ਭੈਰਉ ਨਾਮਦੇਵ, ਪੰ. 1164)

ਆਪ ਜੀ ਦੇ ਪ੍ਰਭੂ ਪਿਆਰ ਦਾ ਸਦਕਾ-ਪ੍ਰਮਾਤਮਾ ਵਲੋਂ ਆਪਣੀ ਛਪਰੀ ਦਾ ਬਨਾਉਣਾ ਭਗਤਾਂ ਪ੍ਰਤਿ ਪ੍ਰਮਾਤਮਾ ਦਾ ਪਿਆਰ। ਭਗਤਾਂ ਦੇ ਕਾਰਜ ਸਵਾਰਨ ਦੇ ਸਬੂਤ ਮਿਲਦਾ ਹੈ ਪ੍ਰਮਾਤਮਾ ਨੂੰ ਪਿਆਰ ਤੇ ਮਾਲ ਨਾਲ ਬੇਢੀ (ਤ੍ਰਿਖਾਣ0 ਕਹਿ ਕੇ ਪੁਕਾਰਿਆ ਹੈ।

- ਨਿਰਗੁਣ ਭਗਤੀ ਵਿਚ ਲੀਨ ਤੇ ਵਿਸ਼ਵਾਸ ਰਖਣ ਵਾਲੇ ਨਾਮਦੇਵ ਨੇ ਭਾਰਤ ਪ੍ਰਚਾਰ ਦੋਰਾ ਕੀਤਾ।

ਅੰਤਲੇ ਸਮੇਂ ਪੰਜਾਬ ਆ ਗਏ - 1350 ਈ. ਆਪ ਨੇ ਸਰੀਰ ਘੁਮਾਣ ਵਿਖੇ ਤਿਆਗਿਆ। ਇਹ ਅਸਥਾਨ ਗੁਰਦਾਸਪੁਰ ਵਿਖੇ ਹੈ। ਮਾਘ ਮਹੀਨੇ ਆਪਜੀ ਦੀ ਯਾਦ ਵਿਚ ਮੇਲਾ ਲਗਦਾ ਹੈ। ਪੰਜਾਬ ਦੇ ਲੋਕ ਆਪ ਜੀ ਦੇ ਚੇਲੇ ਸਨ।

ਗੁਰੂ ਗ੍ਰੰਥ ਅੰਦਰ ਦੀ ਰਚਨਾ ਤੋਂ ਬਿਨਾਂ ਵਿਦਵਾਨਾਂ ਨੇ ਨਾਮਦੇਵ ਗਾਥਾ ਵਿਚ 2500 ਮਰਾਠੀ ਅਭੰਗ ਦਾ ਜ਼ਿਕਰ ਕੀਤਾ ਹੈ। 110 ਹਿੰਦੀ ਪਦੇ ਦਸੇ ਭੀ ਹਨ ਹੋਰ ਵੀ ਫੁਟਕਲ ਰਚਨਾਵਾਂ ਦਾ ਜ਼ਿਕਰ ਆਉਂਦਾ ਹੈ ਪ੍ਰੰਤੂ ਅਸੀਂ ਕੇਵਲ ਗੁਰੂ ਗ੍ਰੰਥ ਸਾਹਿਬ ਅੰਦਰ ਅੰਕਤ ਰਚਨਾ ਨੂੰ ਹੀ ਲੈਕੇ ਵਿਚਾਰ ਕਰਨੀ ਹੈ। ਗੁਰੂ ਗ੍ਰੰਥ ਸਾਹਿਬ ਅੰਦਰ 61 ਸ਼ਬਦ, 18 ਰਾਗਾਂ ਅੰਦਰ ਵਖੋ ਵਖਰੇ ਵਿਸ਼ਿਆਂ ਦਾ ਪ੍ਰਗਟਾਵਾ ਕਰਦੇ ਹਨ ਪ੍ਰੰਤੂ ਮੁੱਖ ਤੌਰ ਤੇ ਅਧਿਆਤਮਵਾਦ ਦਾ ਵਰਣਨ ਹੈ। ਪ੍ਰਮਾਤਮਾ, ਸ੍ਰਿਸ਼ਟੀ, ਮਨੁੱਖ ਤੇ ਉਸਦਾ ਉਦੇਸ਼ ਇਸਦੀ ਪ੍ਰਾਪਤੀ ਦੇ ਸ੍ਰੋਤ ਤੇ ਸਾਧਨ -ਨਾਮ ਸਿਮਰਨ ਦਾ ਮੁੱਖ ਰੂਪ ਵਿਚ ਵਰਣਨ ਹੈ ਕਿਤੇ ਦੱਖਣੀ ਅਪਭ੍ਰੰਸ਼ ਅਤੇ ਗੁਜਰਾਤੀ ਭਾਸ਼ਾ ਦੇ ਨਮੂਨੇ ਵੀ ਮਿਲਦੇ ਹਨ -

ਅਧਿਆਤਮਵਾਦ ਆਸਤਕ ਧਰਮਾਂ ਦਾ ਮੁੱਖ ਵਿਸ਼ਾ ਹੈ। ਅਧਿਆਤਮਵਾਦ ਇਕ ਪੰਗਤੀ ਰਾਹੀ ਅੰਕਤ ਕਰਨਾ ਹੋਵੇ ਤਾ ਇਹ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ- **ਆਤਮਾ ਤੋਂ ਪ੍ਰਮਾਤਮਾ ਤਕ ਵਿਕਾਸ ਤਥਾ ਵਿਗਾਸ ਹੀ ਅਧਿਆਤਮਕਵਾਦ ਕਿਹਾ ਜਾ ਸਕਦਾ ਹੈ।** ਇਸ

ਨਾਲ ਜੁੜੇ ਹੋਏ ਮੁੱਖ ਵਿਸ਼ੇ –

1. ਪ੍ਰਮਾਤਮਾ, 2. ਸੰਸਾਰ (ਸ੍ਰਿਸ਼ਟੀ ਰਚਨਾ) ਰਚਨਾ ਅੰਦਰ ਮਨੁੱਖ ਭਾਵ,

ਮਨੁੱਖ ਦਾ ਜੀਵਨ ਆਦਰਸ਼, ਪ੍ਰਾਪਤੀ ਦੇ ਸ੍ਰੋਤ ਤੇ ਸਾਧਨਾਂ ਦਾ ਵਰਣਨ

4. ਮੁਕਤੀ (ਜੀਵਨ ਮੁਕਤੀ) ਦਾ ਮਹਾਤਮ ਮੰਨਿਆ ਗਿਆ ਹੈ।

5. ਭਗਤ ਨਾਮਦੇਵ ਜੀ ਦੀ ਥੋੜੀ ਜਿਹੜੀ ਰਚਨਾ ਭਾਵ 61 ਸ਼ਬਦਾਂ ਅੰਦਰ ਇਨਾਂ ਮੁੱਖ ਵਿਸ਼ਿਆਂ ਨੂੰ ਨਿਭਾਵਿਆ ਗਿਆ ਹੈ। ਇਸ ਦੇ ਨਾਲ ਹੀ ਇਕ ਹੋਰ ਪੱਖ ਰਚਨਾ ਵਿਚ ਮਿਲਦਾ ਹੈ ਉਹ ਹੈ ਸਮਾਜਿਕ ਤੇ ਰਾਜਨੀਤਕ।

ਸਮਾਜਿਕ ਔਕੜਾਂ ਆਉਂਦੀਆਂ ਹਨ, ਸਮਕਾਲੀ ਮੁਸਲਮਾਨੀ ਹਕੂਮਤ ਦਾ ਰਵੱਈਆ ਵੀ ਦੇਖਣ ਨੂੰ ਮਿਲਦਾ ਹੈ ਪ੍ਰੰਤੂ ਦ੍ਰਿੜ੍ਹ ਅਧਿਆਤਮਕਵਾਦੀ ਇਸ ਪ੍ਰਕਾਰ ਦੀਆਂ ਔਕੜਾਂ ਨੂੰ ਪ੍ਰਮਾਤਮਾ ਦੇ ਭਰੋਸੇ ਦੁਆਰਾ ਪਾਰ ਕਰ ਲੈਂਦਾ ਹੈ। ਭਗਤ ਜੀ ਨੇ ਇਸ ਪ੍ਰਕਾਰ ਦੇ ਵਾਤਾਵਰਣ ਵਿਚ ਸਫਲ ਹੋਣ ਨਿਰਗੁਣ ਭਗਤੀ ਦੇ ਸੰਤਾਂ, ਭਗਤਾਂ ਤੇ ਸਾਧਕਾਂ ਨੇ ਆਪਣੀਆਂ ਰਚਨਾਵਾਂ ਅੰਦਰ ਸ਼ਬਦਾਵਲੀ– ਸ਼ਰਗੁਣ ਪ੍ਰਮਾਤਮਾ ਵਾਲੀ ਵਰਤੀ ਹੈ ਪ੍ਰੰਤੂ ਨਾਲ ਹੀ ਆਪਣੀ ਅੰਤਰੀਵ ਭਾਵਨਾ ਦੁਆਰਾ – ਨਿਰਗੁਣ ਪ੍ਰਮਾਤਮਾ ਦੀ ਗਲ ਕੀਤੀ ਹੈ ਨਾਮਦੇਵ ਜੀ ਨੇ ਪ੍ਰਮਾਤਮਾ ਲਈ ਹਰੀ, ਗੋਬਿੰਦ, ਨਰਾਇਣ, ਗੋਪਾਲ, ਪਰਖੋਤਮ, ਵਿਠਲ, ਪਾਰਬ੍ਰਹਮ, ਜਗਜੀਵਨ, ਬੇਦੀ (ਤਰਖਾਣ) ਬੜੇ ਪਿਆਰ ਨਾਲ ਵਰਤੇ ਸ਼ਬਦ ਹਨ। ਇਨ੍ਹਾਂ ਸਭ ਦਾ ਅਰਥ ਭਾਵ ਨਿਰਗੁਣਤਾ ਤੋਂ ਹੈ।

**ਪ੍ਰਮਾਤਮਾ**

ਘਟ ਘਟ ਅੰਤਰਿ ਸਰਬ ਨਿਰੰਤਰ ਕੇਵਲ ਏਕ ਮੁਰਾਰੀ॥ (ਆਸਾ ਪੰ 485)

ਹਿੰਦੂ ਪੂਜੇ ਦੇਹਰਾ ਮੁਸਲਮਾਣ ਮਸੀਤਿ।

ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤ॥ (ਗੋਂਡ, ਪੰ 875)

ਪ੍ਰਮਾਤਮਾ ਭਗਤਾ ਦੀ ਲਾਜ ਰਖਦਾ ਹੈ, ਅੰਤਰਜਾਮੀ (ਦਿਲਾਂ ਦੀਆਂ ਜਾਣਨ ਵਾਲਾ) ਹੈ।

ਪ੍ਰਮਾਤਮਾ ਦਿਆਲੂ ਤੇ ਕਿਰਪਾਲੂ ਹੈ। (ਕਾਨੜਾ, 1318)

**ਗੁਰੂ :–** ਗੁਰੂ ਦਾ ਮਹੱਤਵ ਬਹੁਤ ਹੈ। ਗਿਆਨ (ਬਿਬੇਕ) ਗੁਰੂ ਬਖਸ਼ਦਾ ਹੈ ਗੁਰੂ ਦੇ ਬਿਬੇਕ ਗਿਆਨ ਦੁਆਰਾ ਹੀ ਸੰਸਾਰ ਤੋਂ ਪਾਰ ਉਤਾਰਾ ਸੰਭਵ ਹੈ।

ਸਫਲ ਜਨਮੁ ਮੋ ਕਉ ਗੁਰ ਕੀਨਾ..... ਗਿਆਨ ਅੰਜਨੁ ਮੋ ਕਉ ਗੁਰ ਦੀਨਾ॥

(ਬਿਲਾਵਲ, ਪੰ. 857)

**ਭਗਤੀ ਸਿਮਰਨ :–** ਪ੍ਰਮਾਤਮਾ ਨਾਲ ਅਭੇਦ ਹੋਣ ਦਾ ਇਕੋ ਇਕ ਸਾਧਨ ਹੈ ਸਿਮਰਨ– ਦੁਆਰਾ ਹੀ ਨਿਰਬਾਣ ਪਦ ਦੀ ਪ੍ਰਾਪਤੀ ਹੁੰਦੀ ਹੈ :

ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ॥ (ਗੂਜਰੀ, 525)

ਭਗਤ ਜੀ ਨੇ ਹਠ ਤਪ, ਕਰਮ ਕਾਂਡਾ, ਵਹਿਮਾ ਭਰਮਾ ਦਾ ਖੰਡਨ ਕਰਕੇ ਕੇਵਲ ਪ੍ਰਭੂ ਭਗਤੀ ਤੇ ਜ਼ੋਰ ਦਿੱਤਾ, ਜਿਸ ਨਾਲ ਹਿਰਦਾ ਸ਼ੁਧ ਹੁੰਦਾ ਹੈ।

ਤੂੰ ਹਰਿ ਭਜ ਮਨ ਮੇਰੇ ਪਦੁ ਨਿਰਬਾਨ

ਬਹੁਰਿ ਨ ਹੋਇ ਤੇਰਾ ਆਵਨ ਜਾਨੁ॥ (ਗੂਜਰੀ, ਪੰਨ 525)

**ਬੀਠਲ (ਵਿਠਲ)**

ਭਗਤ ਨਾਮ ਦੇਵ ਦੀ ਰਚਨਾ ਅੰਦਰ ਬੀਠਲ ਦਾ ਸੰਕਲਪ ਨਿਰੋਲ ਨਾਮਦੇਵ ਦੀ ਰਚਨਾ ਦਾ

ਹੀ ਸੰਕਲਪ ਲਗਦਾ ਹੈ। ਭਾਵੇਂ ਗੁਰੂ ਸਾਹਿਬਾਨ ਨੇ ਇਸ ਬਾਰੇ ਵਰਣਨ ਕੀਤਾ ਹੈ। ਭਗਤ ਨਾਮਦੇਵ ਮਹਾਰਾਸ਼ਟਰ ਤੋਂ ਚਲ ਕੇ ਪ੍ਰਚਾਰ ਹਿਤ ਭਾਰਤ ਵਰਸ ਦਾ ਭਰਮਣ ਕਰਦਾ ਪੰਜਾਬ ਪਹੁੰਚਿਆ ਇਥੇ ਕਾਫੀ ਸਮਾਂ ਗੁਜਾਰਿਆ ਤੇ ਅੰਤਮ ਸਮੇਂ ਵੀ ਉਨ੍ਹਾਂ ਘੁਮਾਣ (ਗੁਰਦਾਸਪੁਰ) ਆਪਣਾ ਸਮਾਂ ਗੁਜਾਰਦਿਆਂ ਪ੍ਰਮਾਤਮਾ ਨਾਲ ਇਕ-ਮਿਕ ਹੋ ਗਏ। ਉਨ੍ਹਾਂ ਦੀ ਰਚਨਾ ਅੰਦਰ ਭਾਰਤੀ ਪਰੰਪਰਾ ਅੰਦਰ ਵਰਤੇ ਜਾਣ ਵਾਲੇ ਸ਼ਬਦ ਤਾਂ ਮਿਲਦੇ ਹਨ ਜਿਨ੍ਹਾਂ ਦਾ ਜ਼ਿਕਰ ਅਸੀਂ ਕੀਤਾ ਹੈ ਪ੍ਰੰਤੂ ਬੀਠਲ ਸ਼ਬਦ ਦਾ ਪ੍ਰਯੋਗ ਮਰਾਠੀ ਭਾਸ਼ਾ ਅੰਦਰ ਹੀ ਹੁੰਦਾ ਸੀ। ਇਸੇ ਲਈ ਅਸੀਂ ਵਿਠਲ ਦਾ ਉਚੇਚੇ ਤੌਰ ਤੇ ਵਰਣਨ ਕੀਤਾ ਹੈ।

**ਵਿਠਲ (ਬੀਠਲ)**

ਇਹ ਸ਼ਬਦ ਮਰਾਠੀ ਭਾਸ਼ਾ ਦਾ ਮਹੱਤਵਪੂਨ ਸ਼ਬਦ ਹੀ ਨਹੀਂ ਸਗੋਂ ਸਿੱਧਾਂਤ (Concept) ਦੇ ਰੂਪ ਵਿਚ ਵੀ ਵਿਕਸਤ ਹੋਇਆ। ਭਗਤ ਨਾਮਦੇਵ ਜੋ ਆਪਣੀ ਰਚਨਾ ਵਿਚ ਇਸ ਨੂੰ ਪਰਮ ਤੱਤ ਸਤਿ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ।

ਇਸ ਸ਼ਬਦ ਦੀ ਵਿਉਂਤਪਤੀ ਮੋਲਜਵਰਥ ਦੇ ਮਰਾਠੀ ਸ਼ਬਦ ਕੋਸ਼ ਵਿਚ

'ਵਿਟ' - (ਗਿਆਨ ਵਿਦਿਆ Knowledge or understanding)

'ਡ' - ਸੰਕਟ ਦੁਖ ਰੋਗ ਸੰਤਾਪ (Privation destitution)

'ਲ' ਲਭ - ਅੰਗੀਕਾਰ ਕਰਦਾ ਹੈ (He takes)

ਅਰਥਾਤ ਦੁਖੀਆ ਰੋਗੀਆਂ ਨੂੰ ਅੰਗੀਕਾਰ ਕਰਨ ਵਾਲਾ ਸੰਕਟ ਮੋਚਨ ਵਿਠਲ ਹੈ

(Resever of the ignornat and destitute or understanding)

ਪ੍ਰੋ. ਸਾਹਿਬ ਸਿੰਘ ਨੇ ਵਿਠੁਲ ਦਾ ਮੂਲ ਸੰਸਕ੍ਰਿਤ ਤੋਂ ਲਿਆ ਹੈ। ਜਿਹੜਾ ਦੂਰ ਰਹਿੰਦਾ ਹੈ - One who is at distance

ਭਾਵ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ - ਵਾਹਿਗੁਰੂ, ਕਿਸ਼ਨ ਜੀ ਆਪਣੇ ਭਗਤ ਨੂੰ ਮਿਲਣ ਗਏ ਉਹ ਇੱਟ ਦੇ ਉਪਰ ਬੈਠ ਗਏ। ਪੰਦਰ ਪੁਰ ਵਿਠਲ ਦੇਵਤੇ ਦੀ ਮੂਰਤੀ ਦੀ ਇਸੇ ਮੁਦਰਾ ਵਿਚ ਬਣਾਈ ਹੋਈ ਹੈ।

ਜਸਟਿਸ ਰਾਨਾਡੇ ਨੇ (Rise of Mradha Power) ਅੰਦਰ ਵੈਦਕ ਕਾਲ ਦੇ ਦੇਵਤਿਆਂ ਦਾ ਜ਼ਿਕਰ ਕੀਤਾ ਹੈ। ਜਗ ਹੋਮ ਸਮੇਂ ਵਖੋ ਵਖਰੀਆਂ ਭੇਟਾਵਾਂ ਦਿੱਤੀਆਂ ਜਾਂਦੀਆਂ ਸਨ। ਉਹ ਸਭ ਪ੍ਰਮਾਤਮਾ ਦੀਆਂ ਵਖਰੀਆਂ ਸ਼ਕਤੀਆਂ ਦੇ ਪ੍ਰਤੀਕ ਹੁੰਦੇ ਸਨ।

ਭਗਤ ਨਾਮ ਦੇਵ ਨੇ ਬੀਠਲ ਦੀ ਸਰਬ ਵਿਆਪਕਤਾ ਦਾ ਵਰਣਨ ਕੀਤਾ ਹੈ।

ਈਭੈ ਬੀਠਲ ਉਭੈ ਬੀਠਲ ਬੀਠਲ ਬਿਨੁ ਸੰਸਾਰ ਨਹੀ।
ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂ ਸਰਬ ਮਹੀ॥ (ਆਸਾ, ਪੰਨ. 485)

ਪਰਮਾਤਮਾ ਅੰਤਰਜਾਮੀ ਹੈ, ਮੈਲ ਤੋਂ ਰਹਿਤ ਨਿਰਮਾਇਲ ਹੈ, ਪਰਮ ਕ੍ਰਿਪਾਲੂ ਹੈ

ਪ੍ਰਣਵੈ ਨਾਮਦੇਉ ਲਾਗੀ ਪ੍ਰੀਤ ਗੋਬਿੰਦ ਵਸੈ ਹਮਾਰੇ ਚੀਤਿ॥ (ਭੈਰਉ, ਪੰ. 1164)

ਭਗਤ ਨਾਮਦੇਵ ਬਾਣੀ ਅੰਦਰ ਪ੍ਰਮਾਤਮਾ ਪ੍ਰਾਪਤੀ ਦਾ ਸਾਧਨ ਪਰਮਾਤਮਾ ਦੀ ਕਿਰਪਾ ਦੇ ਪਾਤਰ ਬਣਨ ਵਿਚ ਹੈ। ਨਾਮ ਸਿਮਰਨ ਤੇ ਗੁਰੂ ਕਿਰਪਾ ਹੀ ਇਕੋ ਇਕ ਸਾਧਨ ਹੈ। ਗੁਰੂ ਬਿਬੇਕ ਬੁਧਿ ਤੇ ਦਿਵ-ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਕੁਝ ਲੋਕ ਨਾਮ ਤੋਂ ਵਾਝੇ ਮਾਇਆ ਵਿਚ ਗਲਤਾਨ ਹਨ, ਮਨੁੱਖਾ ਜੀਵਨ ਦਾ ਉਤਮ ਮੌਕਾ ਗੁਆ ਦਿੰਦੇ ਹਨ। ਨਾਮਦੇਵ ਜੀ ਦਾ ਕਥਨ ਹੈ ਕਿ ਗੁਰੂ

ਕਿਰਪਾ ਨਾਲ ਮੇਰਾ ਜੀਵਨ ਉਤਮ ਹੋ ਗਿਆ। ਸਫਲ ਜੀਵਨ ਮਨੁੱਖ ਦੀ ਜਾਗੀ ਹੋਈ ਸੁਰਤਿ ਦੀ ਇਕਾਗਰਤਾ ਕਾਰਨ ਚੌਥਾ ਪਦ ਪ੍ਰਾਪਤ ਹੁੰਦਾ ਹੈ :

ਸਫਲ ਜਨਮੁ ਮੋ ਕਉ ਗੁਰ ਕੀਨਾ॥
ਦੂਖ ਬਿਸਾਰਿ ਸੁਖ ਅੰਤਰ ਲੀਨਾ॥ (ਰਾਗ ਬਿਲਾਵਲ 857-58)

ਗੁਰੂ ਮਤਿ ਦੁਆਰਾ ਮਨੁੱਖ ਦੈਵੀ ਗੁਣਾਂ (Divinty) ਦਾ ਧਾਰਨੀ ਹੋ ਜਾਂਦਾ ਹੈ ਜੀਵਨ ਦੇ ਸਾਰੇ ਸਰੋਕਾਰ ਬਦਲ ਜਾਂਦੇ ਹਨ ਇਹ ਗੁਰੂ ਵਲੋਂ ਬੁਧ ਬਦਲਣ ਦੇ ਕਾਰਨ ਹੀ ਹਨ।

ਨਰ ਤੇ ਸੁਰ ਹੋਇ ਜਾਤ ਨਿਮੁਖ ਮੈ ਸਤਿਗੁਰ ਬੁਧ ਸਿਖਲਾਈ॥ (ਗੋਂਡ,ਪੰ. 874)

ਨਾਮ ਦੁਆਰਾ ਪਰਮਾਰਥ ਦਾ ਮਾਰਗ ਪ੍ਰਾਪਤ ਹੁੰਦਾ ਹੈ ਇਹ **ਅੰਨੇ ਦੀ ਡੰਗੋਰੀ** ਵਰਗਾ ਹੈ, ਜਿਸ ਨਾਲ ਆਤਮਾ ਅਧਿਆਤਮਕ ਮਾਰਗ ਦੇ ਬਿਖੜੇ ਸਫਰ ਸਫਲ ਕਰ ਲੈਂਦੀ ਹੈ :

ਮੈਂ ਅੰਧਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ।
ਮੈ ਗਰੀਬ ਮੈ ਮਸਕੀਨ ਤੇਰਾ ਨਾਮ ਹੈ ਆਧਾਰਾ॥ (ਤਿਲੰਗ, ਪੰ.727)

ਨਾਮ ਸਿਮਰਨ ਲਈ ਘਰ ਬਾਰ ਤਿਆਗਣ ਦੀ ਲੋੜ ਨਹੀਂ, ਨਾਰੀ ਗ੍ਰਿਹਸਤ ਨੂੰ ਤਿਆਗਣ ਲਈ ਕਿਹਾ ਹੈ ਇਸ ਲਈ ਉਨ੍ਹਾਂ ਨੇ ਆਮ ਜੀਵਨ ਵਿਚੋਂ ਹੀ ਉਦਾਹਰਣਾਂ ਦੇ ਕੇ ਸਮਝਾਇਆ ਹੈ :

ਬੱਚੇ ਪਤੰਗ ਚੜਾਉਂਦੇ ਹਨ, ਪ੍ਰੰਤੂ ਨਾਲ ਦੋਸਤਾਂ ਨਾਲ ਗਲਾ ਕਰੀ ਜਾਂਦੇ ਹਨ

ਸੁਨਾਰ ਆਪਣੇ ਕੰਮ ਦੇ ਨਾਲ ਲੋਕਾਂ ਨਾਲ ਗਲਾ ਕਰ ਲੈਂਦਾ ਹੈ।

ਬੀਬੀਆਂ - ਪਾਣੀ ਦਾ ਘੜਾ ਸਿਰ ਤੇ ਟਿਕਾ ਕੇ ਟੁਰਦੀਆਂ ਹੋਈਆਂ ਗਲਾ ਵੀ ਕਰ ਲੈਂਦੀਆਂ ਹਨ

ਗਉ- ਚਾਰਾ ਚੁਗਣ ਸਮੇਂ ਧਿਆਨ ਬਚੇ ਵਿਚ ਵੀ ਰਖਦੀ ਹੈ - ਨਾਮਦੇਵ ਦਾ ਕਥਨ ਹੈ :

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ।
ਹਾਥ ਪਾਉ ਕਰਿ ਕਾਮ ਸਭੁ ਚੀਤਿ ਨਿਰੰਜਨ ਨਾਲਿ॥ (ਪੰ. 1378)

ਨਾਮਦੇਵ ਜੀ ਨੇ ਸਮਕਾਲੀ ਸਮਾਜ ਅੰਦਰ, ਤਥਾ ਕਥਿਤ ਨੀਵੀਂ ਜਾਤ ਦੇ ਲੋਕਾਂ ਨਾਲ ਭੈੜੇ ਵਰਤਾਉ ਦਾ ਚਿੱਤਰ ਖਿੱਚ ਕੇ ਇਕ ਪਾਸੇ ਇਸ ਵਿਵਸਥਾ ਨੂੰ ਨਿੰਦਿਆ ਹੈ ਦੂਸਰੇ ਪਾਸੇ ਪਰਮਾਤਮਾ ਨੂੰ ਦੱਸਿਆ ਹੈ ਅਤੇ ਨਾਲ ਹੀ ਇਹ ਭੀ ਸਾਬਤ ਕੀਤਾ ਹੈ ਪ੍ਰਮਾਤਮਾ ਦਾ ਭਾਉ ਭਗਤ ਦਾ ਭੁੱਖਾ ਹੈ ਭਗਤਾਂ ਦੀ ਲਾਜ ਰਖਦਾ ਹੈ, ਸਾਰੇ ਕਾਰਜ ਸਿਧ ਕਰਦਾ ਹੈ ਅਤੇ ਹੰਕਾਰੀਆਂ ਦਾ ਹੰਕਾਰ ਤੋੜ ਦਿੰਦਾ ਹੈ। ਇਹ ਵਿਸ਼ਵਾਸ ਤੇ ਕ੍ਰਾਂਤੀ ਦੋਨੋਂ ਪੱਖ ਆਮੋ ਸਾਹਮਣੇ ਹਨ। ਨਿਰਗੁਣ ਭਗਤੀ ਲਹਿਰ ਦੇ ਸੰਤਾਂ-ਭਗਤਾਂ ਨੇ ਇਕ ਸਮਾਜਿਕ ਕ੍ਰਾਂਤੀ ਦੀ ਲਹਿਰ ਚਲਾਈ ਜਿਸਦਾ ਸਦਕਾ ਸਮਾਜ ਅੰਦਰ ਇਕ ਐਸੀ ਜਾਗਰਿਤੀ ਆਈ ਜਿਸ ਨੇ ਮਨੁੱਖ ਅੰਦਰ ਆਪਣੇ ਜਨਮ ਸਿਧ ਅਧਿਕਾਰਾਂ ਦਾ ਅਹਿਸਾਸ ਪੈਦਾ ਕੀਤਾ - ਨਾਮਦੇਵ ਦਾ ਸਮਾਂ-ਧਾਰਮਿਕ ਤੇ ਜਾਤੀ ਪੱਧਰ ਤੇ ਬੜਾ ਹੀ ਉਥਲ ਪੁੱਥਲ ਵਾਲਾ ਸੀ। ਭਗਤੀ ਲਹਿਰ ਦੇ ਭਗਤ ਲਗਭਗ ਸਾਰੇ ਕਿਰਤੀ ਸਨ ਕਿਰਤ ਕਾਰਨ ਕਦੀ ਵੀ ਆਪਣੇ ਆਪ ਨੂੰ ਨੀਵਾ ਨਹੀਂ ਸਨ ਸਮਝਦੇ। ਉਨ੍ਹਾਂ ਦਾ ਇਸ ਪੱਖ ਦਾ ਕਰਾਂਤੀਕਾਰੀ ਰਵੱਈਆ ਬੜਾ ਹੀ ਕਾਮਯਾਬ ਸਾਬਤ ਹੋਇਆ। ਲੋਕਾਂ ਅੰਦਰ ਜਾਤੀ ਅਭਿਮਾਨ, ਊਚ ਨੀਚ ਦਾ ਵੰਡ ਵਿਤਕਰਾ ਸ਼ੂਦਰ ਤਥਾ ਪਛੜੀ ਸ਼੍ਰੇਣੀ ਇਹ ਆਮ ਤੌਰ ਤੇ ਦੂਸਰਿਆਂ ਨੂੰ ਨੀਚਾ ਦਿਖਾਣਾ ਆਮ ਸੀ। ਭਗਤ ਬਾਣੀ ਅੰਦਰ ਇਸਦਾ ਜ਼ਿਕਰ ਮਿਲਦਾ ਹੈ। ਨਾਲ ਹੀ ਸਮਾਧਾਨ ਵੀ ਮਿਲਦਾ ਹੈ।

ਨਾਮਦੇਵ ਜੀ ਦੇ ਜੀਵਨ ਨਾਲ ਜੁੜੀਆਂ ਘਟਨਾਵਾਂ, ਦੇਖਣ ਨੂੰ ਮਿਲਦੀਆਂ ਹਨ, ਮੰਦਰ ਵਿਚ

ਭਗਤੀ ਨਾ ਕਰਨ ਦੇਣਾ, ਧਕੇ ਮਾਰ ਕੇ ਮੰਦਰ ਤੋਂ ਬਾਹਰ ਕੱਢ ਦੇਣਾ, ਮੰਦਰ ਦੇ ਪਿਛੇ ਜਾ ਕੇ ਬੈਠ ਜਾਣਾ, ਮੰਦਰ ਦਾ ਮੂੰਹ ਨਾਮਦੇਵ ਵਲ ਘੁਮ ਜਾਣਾ ਆਦਿ ਉਸ ਸਮੇਂ ਦੀਆਂ ਪ੍ਰਸਥਿਤੀਆਂ ਦਰਸਾਦੀਆਂ ਹਨ ਕਿ ਨੀਵੀਂ ਜਾਤ ਦੇ ਲੋਕਾਂ ਨੂੰ ਮੰਦਰ ਜਾਕੇ ਭਗਤੀ ਕਰਨ ਦਾ ਅਧਿਕਾਰ ਨਹੀਂ ਸੀ ਇਸ ਤਰ੍ਹਾ ਦੀਆਂ ਘਟਨਾਵਾਂ ਸਾਨੂੰ ਕਬੀਰ ਜੀ, ਰਵਿਦਾਸ ਜੀ ਦੀ ਰਚਨਾ ਤੋਂ ਵੀ ਦੇਖਣ ਨੂੰ ਮਿਲਦੀਆਂ ਹਨ। ਇਸਦੇ ਨਾਲ ਜਿਹੜਾ ਉਸਾਰੂ ਅਗਾਹਵਧੂ, ਸਰਬ ਸਾਂਝੀਵਾਲਤਾ ਦਾ ਕਦਮ-ਗੁਰੂ ਸਾਹਿਬਾਨ ਵਲੋਂ ਚੁੱਕਿਆ ਇਨਾ ਸੰਤਾਂ ਭਗਤਾਂ ਦੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਦਿੱਤੀ ਅੱਜ ਇਹ ਸੰਤ ਭਗਤ ਗੁਰਬਾਣੀ ਕਰਕੇ ਅਮਰ ਹਨ। ਨਹੀਂ ਤਾ ਇਨ੍ਹਾਂ ਨੂੰ ਕਿਸੇ ਪਹਿਚਾਣਨਾ ਨਹੀਂ ਸੀ ਅੱਜ ਗੁਰੂ ਗ੍ਰੰਥ ਅੰਦਰ ਦਰਜ ਬਾਣੀ ਕਰਕੇ ਭਗਤ ਅਮਰ ਤੇ ਸਤਿਕਾਰ ਦੇ ਪਾਤਰ ਹਨ।

ਭਗਤ ਨਾਮਦੇਵ ਜੀ ਨੇ ਜਿਥੇ ਪ੍ਰਮਾਤਮਾ ਪ੍ਰਤਿ ਰੋਸ ਪ੍ਰਗਟ ਕੀਤਾ ਕਿ ਤੇ ਭਗਤਾਂ ਨੂੰ ਧਕੇ ਮਿਲਦੇ ਹਨ ਉੱਥੇ ਨਾਲ ਹੀ ਇਹ ਵੀ ਅੰਕਤ ਹੈ ਕਿ ਭਗਤ ਨਾਮ ਦੁਆਰਾ 'ਨੀਚਾ ਤੋਂ ਊਚ ਕਰੇ' ਤੋ ਪਛੜੀਆਂ ਜਾਤੀਆਂ ਨੂੰ ਮੁਕਤੀ ਦਾ ਰਸਤਾ ਦਰਸਾਇਆ। ਭਗਤ ਬਾਣੀ ਅੰਦਰ ਦੋ ਗਲਾ ਬੜੀਆਂ ਸਪਸ਼ਟ ਹਨ। ਇਕ ਤਾਂ ਨੀਵੀ ਜਾਤ ਨੂੰ ਵੀ ਭਗਤੀ ਦਾ ਹੱਕ ਹੈ ਦੂਸਰਾ ਸ਼ੂਦਰ ਵੀ ਮੁਕਤੀ ਪ੍ਰਾਪਤ ਕਰਨ ਦਾ ਹੱਕਦਾਰ ਹੈ।

ਮੁਕਤੀ ਸਿਧਾਂਤ ਦੀ ਗਲ ਕਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਨਾਮਦੇਵ ਦਾ ਮੁਕਤੀ ਦਾ ਸੰਕਲਪ ਬੜਾ ਸਪਸ਼ਟ ਹੈ- ਨਾਮ ਸਿਮਰਨ ਤੇ ਗੁਰੂ ਦੀ ਲੋੜ ਹੈ। ਗੁਰੂ ਦਾ ਜ਼ਿਕਰ ਬਰਾਬਰ ਕੀਤਾ ਹੈ। ਵਿਦਵਾਨਾ ਨੇ ਜ਼ਿਕਰ ਕੀਤਾ ਕਿ ਨਾਮਦੇਵ ਜੀ ਨੂੰ ਪ੍ਰਮਾਤਮਾ ਦੇ 72 ਬਾਰ ਦਰਸ਼ਨ ਹੋਏ। ਨਾਮਦੇਵ ਦੀ ਛੱਪਰੀ ਬਨਾਉਣ ਵਾਲੀ ਕਹਾਣੀ ਅੰਦਰ ਪ੍ਰਮਾਤਮਾ ਪ੍ਰਤਿ ਵਿਸ਼ਵਾਸ ਇਕ ਵੱਡਾ ਆਧਾਰ ਹੈ ਪ੍ਰਮਾਤਮਾ ਤੇ ਪੂਰਨ ਭਰੋਸਾ ਦ੍ਰਿੜ ਕਰਵਾਇਆ ਹੈ। ਗੁਰਬਾਣੀ ਕਥਨ ਹੈ ਕਿ ਹਰ ਜੁਗ ਅੰਦਰ ਭਗਤਾ ਦੀ ਪੈਜ ਰਖਦਾ ਆਇਆ ਹੈ :

ਛੀਪੇ ਕੇ ਘਰਿ ਜਨਮ ਦੈਲਾ। ਗੁਰ ਉਪਦੇਸ ਭੈਲਾ.... (ਪੰ. 486)
ਸਫਲ ਜਨਮ ਕਉ ਗੁਰ ਕੀਨਾ। ਦੁਖ ਬਿਸਾਰਿ ਸੁਖ ਅੰਤਰ ਲੀਨਾ। (ਪੰ. 857)
ਨਾਮਦੇਉ ਨਾਰਾਇਨੁ ਪਾਇਆ। ਗੁਰ ਭੇਟਤ ਅਲਖ ਲਖਾਇਆ। (ਪੰ. 874)
ਨਾਮਾ ਪ੍ਰਣਵੈ ਪਰਮ ਤਤ ਹੈ ਸਤਿਗੁਰ ਹੋਇ ਲਖਾਇਆ॥ (973)

ਪ੍ਰਮਾਤਮਾ ਦਾ ਨਾਮ ਜਪਣਾ ਹੀ ਜੀਵਨ ਮਨੋਰਥ ਦੀ ਸਫਲਤਾ ਦਾ ਕਾਰਨ ਦਸਿਆ ਹੈ

ਗੁਰ ਚੇਲੇ ਹੈ ਮਨ ਮਾਨਿਆ। ਜਨ ਨਾਮੇ ਤਤ ਪਛਾਨਿਆ। (ਪੰ. 657)

ਨਾਮਦੇਵ ਬਾਣੀ ਵਿਚ ਸਦਾਚਾਰ ਦਾ ਪੱਖ ਵੀ ਬਰਾਬਰ ਦੇਖਣ ਨੂੰ ਮਿਲਦਾ ਹੈ - ਮਾਇਆ ਦੇ ਪਸਾਰੇ ਅੰਦਰ ਪ੍ਰਮਾਤਮਾ ਦੀ ਪ੍ਰਾਪਤੀ ਲਈ ਸਦਾਚਾਰ (ਸੱਚਾ- ਸੁਚਾ ਆਚਾਰ ਅਤਿ ਜ਼ਰੂਰੀ ਹੈ -

ਕਾਹੇ ਕਉ ਕੀਜੈ ਧਿਆਨ ਜਪੰਨਾ। ਜਬ ਤੇ ਸੁਧ ਨਹੀ ਮਨੁ ਆਪਨਾ। (ਪੰ. 485)

ਪ੍ਰੇਮਾ ਭਗਤੀ- ਸਦਾਚਾਰੀ ਲਈ ਜ਼ਰੂਰੀ ਹੈ ਸੰਸਾਰ 'ਚ ਰਹਿਦਿਆ- ਕਿਰਤ ਕਰਦਿਆਂ ਪ੍ਰਭੂ ਦਾ ਸਿਮਰਨ ਭੀ ਜ਼ਰੂਰੀ ਹੈ।

ਨਾਮਾ ਕਹੈ ਤ੍ਰਿਲੋਚਨਾ ਮੁੱਖ ਤੇ ਨਾਮ ਸੰਮਾਲਿ।
ਹਾਥ ਪਾਓ ਕਰਿ ਕਾਮ ਸਭ ਚੀਤੁ ਨਿਰੰਜਨ ਨਾਲਿ॥ (ਪੰ. 1375-76)

ਭਗਤ ਨਾਮ ਦੇਵ ਦੀ ਬਾਣੀ ਦੇ ਅਧਿਐਨ ਉਪਰੰਤ ਬਹੁਤ ਸਾਰੇ ਮੁਹਾਵਰੇ ਤੇ ਕਹਾਵਤਾ ਪੰਜਾਬੀ ਸਭਿਆਚਾਰ ਨਾਲ ਮੇਲ ਖਾਦੀਆਂ ਮਿਲਦੀਆਂ ਹਨ। ਭਗਤ ਜੀ ਮਹਾਰਾਸ਼ਟਰ ਤੋਂ ਚੱਲ ਕੇ

ਪ੍ਰਚਾਰ ਕਰਦੇ ਕਰਦੇ ਪੰਜਾਬ ਪਹੁੰਚੇ ਤੇ ਅੰਤਮ ਸਮਾਂ ਪੰਜਾਬ ਵਿਚ ਹੀ ਗੁਜਾਰਿਆ। ਉਨ੍ਹਾਂ ਦੀ ਯਾਦ ਵਿਚ ਪਿੰਡ ਘੁਮਾਣ ਜਿਲਾ ਗੁਰਦਾਸਪੁਰ ਵਿਚ ਕਾਇਮ ਹੈ। ਜਿਥੇ ਹਰ ਸਾਲ ਮਾਘੀ ਦੀ ਸੰਗਰਾਦ ਨੂੰ ਜੋੜ ਮੇਲਾ ਲਗਦਾ ਹੈ।

ਡਾ. ਨਵਰਤਨ ਕਪੂਰ ਜੀ ਨੇ ਆਪਣੇ ਇਕ ਪਰਚੇ ਅੰਦਰ ਕਿਹਾ ਭਗਤ ਜੀ ਨੇ ਮੁਹਾਵਰਿਆਂ ਤੇ ਕਹਾਵਤਾ ਦਾ ਭਰਪੂਰ ਵਰਣਨ ਕੀਤਾ ਹੈ - ਜੈਸੇ ਕਿ

ਓਤ ਪੋਤਿ - ਓਤਿ ਪੋਤਿ ਪ੍ਰਭੁ ਸੋਇ॥ (ਆਸਾ ਪੰ. 485)

ਆਠ ਪਹਰ - ਭਗਤਿ ਕਰਉ ਹਰਿ ਕੇ ਗੁਨ ਗਾਵਉ।
ਆਠ ਪਹਰ ਅਪਨਾ ਖਸਮੁ ਧਿਆਵਉ। (ਆਸਾ ਪੰ. 485)

**ਮੁਹਾਵਰੇ -**

ਅੰਧਲੇ ਕੀ ਲਾਕਰੀ - ਇਕੋ ਇਕ ਸਹਾਰਾ॥
ਆਲਾ ਤੇ ਨਿਵਾਰਣਾ ਜਮ ਕਾਰਨਾ।
ਹਉ ਬਲਿਹਾਰੀ - ਨਿਛਾਵਰ ਜਾਣਾ।
ਹਸਤ ਖੇਲਤ - ਹਸਦਾ ਖੇਲਦਾ
ਜਿਨਕੇ ਭੀਤਰ ਹੈ ਅੰਤਰਾ - ਦੋਗਲਾ ਪਨ
ਚਿਤ ਮਾਡੀਅਲੇ - ਚਿਤ ਵਿਚ ਸੋਭਾ ਦਾ ਅਨੁਭਵ ਹੋਣਾ
ਦਰਿ ਬਾਧੇ ਹਾਥੀ - ਸਾਹੀ ਠਾਠ ਹੋਣੇ।

**ਕਹਾਵਤਾ :-** ਲੋਕਾਂ ਵਿਚ ਪ੍ਰਚਲਤ ਪੂਰਨ ਵਾਕ ਜਿਸ ਵਿਚ ਤੱਤ ਭਰਪੂਰ ਗਲ ਹੋਵੇ ਦੀ ਵੀ ਵਰਤੋਂ ਕੀਤੀ ਹੈ :-

ਸਾਪ ਕੁੰਚ ਛੋਡੇ ਬਿਖ ਨਹੀਂ ਛਾਡੇ॥ (ਆਪਣਾ ਅਸਲ ਸੁਭਾ ਨ ਛੱਡਣਾ)

ਐਸੇ ਅਨੇਕ ਰੂਪਾ ਵਿਚ ਵਰਤੋਂ ਕੀਤੀ ਮਿਲਦੀ ਹੈ। ਹੋਰ ਵੀ ਬਹੁਤ ਸਾਰੇ ਮੁਹਾਵਰੇ ਤੇ ਕਹਾਵਤਾ ਦਾ ਡਾ. ਨਵਰਤ ਕਪੂਰਾ ਜੀ ਨੇ ਜ਼ਿਕਰ ਕੀਤਾ ਹੈ।

ਭਗਤ ਨਾਮਦੇਵ ਦੀ ਰਚਨਾ ਲਈ ਵਰਤੀ **ਸ਼ੈਲੀ** ਦੋ ਪ੍ਰਕਾਰ ਦੀ ਹੈ

**1. ਸੰਕੇਤਾਤਮਕ ਸ਼ੈਲੀ :-** ਜਦੋਂ ਪੂਰਾ ਮੁਹਾਵਰਾ ਇਕੋ ਤੁਕ ਵਿਚ ਕਹਿਣਾ ਮੁਸ਼ਕਲ ਹੁੰਦਾ ਹੈ ਤਾਂ ਸੰਕੇਤਾਤਮਕ ਸ਼ੈਲੀ ਵਰਤੀ ਜਾਂਦੀ ਹੈ :

ਉਤਰਹੁ ਪਾਰਿ/ਉਤਰੰਕ ਪਾਰਿ
ਜਿਨ ਕੇ ਭੀਤਰ ਹੈ ਅੰਤਰਾ॥

**2. ਵਿਆਖਿਆਤਮਕ ਸ਼ੈਲੀ :-** ਨਾਮਦੇਵ ਰਚਨਾ ਵਿਚ ਡਾ. ਨਵਰਤਨ ਕਪੂਰ ਜੀ ਅਨੁਸਾਰ ਭਗਤ ਜੀ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਮੁਹਾਵਰਿਆਂ ਦਾ ਅਰਥ ਸਮਝਾਉਣ ਵਿਚ ਵੀ ਸਫਲ ਹੋ ਜਾਂਦੇ ਹਨ।

ਥਾਨ ਧਨੰਤਰਿ..... ਪੂਰ ਰਹਿਓ ਤੂ ਸਰਬ ਮਾਹੀ॥

ਡਾ. ਨਵਰਤਨ ਕਪੂਰ ਜੀ ਨੇ ਭਗਤ ਨਾਮਦੇਵ ਜੀ ਦੇ ਉਪਰੋਕਤ ਵਰਣਨ ਸਾਰੇ ਪੱਖਾਂ ਤੇ ਬੜਾ ਸੁੰਦਰ ਤੇ ਸਪਸ਼ਟ ਵਰਨਣ ਕੀਤਾ ਹੈ।

ਨਾਮਦੇਵ ਜੀ ਮਹਾਰਾਸ਼ਟਰ ਦੇ ਜਮਪਲ ਸਨ ਪ੍ਰੰਤੂ - ਮਰਾਠੀ, ਸੰਸਕ੍ਰਿਤ ਤੋਂ ਇਲਾਵਾ ਉਨ੍ਹਾਂ ਦੀ ਰਚਨਾ ਵਿਚ - ਅਰਬੀ, ਫਾਰਸੀ ਤੇ ਪੰਜਾਬੀ ਦਾ ਵਰਣਨ ਬਰਾਬਰ ਮਿਲਦਾ ਹੈ ਕਿਉਂਕਿ ਉਨ੍ਹਾਂ

ਨੇ ਅੰਤਲਾ ਸਮਾ ਪੰਜਾਬ (ਘੁਮਾਣ, ਗੁਰਦਾਸਪੁਰ) ਵਿਖੇ ਗੁਜਾਰਿਆ। ਜਿੱਥੇ ਹਰ ਸਾਲ ਮਾਘੀ ਨੂੰ ਉਨਾ ਦੀ ਯਾਦ ਵਿਚ ਮੇਲਾ ਲਗਦਾ ਹੈ।

ਪੁੱਛੇ ਜਾਣ ਵਾਲੇ ਪ੍ਰਸ਼ਨ

1. ਭਗਤ ਨਾਮਦੇਵ ਬਾਣੀ-ਗੁਰਮਤ ਦੀ ਕਸਵੱਟੀ ਤੇ ਪੂਰੀ ਤਰ੍ਹਾਂ ਸਮਾਨਤਾ ਹੈ। ਸਪਸ਼ਟ ਕਰੋ।

2. ਭਗਤ ਬਾਣੀ ਦਰਜ ਕਰਨੀ ਇਕ ਮਹੱਤਵਪੂਰਨ ਕਦਮ ਸੀ ਜਿਹੜਾ -ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ (Uniqueness) ਦਾ ਇਕ ਮਹੱਤਵਪੂਰਨ ਤੱਤ ਹੈ।

3. ਨਾਮਦੇਵ ਬਾਣੀ ਅੰਦਰ ਬਿੱਠਲ ਇਕ ਖਾਸ ਸਿੱਧਾਂਤ ਹੈ। ਵਿਸਥਾਰ ਨਾਲ ਵਰਣਨ ਕਰੋ।

Type Setting :
Department of Distance Education, Punjabi University, Patiala.